# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume | Issue 76 | 21 to 27 June, 2023 | Ph.: (510) 240-5949 | Email: asrtimes@gmail.com





## ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵਿਚਾਲੇ ਵਿਵਾਦ ਮੰਦਭਾਗਾ : ਸਿੱਖ ਵਿਦਵਾਨ

ਚੰਡੀਗੜ੍ਹ/ਏ.ਟੀ.ਨਿਊਜ਼ : ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਨ ਸਬੰਧੀ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਹਮੋ- ਸਾਹਮਣੇ ਆ ਗਈਆਂ ਹਨ। ਇੱਕ ਪਾਸੇ ਪੰਜਾਬ ਵਿਧਾਨ ਸਭਾ ਨੇ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ- 2023' ਉੱਤੇ ਰਸਮੀ ਮੋਹਰ ਲਾ ਦਿੱਤੀ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਇਸ ਬਿਲ ਨੂੰ ਗੁਰਦੁਆਰਾ ਪ੍ਰਬੰਧਾਂ ਵਿੱਚ ਸਰਕਾਰੀ ਦਖ਼ਲ-ਅੰਦਾਜ਼ੀ ਦੱਸਿਆ ਹੈ। ਇਸ ਤਰਾਂ ਦੋਵਾਂ ਧਿਰਾਂ ਵਿਚਾਲੇ ਗੁਰਬਾਣੀ ਪ੍ਰਸਾਰਨ ਸਬੰਧੀ ਵਿਵਾਦ ਦਿਨੋਂ ਦਿਨ ਗਹਿਰਾ ਹੁੰਦਾ ਜਾ ਰਿਹਾ ਹੈ। ਇਸੇ ਦੌਰਾਨ ਸੂਝਵਾਨ ਸਿੱਖਾਂ ਵੱਲੋਂ ਇਸ ਵਿਵਾਦ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਨੂੰ ਆਪਣਾ ਧਾਰਮਿਕ ਚੈਨਲ ਸ਼ੁਰੂ ਕਰਨ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਗੁਰਬਾਣੀ ਪ੍ਰਸਾਰਨ ਸਬੰਧੀ ਵਿਵਾਦ ਨੂੰ ਖਤਮ ਕੀਤਾ ਜਾ ਸਕੇ। ਵੱਖ- ਵੱਖ ਸਿੱਖ ਵਿਦਵਾਨਾਂ ਅਨੁਸਾਰ ਸਿੱਖ ਪੰਥ ਪਹਿਲਾਂ ਹੀ ਕਈ ਮਸਲਿਆਂ ਨਾਲ ਜੂਝ ਰਿਹਾ ਹੈ, ਹੁਣ ਪੰਜਾਬ ਵਿਧਾਨ ਸਭਾ ਵੱਲੋਂ ਗੁਰਦੁਆਰਾ ਸੋਧ ਬਿਲ ਪਾਸ ਕਰਨ ਨਾਲ ਸ੍ਰੀ ਦਰਬਾਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਨੂੰ ਵੀ ਵੱਡਾ ਮਸਲਾ ਬਣਾ ਦਿੱਤਾ ਗਿਆ ਹੈ। ਇਸ ਮਸਲੇ ਕਾਰਨ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਪੈਦਾ ਹੋਇਆ ਤਨਾਓ ਚਿੰਤਾ ਦਾ ਵਿਸ਼ਾ ਹੈ ਅਤੇ ਆਮ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ। ਸਿੱਖ ਤਾਂ ਹੁਣ ਇਹ ਵੀ ਮੰਗ ਕਰ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਪ੍ਰਸਾਰਨ ਜਲੰਧਰ ਦੂਰਦਰਸ਼ਨ/ ਡੀ.ਡੀ.ਪੰਜਾਬੀ 'ਤੇ ਵੀ ਮੁਫ਼ਤ ਵਿੱਚ ਕਰਨਾ ਚਾਹੀਦਾ ਹੈ। ਸਿੱਖ ਆਗੂ ਕਹਿ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਇਕ ਪਰਿਵਾਰ ਦੀ ਥਾਂ ਪੂਰੇ ਸਿੱਖ ਪੰਥ ਅਨੁਸਾਰ ਆਪਣੇ ਕਾਰਜ ਕਰੇ ਅਤੇ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਲਿਆਵੇ ਤਾਂ ਕਿ ਪੰਜਾਬ ਸਰਕਾਰ ਨੂੰ ਧਾਰਮਿਕ ਮਾਮਲਿਆਂ 'ਚ ਦਖ਼ਲ-ਅੰਦਾਜ਼ੀ ਕਰਨ ਦਾ ਮੌਕਾ ਨਾ ਮਿਲੇ। ਸਿੱਖ ਚਿੰਤਕ ਕਹਿ ਰਹੇ ਹਨ ਕਿ ਇਸ ਵਿਵਾਦ ਕਾਰਨ ਕਿਤੇ ਪੰਜਾਬ ਦੇ ਸ਼ਾਂਤ ਪਏ ਪਾਣੀਆਂ ਨੂੰ ਮੁੜ ਅੱਗ ਨਾ ਲੱਗ ਜਾਵੇ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਨੇ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ- 2023' ਉੱਤੇ ਰਸਮੀ ਮੋਹਰ (**ਬਾਕੀ ਸਫ਼ਾ 29 'ਤੇ**)

## ਕੀ ਹੈ ਸਿੱਖ ਗੁਰਦੁਆਰਾ ਐਕਟ 1925 ?

ਸਿੱਖ ਗੁਰਦੁਆਰਾ ਐਕਟ 1925 ਬਹੁਤ ਮਹੱਤਤਾ ਰੱਖਦਾ ਹੈ। ਇਹ ਐਕਟ ਉਦੋਂ ਹੋਂਦ ਵਿੱਚ ਆਇਆ ਸੀ ਜਦੋਂ ਭਾਰਤ ਗੁਲਾਮ ਸੀ। ਇਸ ਐਕਟ ਦੇ ਪਾਸ ਹੋਣ ਨਾਲ ਸਿੱਖਾਂ ਦੀ ਵੱਡੀ ਜਿੱਤ ਸਮਝਿਆ ਗਿਆ ਸੀ। ਅਸਲ ਵਿੱਚ ਸਿੱਖ ਗੁਰਦੁਆਰਾ ਐਕਟ 1925 ਦਾ ਮਕਸਦ ਸਿੱਖਾਂ ਲਈ ਅਜਿਹਾ ਕਾਨੂੰਨ ਬਣਾਉਣਾ ਸੀ ਜੋ ਗੁਰਦੁਆਰਿਆਂ ਤੇ ਸਿੱਖਾਂ ਦੇ ਹਿੱਤਾਂ ਦੀ ਰੱਖਿਆ ਕਰ ਸਕੇ।

ਇਸ ਤੋਂ ਪਹਿਲਾਂ, 15 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ, ਪੰਜਾਬ ਅਤੇ ਸਿੱਖ ਇਤਿਹਾਸ ਲਈ ਅਹਿਮ ਅਤੇ ਡੂੰਘਾ ਪ੍ਰਭਾਵ ਪਾਉਣ ਵਾਲੀ ਘਟਨਾ ਸੀ।

ਇਸ ਐਕਟ ਦੇ ਬਣਨ ਤੋਂ ਬਾਅਦ ਸਿੱਖਾਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਗੁਰਦੁਆਰੇ ਛੁਡਵਾਉਣ ਲਈ ਰਾਹ ਪੱਧਰਾ ਹੋ ਗਿਆ। ਉਨ੍ਹਾਂ ਸਮਿਆਂ ਵਿੱਚ ਪੰਜਾਬ ਅਤੇ ਇਸ ਤੋਂ ਬਾਹਰ ਬਹੁਤ ਸਾਰੇ ਇਤਿਹਾਸਕ ਸਿੱਖ ਗੁਰਦੁਆਰੇ ਮਹੰਤਾ ਦੇ ਕਬਜ਼ੇ ਵਿੱਚ ਆ ਗਏ। ਕੁਝ ਮਹੰਤ ਉਸ ਪੁਜਾਰੀ ਸ਼੍ਰੇਣੀ ਨਾਲ ਸਬੰਧਿਤ ਸਨ, ਜੋ ਗੁਰੂਆਂ ਦੇ ਫ਼ਲਸਫ਼ੇ ਤੋਂ ਕੋਹਾਂ ਦੂਰ ਸਨ । ਇਸ ਕਾਰਨ ਅਜਿਹੇ ਮਹੰਤਾ ਖ਼ਿਲਾਫ਼ ਸਿੱਖਾਂ 'ਚ ਰੋਸ ਪੈਦਾ ਹੋ ਰਿਹਾ ਸੀ। ਸਿੱਖਾਂ ਦੀ ਅਗਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਿਆਂ ਦੇ ਕਬਜ਼ੇ ਲਈ ਲੰਬੀ ਲੜਾਈ ਲੜਨੀ ਪਈ ਸੀ।

ਅੰਤ ਵਿੱਚ ਬਰਤਾਨਵੀਂ ਸਰਕਾਰ ਨੂੰ 1925 ਵਿੱਚ ਗੁਰਦੁਆਰਾ ਐਕਟ ਪਾਸ ਕਰਨਾ ਪਿਆ, ਜਿਸ ਨੇ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਸਿੱਖ ਕੰਟਰੋਲ ਨੂੰ ਮਾਨਤਾ ਦਿੱਤੀ। ਅੱਜ ਦੇ ਸਮੇਂ ਵਿੱਚ ਵੀ ਇਸ ਗੁਰਦੁਆਰਾ ਐਕਟ ਦੀ ਪੂਰੀ ਮਹੱਤਤਾ ਹੈ।

## ਸ਼੍ਰੋਮਣੀ ਕਮੇਟੀ ਦੇ ਮਾਮਲਿਆਂ 'ਚ ਦਖ਼ਲ ਅੰਦਾਜ਼ੀ ਨਾ ਕਰੇ ਸਰਕਾਰ : ਜਥੇ. ਗਿ. ਰਘਬੀਰ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਪ੍ਰਸਾਰਨ ਬਾਰੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਮਤਾ ਪਾਸ ਕੀਤੇ ਜਾਣ ਦੇ ਮਾਮਲੇ ਵਿੱਚ ਸਰਕਾਰ ਨੂੰ ਆਖਿਆ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਨਾ ਕਰੇ। ਇਸ ਸਬੰਧੀ ਇਕ ਬਿਆਨ ਰਾਹੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਇਸ ਮਾਮਲੇ ਵਿੱਚ ਸਰਕਾਰ ਦੀ ਕਾਰਵਾਈ ਸਿੱਖ ਪੰਥ ਵਿੱਚ ਦੁਬਿਧਾ ਪੈਦਾ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਬਾਰੇ ਵਿਧਾਨ ਸਭਾ ਵਿੱਚ ਮਤਾ ਪਾਸ (**ਬਾਕੀ ਸਫ਼ਾ 30 'ਤੇ**)

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਇਜਲਾਸ 26 ਜੂਨ ਨੂੰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਸਿੱਖ ਗੁਰਦੁਆਰਾ ਸੋਧ ਬਿੱਲ 2023 ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ 103 ਸਾਲਾਂ ਦੇ ਸ਼੍ਰੋਮਣੀ ਕਮੇਟੀ ਇਤਿਹਾਸ ਅੰਦਰ ਇਹ ਦਿਨ ਕਾਲੇ ਅੱਖਰਾਂ ਵਿੱਚ ਯਾਦ ਕੀਤਾ ਜਾਵੇਗਾ, ਜਦੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲ-ਅੰਦਾਜ਼ੀ ਕਰਕੇ ਗੈਰ-ਸੰਵਿਧਾਨਕ ਬਿੱਲ ਪਾਸ ਕੀਤਾ ਗਿਆ।

ਇਸ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਸਿੱਖ ਵਿਰੋਧੀ ਹਰਕਤ ਦਾ ਹਰ ਪੱਧਰ 'ਤੇ ਜਵਾਬ ਦਿੱਤਾ ਜਾਵੇਗਾ, ਜਿਸ ਦੀ ਰੂਪ ਰੇਖਾ ਤੈਅ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ 26 ਜੂਨ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦਿਆ ਗਿਆ ਹੈ।



## ਖ਼ਾਲਸਾ ਪੰਥ ਅਤੇ ਸਿੱਖ ਗੁਰਧਾਮਾਂ 'ਤੇ ਸਰਕਾਰੀ ਹੱਲਾ : ਸੁਖਬੀਰ ਬਾਦਲ

ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਹੈ ਕਿ ਕੇਜਰੀਵਾਲ ਦੀ 'ਆਪ ਸਰਕਾਰ' ਦੇ ਮੁੱਖ ਮੰਤਰੀ ਦਾ ਪਾਵਨ ਸਿੱਖ ਗੁਰਬਾਣੀ ਸੰਬੰਧੀ ਐਲਾਨ ਸਿੱਧਾ ਸਿੱਧਾ ਖਾਲਸਾ ਪੰਥ ਅਤੇ ਸਿੱਖ ਗੁਰਧਾਮਾਂ ਉੱਤੇ ਸਰਕਾਰੀ ਹੱਲਾ ਹੈ। ਇਹ ਘਿਨਾਉਣਾ ਫ਼ੈਸਲਾ ਸਿੱਖ ਸੰਗਤ ਕੋਲੋਂ ਗੁਰਬਾਣੀ ਪ੍ਰਚਾਰ ਦਾ ਹੱਕ ਖੋਹ ਕੇ ਗੁਰਧਾਮਾਂ ਦੇ ਸੰਭਾਲ ਸਰਕਾਰੀ ਕਬਜ਼ੇ ਵਿਚ ਲੈਣ ਵੱਲ ਪਹਿਲਾ ਖ਼ਤਰਨਾਕ ਅਤੇ ਹਿਮਾਕਤ ਭਰਿਆ ਕਦਮ ਹੈ। ਇਸ ਫੈਸਲੇ ਨੇ ਸ੍ਰੀ ਹਰਮੰਦਿਰ ਸਾਹਿਬ ਉੱਤੇ ਮੁਗਲਾਂ, ਅੰਗਰੇਜ਼ਾਂ ਤੇ ਇੰਦਰਾ ਗਾਂਧੀ ਦੇ ਜਬਰ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਪਰ ਖਾਲਸਾ ਪੰਥ ਇਸ ਦਾ ਮੂੰਹ ਤੋੜ ਜਵਾਬ ਦੇਵੇਗਾ। (**ਬਾਕੀ ਸਫ਼ਾ 30 'ਤੇ**)

# ਸਿੱਖ ਕੌਮ ਨੂੰ ਨਵਾਂ ਰਾਹ ਦਿਖਾਏਗੀ ਸੰਘਰਸ਼ਸ਼ੀਲ ਸਿੱਖ ਯੋਧਿਆਂ ਦੀ ਸ਼ਹਾਦਤ

## ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ, ਉਹ ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਨ ਸਵਾਏ ਹੋਏ



ਪੰਜਾਬ 'ਚ ਹੀਰ- ਰਾਂਝਾ, ਮਿਰਜ਼ਾ-ਸਾਹਿਬਾ ਤੇ ਹੋਰ ਪ੍ਰਚਲਿਤ ਪ੍ਰੀਤ ਕਹਾਣੀਆਂ ਦਾ ਕੋਈ ਵੀ ਪਾਤਰ ਸਿੱਖ ਨਹੀਂ, ਕਿਉਂਕਿ ਸਿੱਖ ਨੌਜਵਾਨ ਦੁਨਿਆਵੀ ਇਸ਼ਕ ਕਰਨ ਦੀ ਥਾਂ ਸਿੱਧਾ ਅਕਾਲ ਪੁਰਖ ਪਰਮਾਤਮਾ ਨੂੰ ਸਮਰਪਿਤ ਹੁੰਦੇ ਹਨ ਅਤੇ ਮੌਤ ਨੂੰ ਲਾੜੀ ਸਮਝਕੇ ਸਿੱਖ ਸੰਘਰਸ਼ 'ਚ ਮੋਹਰੀ ਭੂਮਿਕਾ ਨਿਭਾਅ ਕੇ ਸ਼ਹੀਦੀਆਂ ਪ੍ਰਾਪਤ ਕਰਦੇ ਹਨ। ਇਸ ਤਰਾਂ ਇਸ਼ਕ ਤਾਂ ਸਿੱਖ ਨੌਜਵਾਨ ਵੀ ਕਰਦੇ ਹਨ, ਪਰ ਉਹਨਾਂ ਦਾ ਇਸ਼ਕ ਆਪਣੇ ਧਰਮ ਨਾਲ ਅਤੇ ਸਿੱਖ ਸੰਘਰਸ਼ ਨਾਲ ਹੁੰਦਾ ਹੈ। ਮੌਤ ਨੂੰ ਲਾੜੀ ਸਮਝਣ ਵਾਲੇ ਸਿੱਖ ਸੂਰਬੀਰ ਯੋਧਿਆਂ ਦੇ ਕਈ ਹਜ਼ਾਰ ਜਾਂਝੀ ਹੁੰਦੇ ਹਨ, ਜੋ ਕਿ ਉਹਨਾਂ ਦੇ ਸੰਘਰਸ਼ ਵਿੱਚ ਹਰ ਤਰਾਂ ਦਾ ਯੋਗਦਾਨ ਪਾਉਂਦੇ ਹਨ। ਪਿਛਲੇ ਦਿਨਾਂ ਦੌਰਾਨ ਸਿੱਖ ਪੰਥ ਦੇ ਸੂਝਵਾਨ ਆਗੂ ਅਤੇ ਸਿੱਖ ਸੰਘਰਸ਼ 'ਚ ਅਹਿਮ ਯੋਗਦਾਨ ਪਾਉਣ ਵਾਲੇ ਭਾਈ ਪਰਮਜੀਤ ਸਿੰਘ ਪੰਜਵੜ ਦੀ ਸ਼ਹਾਦਤ, ਸਿੱਖ ਕੌਮ ਦੇ ਜੁਝਾਰੂ ਸਿੰਘ ਭਾਈ ਅਵਤਾਰ ਸਿੰਘ ਖੰਡਾ ਦੇ ਅਕਾਲ ਚਲਾਣੇ ਅਤੇ ਕੈਨੇਡਾ 'ਚ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਨਾਲ ਸਿੱਖ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਹਨਾਂ ਮਹਾਨ ਸਿੱਖ ਯੋਧਿਆਂ ਦੇ ਨਾਲ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਉਹਨਾਂ ਹਜ਼ਾਰਾਂ ਸਿੰਘ ਸਿੰਘਣੀਆਂ ਨੂੰ ਵੀ ਸਿਜਦਾ ਕਰਨਾ ਬਣਦਾ ਹੈ ਜਿਹਨਾਂ ਨੇ ਸਿੱਖ ਧਰਮ ਅਤੇ ਖ਼ਾਲਸਾ ਪੰਥ ਲਈ ਆਪਣੀ ਜਿੰਦਗੀ, ਪਰਿਵਾਰ ਅਤੇ ਹੋਰ ਸਭ ਕੁੱਝ ਕੁਰਬਾਨ ਕਰ ਦਿੱਤਾ।

ਸਿੱਖ ਧਰਮ ਦਾ ਇਤਿਹਾਸ ਬਹੁਤ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਸਿੱਖਾਂ ਨੂੰ ਪਹਿਲਾਂ ਮੁਗਲਾਂ ਦੇ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ, ਫਿਰ 80 ਅਤੇ 90 ਦੇ ਦਹਾਕਿਆਂ ਦੌਰਾਨ ਹਕੂਮਤ ਅਤੇ ਪੁਲਿਸ ਵੱਲੋਂ ਚਲਾਏ ਗਏ ਦਮਨ ਚੱਕਰ ਦਾ ਸ਼ਿਕਾਰ ਹਜ਼ਾਰਾਂ ਦੀ ਗਿਣਤੀ 'ਚ ਸਿੱਖ ਨੌਜਵਾਨ ਹੋਏ, ਜਿਹੜੇ ਕਿ ਬੇਕਸੂਰ ਸਨ। ਉਸ ਸਮੇਂ ਸੁਰਖਿਆ ਦਸਤਿਆਂ ਨੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਗਾਇਬ ਕਰ ਦਿੱਤਾ ਜਾਂ ਅਣਪਛਾਤੀਆਂ ਲਾਸ਼ਾਂ ਬਣਾ ਦਿੱਤਾ। ਫਿਰ ਇਹਨਾਂ ਲਾਵਾਰਸ ਲਾਸ਼ਾਂ ਦੀ ਗਿਣਤੀ ਕਰਨ ਵਾਲੇ ਸਿੱਖ ਯੋਧੇ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਵੀ ਲਾਸ਼ ਬਣਾ ਦਿੱਤਾ। ਅੱਜ ਦੇ ਸਮੇਂ ਅੰਮ੍ਰਿਤਪਾਲ ਅਪ੍ਰੇਸ਼ਨ ਦਾ ਬਹਾਨਾ ਲਗਾ ਕੇ ਸਰਕਾਰ ਅਤੇ ਪੁਲਿਸ ਪਹਿਲਾਂ ਵਾਲੇ ਹਥਕੰਡਿਆਂ 'ਤੇ ਮੁੜ ਉਤਰ ਆਈ। ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਨਾਂਅ 'ਤੇ ਅਤੇ ਉਸ ਦੇ ਸਾਥੀ ਕਹਿ ਕੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਅਤੇ ਸੈਂਕੜੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਤੋਂ ਸਿੱਖਾਂ ਨੂੰ ਅਹਿਸਾਸ ਹੋਇਆ ਕਿ ਆਜ਼ਾਦ ਮੁਲਕ ਭਾਰਤ 'ਚ ਅਜੇ ਵੀ ਉਹ ਗੁਲਾਮ ਹਨ। ਇਥੋਂ ਤਕ ਕਿ ਪੰਜਾਬ ਪੁਲਿਸ ਵੱਲੋਂ ਜੁਝਾਰੂ ਸਿੰਘ ਭਾਈ ਅਵਤਾਰ ਸਿੰਘ ਖੰਡਾ ਦੇ ਮਾਤਾ ਜੀ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਵੀ ਹਿਰਾਸਤ 'ਚ ਲੈ ਕੇ ਤੰਗ ਪ੍ਰੇਸ਼ਾਨ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਸਿੱਖ ਯੋਧਿਆਂ ਦੇ ਪਰਿਵਾਰਾਂ ਨੂੰ ਵੀ ਪੁਲਿਸ ਵੱਲੋਂ ਬਿਨਾਂ ਕਿਸੇ ਕਾਰਨ ਤੰਗ ਪ੍ਰੇਸ਼ਾਨ ਕੀਤਾ ਗਿਆ, ਜਿਸ ਕਾਰਨ ਦੁਨੀਆਂ ਭਰ ਦੇ ਸਿੱਖਾਂ 'ਚ ਰੋਸ ਫੈਲ ਗਿਆ। ਅਨੇਕਾਂ ਸਿੱਖ ਆਗੂ ਕਹਿੰਦੇ ਹਨ ਕਿ ਸੰਘਰਸ਼ਸ਼ੀਲ ਸਿੱਖ ਯੋਧੇ ਇਕੱਲੇ ਨਹੀਂ ਹਨ ਸਗੋਂ ਪੂਰਾ ਪੰਥ ਉਹਨਾਂ ਦੇ ਨਾਲ ਹੈ। ਇਥੋਂ ਤਕ ਕਿ ਗ੍ਰਹਿਸਤ ਜੀਵਨ ਭੋਗਦੇ ਹੋਏ ਅਤੇ ਘਰ ਦਾ ਖਰਚਾ ਚਲਾਉਣ ਲਈ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਕਰਨ ਵਾਲੇ ਆਮ ਸਿੱਖ ਵੀ ਦਿਲੋਂ ਸੰਘਰਸ਼ਸ਼ੀਲ ਯੋਧਿਆਂ ਪ੍ਰਤੀ ਹਮਦਰਦੀ ਰਖਦੇ ਹਨ, ਭਾਵੇਂ ਕਿ ਉਹ ਖੁੱਲ੍ਹ ਕੇ ਸਿੱਖ ਯੋਧਿਆਂ ਦਾ ਸਮਰਥਨ ਨਹੀਂ ਕਰਦੇ, ਪਰ ਉਹਨਾਂ ਦੀ ਮੂਕ ਸਹਿਮਤੀ ਸੰਘਰਸ਼ਸ਼ੀਲ ਯੋਧਿਆਂ ਨਾਲ ਹੁੰਦੀ ਹੈ। ਸਿੱਖ ਦੁਨੀਆਂ 'ਚ ਕਿਸੇ ਵੀ ਦੇਸ਼ 'ਚ ਰਹਿੰਦੇ ਹੋਣ, ਉਹਨਾਂ ਦੇ ਪੇਕੇ ਪੰਜਾਬ 'ਚ ਹੀ ਹੁੰਦੇ ਹਨ ਅਤੇ ਉਹ ਹਰ ਸਮੇਂ ਪੰਜਾਬ ਦਾ ਭਲਾ ਲੋਚਦੇ ਹਨ। ਸਿੱਖ ਆਗੂ ਕਹਿੰਦੇ ਹਨ ਕਿ ਹਕੂਮਤਾਂ ਨੇ ਪਹਿਲਾਂ ਵੀ ਸਿੱਖਾਂ ਨੂੰ ਦਬਾਉਣ ਅਤੇ ਮਾਰ ਮੁਕਾਉਣ ਦਾ ਯਤਨ ਕੀਤਾ ਹੈ, ਜਿਸ ਵਿੱਚ ਸਮੇਂ ਦੀਆਂ ਹਕੂਮਤਾਂ ਅਜੇ ਤੱਕ ਸਫ਼ਲ ਨਹੀਂ ਹੋਈਆਂ। ਹੁਣ ਵੀ ਕੋਈ ਵੀ ਹਕੂਮਤ ਸਿੱਖਾਂ ਨੂੰ ਦਬਾਅ ਨਹੀਂ ਸਕਦੀ।



## ਸਿੱਖ ਕੌਮ ਦੇ ਜੁਝਾਰੂ ਸਿੰਘ ਭਾਈ ਅਵਤਾਰ ਸਿੰਘ ਖੰਡਾ ਨਹੀਂ ਰਹੇ



ਚੰਡੀਗੜ੍ਹ/ਏ.ਟੀ.ਨਿਊਜ਼: ਭਾਈ ਅਵਤਾਰ ਸਿੰਘ ਖੰਡਾ ਸਪੁੱਤਰ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਸਿੱਖ ਕੌਮ ਦਾ ਜੁਝਾਰੂ ਯੋਧਾ ਇੰਗਲੈਂਡ ਦੀ ਧਰਤੀ ਤੇ ਕਿਰਤ ਕਮਾਈ ਕਰਦਾ ਹੋਇਆ ਕੌਮੀ ਕਾਰਜਾਂ, ਕੌਮੀ ਘਰ ਦੀ ਪ੍ਰਾਪਤੀ ਲਈ ਹਮੇਸ਼ਾ ਯਤਨਸ਼ੀਲ ਰਹਿਣ ਵਾਲਾ ਸਿੱਖ ਨੌਜਵਾਨ ਪੰਥ ਅਤੇ ਪਰਿਵਾਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਿਆ ।

ਸਿੱਖ ਪੰਚਾਇਤ ਵੱਲੋਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਾਂਦੀ ਹੈ, ਕਿ ਹਰ ਪਲ ਕੌਮੀ ਘਰ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣ ਵਾਲੇ ਨੌਜਵਾਨ ਸਿੱਖ ਆਗੂ ਭਾਈ ਅਵਤਾਰ ਸਿੰਘ ਖੰਡਾ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣ ।ਇਸ ਦੁੱਖ ਦੀ ਘੜੀ ਵਿੱਚ ਬ੍ਰਿਟਿਸ਼ ਸਿੱਖ ਕੌਂਸਲ ਦੇ ਮੁੱਖ ਜਥੇਦਾਰ ਭਾਈ ਤਰਸੇਮ ਸਿੰਘ ਦਿਓਲ ਨੇ ਕਿਹਾ ਕਿ ਭਾਈ ਅਵਤਾਰ ਸਿੰਘ ਖੰਡਾ ਦੇ ਪਿਤਾ ਨੇ ਆਪਣਾ ਜੀਵਨ ਕੌਮ ਤੋਂ ਨਿਛਾਵਰ ਕਰ ਦਿੱਤਾ । ਮਾਤਾ ਨੇ ਅੱਜ ਤੱਕ ਪੁਲਿਸ ਦੇ ਤਸੀਹੇ ਸਹੇ । ਭਾਈ ਅਵਤਾਰ ਸਿੰਘ ਖੰਡਾ ਯੂ ਕੇ ਦੇ ਨੌਜਵਾਨਾਂ ਦੇ ਅੱਗੇ ਹੋ ਕੇ ਸੇਵਾ ਕਰਨ ਵਾਲਾ, ਹਮੇਸ਼ਾ ਸਿੱਖ ਕੌਮ ਵਾਸਤੇ ਕੁਰਬਾਨੀ ਤੱਕ ਕਰਨ ਵਾਸਤੇ ਤਤਪਰ ਰਹਿਣ ਵਾਲਾ ਅੱਜ ਸਾਡੇ ਵਿੱਚ ਨਹੀਂ ਰਿਹਾ ।ਉਹਨਾਂ ਕਿਹਾ ਕਿ ਉਸ ਨੇ ਜਦੋਂ ਵੀ ਮਿਲਣਾ ਜੱਫੀ ਪਾ ਕੇ ਬਹੁਤ ਹੀ ਪਿਆਰ ਨਾਲ ਮਿਲਣਾ । ਬਹੁਤ ਹੀ ਹੋਣਹਾਰ ਸਿੱਖ ਕੌਮ ਦਾ ਹੀਰਾ ਸੀ । ਉਹਨਾਂ ਕਿਹਾ ਕਿ ਅਜੇ ਪਿਛਲੇ ਹਫਤੇ ਉਸ ਦੀ ਗ੍ਰਹਿਸਤੀ ਜੀਵਨ ਵਾਸਤੇ ਮਨ ਹੀ ਮਨ ਵਿੱਚ ਮੈ ਚਿੰਤਤ ਸੀ ਪਰ ਪਤਾ ਨਹੀਂ ਸੀ , ਉਸ ਦਾ ਵਿਆਹ ਲਾੜੀ ਮੌਤ ਨਾਲ ਤਹਿ ਹੋ ਚੁੱਕਾ ਸੀ । ਖੰਡਾ ਸਾਹਿਬ ਦਾ ਪੂਰਾ ਹੋਣਾ ਇਕ ਸਰੀਰਕ ਬਿਮਾਰੀ ਸੀ ਜਿਸ ਦਾ ਅਚਨਚੇਤ ਪਤਾ ਲੱਗਾ । ਜਿਸ ਦੇ ਇਲਾਜ ਤੋਂ ਬਹੁਤ ਦੇਰੀ ਹੋ ਚੁੱਕੀ ਸੀ । ਸਿੱਖ ਕੌਮ ਉਨ੍ਹਾਂ ਨੂੰ ਹਮੇਸ਼ਾ ਆਪਣੇ ਚੇਤਿਆਂ ਦੇ ਭਾਗ ਦਾ ਹਿਸਾ ਬਣਾ ਕੇ ਰੱਖੇਗੀ।

ਦੱਸਣਯੋਗ ਹੈ ਕਿ ਇੰਗਲੈਂਡ ਵਾਸੀ ਸਿੱਖ ਨੌਜਵਾਨ ਸ੍ਰ. ਅਵਤਾਰ ਸਿੰਘ ਖੰਡਾ ਪਿਛਲੇ ਕੁਝ ਦਿਨ ਤੋਂ ਆਈਸੀਯੂ 'ਚ ਸਨ। ਜਾਣਕਾਰੀ ਮੁਤਾਬਕ ਉਹਨਾਂ ਦੇ ਵਾਈਟ ਸੈੱਲ ਵਧੇ ਸਨ ਤੇ (ਬਾਕੀ ਸਫ਼ਾ 29 'ਤੇ)

## ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਦੇ ਕਾਰਨਾਂ ਦੀ ਸਹੀ ਜਾਂਚ ਕਰਵਾਉਣ ਦੀ ਮੰਗ

ਭਾਈ ਅਵਤਾਰ ਸਿੰਘ ਖੰਡਾ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਦੇ ਭੁਝੰਗੀ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਖੁਖਰਾਣਾ ਦੇ ਭਤੀਜੇ ਸਨ। ਉਹ ਬੀਤੇ ਦਿਨੀਂ ਇੰਗਲੈਂਡ ਵਿੱਚ ਅਕਾਲ ਚਲਾਣਾ ਕਰ ਗਏ, ਭਾਰਤੀ ਸਰਕਾਰ ਦੁਆਰਾ ਸਿੱਖਾਂ ਨਾਲ ਕੀਤੇ ਜਾ ਰਹੇ ਤਸ਼ੱਦਦ ਖਿਲਾਫ ਉਹ ਖੁਲਕੇ ਬੋਲਦੇ ਸਨ ਤੇ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਸਮਰਥਕ ਸਨ ਅਤੇ ਆਖਰੀ ਸਾਹਾਂ ਤੱਕ ਖਾਲਿਸਤਾਨ ਲਈ ਸੰਘਰਸ਼ ਕਰਦੇ ਰਹੇ।

ਉਹਨਾਂ ਨੇ ਅਪਣੇ ਆਖਰੀ ਸਮੇਂ ਵਿੱਚ ਵੀ ਕੌਮ ਲਈ ਚੜ੍ਹਦੀ ਕਲਾ ਦਾ ਸੁਨੇਹਾ ਦਿਤਾ। ਉਹਨਾਂ ਕਿਹਾ, " ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ! ਸਾਰੇ ਚੜ੍ਹਦੀ ਕਲਾ ਵਿੱਚ ਰਹਿਓ, ਮਹਾਰਾਜ ਦੇ ਭਾਣੇ ਅੰਦਰ, ਆਪਾਂ ਵੀ ਚੜ੍ਹਦੀ ਕਲਾ 'ਚ ਆਂ, ਪੰਥ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖਿਓ ਕਿਸੇ ਪਾਸਿਓਂ ਆਪਾਂ ਡੋਲਣਾ ਨੀ, ਬੰਦੇ ਆਉਂਦੇ ਜਾਂਦੇ ਰਹਿੰਦੇ ਨੇ, ਮਹਾਰਾਜ ਆਪੇ.....ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ! ਖਾਲਿਸਤਾਨ ਜਿੰਦਾਬਾਦ"ਉਹਨਾਂ ਦੇ ਪਰਿਵਾਰ ਨੇੜਲੇ ਸਿੰਘਾਂ ਦਾ ਕਹਿਣਾ ਹੈ ਕਿ ਭਾਈ ਸਾਹਿਬ ਨੂੰ ਖ਼ੂਨ ਦਾ ਕੈਂਸਰ ਸੀ ਤੇ ਹਸਪਤਾਲ ਵਿੱਚ ਇਲਾਜ ਚਲ ਰਿਹਾ ਸੀ। ਗੁਰੂ ਸਾਹਿਬ ਭਾਈ ਸਾਹਿਬ ਨੂੰ ਅਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਕੌਮ ਨੂੰ ਚੜ੍ਹਦੀ ਕਲਾ ਵਿੱਚ ਅਪਣੇ ਆਜ਼ਾਦ ਦੇਸ਼ ਖਾਲਿਸਤਾਨ ਦੀ ਪ੍ਰਾਪਤੀ ਤਕ ਜੰਗ ਲੜਨ ਦਾ ਬਲ ਬਖਸ਼ਣ। ਸਾਡੇ ਵੱਲੋਂ ਇੰਗਲੈਂਡ ਦੇ ਸਿੱਖਾਂ ਨੂੰ ਵੀ ਬੇਨਤੀ ਹੈ ਕਿ ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਦੇ ਕਾਰਨਾਂ ਦੀ ਸਹੀ ਜਾਂਚ ਕਰਵਾਈ ਜਾਵੇ ਅਤੇ ਜੋ ਵੀ ਨਤੀਜੇ ਹੋਣ ਓਹੋ ਹੀ ਜਨਤਕ ਕੀਤੇ ਜਾਣ।

## ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਯਤਨਸ਼ੀਲ ਸਨ ਭਾਈ ਅਵਤਾਰ ਸਿੰਘ ਖੰਡਾ : ਸਿੱਖ ਕੌਂਸਲ ਯੂ.ਕੇ

ਸਿੱਖ ਕੌਂਸਲ ਯੂ.ਕੇ ਦੇ ਸਹਾਇਕ ਬੁਲਾਰੇ ਮਨਮਗਨ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਭਾਈ ਅਵਤਾਰ ਸਿੰਘ ਖੰਡਾ ਦੇ ਬੇਵਕਤੀ ਦੇਹਾਂਤ ਦੀ ਦਿਲ ਦਹਿਲਾ ਦੇਣ ਵਾਲੀ ਖਬਰ ਨਾਲ ਦੁਨੀਆਂ ਭਰ ਦਾ ਸਿੱਖ ਭਾਈਚਾਰਾ ਜਾਗ ਰਿਹਾ ਹੈ। ਇਹ ਖ਼ਬਰ ਬਹੁਤ ਸਾਰੇ ਲੋਕਾਂ ਲਈ ਇੱਕ ਜ਼ਬਰਦਸਤ ਸਦਮੇ ਅਤੇ ਪੂਰੀ ਤਰ੍ਹਾਂ ਹੈਰਾਨੀ ਵਾਲੀ ਹੈ, ਕਿਉਂਕਿ ਉਸ ਨੂੰ ਹਾਲ ਹੀ ਵਿੱਚ 4 ਜੂਨ ਨੂੰ ਟਰਾਫਲਗਰ ਸਕੁਏਅਰ ਵਿੱਚ 1984 ਦੀ ਯਾਦਗਾਰੀ ਰੈਲੀ ਦੌਰਾਨ ਸਿੱਖ ਸੰਗਤ ਦੇ ਬਹੁਤ ਸਾਰੇ ਮੈਂਬਰਾਂ ਦੁਆਰਾ ਚੰਗੀ ਸਿਹਤ ਵਿੱਚ ਦੇਖਿਆ ਗਿਆ ਸੀ। ਉਸ ਸਮਾਗਮ ਵਿੱਚ ਭਾਈ ਅਵਤਾਰ ਸਿੰਘ ਟੀ.ਵੀ. ਚੈਨਲ ਪੀ.ਬੀ.ਸੀ. ਲਈ ਪ੍ਰਸਾਰਣ ਕਰ ਰਹੇ ਸਨ।

ਉਹਨਾਂ ਕਿਹਾ ਕਿ ਭਾਈ ਅਵਤਾਰ ਸਿੰਘ ਸਿੱਖ ਮਨੁੱਖੀ ਅਧਿਕਾਰਾਂ ਲਈ ਇੱਕ ਬਹੁਤ ਹੀ ਸਰਗਰਮ ਕਾਰਕੁੰਨ ਸਨ ( ਖਾਸ ਤੌਰ 'ਤੇ ਪਿਛਲੇ ਸਮੇਂ ਵਿੱਚ ਕੇਟੀਵੀ ਅਤੇ ਹੁਣ ਪੀਬੀਸੀ ਵਿੱਚ ਟੈਲੀਵਿਜ਼ਨ ਪ੍ਰੋਗਰਾਮਾਂ ਵਿੱਚ ਆਪਣੀ ਸ਼ਮੂਲੀਅਤ ਦੁਆਰਾ। ) ਉਸਨੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਜਾਣੂ ਹੋਣ ਵਾਲੇ ਸ਼ੋਅ ਬਣਾਉਣ ਲਈ ਸਮਰਪਿਤ ਕੀਤਾ ਜੋ ਭਾਰਤੀ ਰਾਜ ਦੁਆਰਾ ਘੱਟ ਗਿਣਤੀਆਂ ਦੇ ਵਿਰੁੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਪ੍ਰਭਾਵਸ਼ਾਲੀ ਸਬੂਤ ਪੇਸ਼ ਕਰਦੇ ਹਨ। ਹਾਲ ਹੀ ਵਿੱਚ, ਉਸਨੇ ਆਪਣੀ ਮਾਂ ਅਤੇ ਭੈਣ ਦੀ ਰਿਹਾਈ ਲਈ ਸਫਲਤਾਪੂਰਵਕ ਮੁਹਿੰਮ ਚਲਾਈ, ਜਿਨ੍ਹਾਂ ਨੂੰ ਪੰਜਾਬ ਵਿੱਚ ਗਲਤ ਤਰੀਕੇ ਨਾਲ ਕੈਦ ਕੀਤਾ ਗਿਆ ਸੀ। ਭਾਈ ਅਵਤਾਰ ਸਿੰਘ ਨੇ ਨਿਡਰਤਾ ਨਾਲ ਸਿੱਖ-ਸਬੰਧਤ ਮੁੱਦਿਆਂ ਦੀ ਪੈਰਵੀ ਕੀਤੀ ਅਤੇ ਪ੍ਰਵਾਸੀ ਲੋਕਾਂ ਦੇ ਧਿਆਨ ਵਿੱਚ ਲਿਆਉਣ ਤੋਂ ਕਦੇ ਵੀ ਝਿਜਕਿਆ ਨਹੀਂ। ਉਹਨਾਂ ਕਿਹਾ ਕਿ ਇਸ ਦੁਖਦਾਈ ਘਟਨਾ ਦੇ ਅਚਨਚੇਤ ਰੂਪ ਨੂੰ ਦੇਖਦੇ ਹੋਏ ਸਮੁੱਚੀ ਸਿੱਖ ਕੌਮ ਲਈ ਇਹ ਤਸੱਲੀ (ਬਾਕੀ ਸਫ਼ਾ 29 'ਤੇ)

## ਪਰਿਵਾਰ ਤੇ ਜਥੇਬੰਦੀਆਂ ਨੇ ਸਿੱਖ ਵਿਰੋਧੀ ਏਜੰਸੀਆਂ ਵੱਲੋਂ ਜ਼ਹਿਰ ਦੇਣ ਦਾ ਸ਼ੱਕ ਪ੍ਰਗਟਾਇਆ

### ਪੰਥਕ ਹਲਕਿਆਂ 'ਚ ਜਾਂਚ ਕਰਨ ਦੀ ਮੰਗ ਉੱਠੀ ਕਿ ਆਖ਼ਰ ਭਾਈ ਖੰਡੇ ਦੇ ਸਰੀਰ 'ਚ ਜ਼ਹਿਰ ਕਿਵੇਂ ਫੈਲਿਆ ?



ਯੂ.ਕੇ. ਵਿੱਚ ਬੀਤੇ ਹਫਤੇ ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਹੋ ਗਈ ਸੀ। ਭਾਈ ਖੰਡਾ ਦੀ ਮੌਤ ਕਿਵੇਂ ਹੋਈ, ਇਹ ਭੇਤ ਬਣਿਆ ਹੋਇਆ ਹੈ। ਬਹੁਤੇ ਸਿੱਖ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰ ਰਹੇ ਹਨ ਕਿ ਅਵਤਾਰ ਸਿੰਘ ਖੰਡਾ ਦੀ ਮੌਤ ਬਲੱਡ ਕੈਂਸਰ ਨਾਲ ਹੋਈ ਹੈ। ਪਰ ਇੱਕ ਸਿਹਤਮੰਦ ਦਿੱਖ ਵਾਲਾ ਵਿਅਕਤੀ ਅਚਾਨਕ ਤਿੰਨ ਮਹੀਨਿਆਂ ਵਿੱਚ ਹੀ ਬਲੱਡ ਕੈਂਸਰ ਦੀ ਲਾਇਲਾਜ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ, ਇਹ ਗੱਲ ਪਚਣ ਵਾਲੀ ਨਹੀਂ ਹੈ। ਜੇ ਖੰਡਾ ਨੂੰ ਬਲੱਡ ਕੈਂਸਰ ਸੀ ਅਤੇ ਉਸ ਨੂੰ ਇਹ ਪਤਾ ਹੁੰਦਾ, ਤਾਂ ਉਹ ਆਪਣੀ ਮੌਤ ਤੋਂ ਦੋ ਮਹੀਨੇ ਪਹਿਲਾਂ ਭਾਰਤ ਵਿਰੋਧੀ ਪ੍ਰਦਰਸ਼ਨਾਂ ਵਿੱਚ ਹਿੱਸਾ ਨਾ ਲੈਂਦਾ। ਹਾਲਾਂ ਕਿ 4 ਜੂਨ ਨੂੰ ਟਰਾਫਲਗਰ ਸਕੁਏਅਰ ਵਿੱਚ 1984 ਦੀ ਯਾਦਗਾਰੀ ਰੈਲੀ ਦੌਰਾਨ ਭਾਈ ਖੰਡਾ ਨੂੰ ਸਿੱਖ ਸੰਗਤ ਦੇ ਬਹੁਤ ਸਾਰੇ ਮੈਂਬਰਾਂ ਦੁਆਰਾ ਚੰਗੀ ਸਿਹਤ ਵਿੱਚ ਦੇਖਿਆ ਗਿਆ ਸੀ। ਉਸ ਸਮਾਗਮ ਵਿੱਚ ਭਾਈ ਅਵਤਾਰ ਸਿੰਘ ਟੀ.ਵੀ. ਚੈਨਲ ਪੀ.ਬੀ.ਸੀ. ਲਈ ਪ੍ਰਸਾਰਣ ਕਰ ਰਹੇ ਸਨ। ਪੰਥਕ ਹਲਕਿਆਂ ਨੂੰ ਇਹ ਗਲ ਹਜ਼ਮ ਨਹੀਂ ਹੋ ਰਹੀ ਕਿ ਬਿਮਾਰੀ ਇੰਨੀ ਵਧ ਗਈ ਕਿ ਸਿਰਫ਼ 2 ਦਿਨਾਂ ਵਿੱਚ ਸਰੀਰ ਵਿੱਚ ਜ਼ਹਿਰ ਫੈਲਣ ਕਾਰਨ ਭਾਈ ਖੰਡੇ ਦੀ ਮੌਤ ਹੋ ਗਈ। ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਨੂੰ ਸ਼ੱਕੀ ਕਰਾਰ ਦੇਣ ਦਾ ਇੱਕ ਹੋਰ ਕਾਰਨ ਇਹ ਹੈ ਕਿ ਪਿਛਲੇ ਸਮੇਂ ਦੌਰਾਨ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ, ਜਿਸ ਦੌਰਾਨ ਵਿਦੇਸ਼ਾਂ ਵਿੱਚ ਪਨਾਹ ਲੈ ਕੇ ਬੈਠੇ ਖਾੜਕੂਆਂ ਨੂੰ ਮਾਰਿਆ ਜਾ ਚੁਕਾ ਹੈ। ਇਸ ਬਾਰੇ ਭਾਰਤੀ ਏਜੰਸੀਆਂ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ।ਖੰਡਾ ਦੇ ਦਿਹਾਂਤ 'ਤੇ ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ, ਯੂਨਾਈਟਡ ਖਾਲਸਾ ਦਲ ਯੂ.ਕੇ. ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, (ਬਾਕੀ ਸਫ਼ਾ 29 'ਤੇ)

# ਭਾਈ ਹਰਦੀਪ ਸਿੰਘ ਨਿੱਝਰ ਨੂੰ ਸਰੀ ਗੁਰੂਘਰ ਦੇ ਬਾਹਰ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਕੀਤਾ ਸ਼ਹੀਦ

## ਉਨ੍ਹਾਂ ਨੂੰ ਪਹਿਲਾਂ ਹੀ ਜਾਨੋਂ ਮਾਰਨ ਦੀਆਂ ਮਿਲ ਰਹੀਆਂ ਸਨ ਧਮਕੀਆਂ



ਸਰੀ/ਏ.ਟੀ.ਨਿਊਜ਼ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਨੇੜੇ ਦੋ ਅਣਪਛਾਤੇ ਬੰਦੂਕਧਾਰੀਆਂ ਨੇ ਭਾਈ ਹਰਦੀਪ ਸਿੰਘ ਨਿੱਝਰ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਭਾਈ ਨਿੱਝਰ ਇਸ ਗੁਰਦੁਆਰਾ ਸਾਹਿਬ ਦੇ ਮੁਖੀ ਸਨ। ਉਹ ਗੁਰਦੁਆਰੇ ਦੇ ਬਾਹਰ ਪਾਰਕਿੰਗ ਵਿੱਚ ਆਪਣੀ ਕਾਰ ਵਿੱਚ ਸਨ। ਇਸ ਦੌਰਾਨ ਦੋ ਨੌਜਵਾਨ ਮੋਟਰਸਾਈਕਲ ’ਤੇ ਆਏ ਅਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਭਾਈ ਨਿੱਝਰ ਨੂੰ ਕਾਰ ’ਚੋਂ ਉੱਤਰਨ ਦਾ ਸਮਾਂ ਨਹੀਂ ਮਿਲਿਆ ਅਤੇ ਮੌਕੇ ’ਤੇ ਹੀ ਉਸ ਦੀ ਮੌਤ ਹੋ ਗਈ। ਸੂਤਰਾਂ ਮੁਤਾਬਕ ਕੈਨੇਡੀਅਨ ਪੁਲਿਸ ਨੇ ਇਸ ਮਾਮਲੇ ਵਿੱਚ 2 ਪੰਜਾਬੀ ਅਤੇ ਇੱਕ ਚੀਨੀ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਹਾਲਾਂ ਕਿ ਇਸ ਦੀ ਰਸਮੀ ਪੁਸ਼ਟੀ ਨਹੀਂ ਹੋਈ ਹੈ।




ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਮੀਡੀਆ ਨਾਲ ਆਪਣੀ ਇੰਟਰਵਿਊ ਦੌਰਾਨ ਸ. ਨਿੱਝਰ ਨੇ ਆਪਣੇ ’ਤੇ ਹਮਲਾ ਕੀਤੇ ਜਾਣ ਦਾ ਖ਼ਦਸ਼ਾ ਜ਼ਾਹਰ ਕੀਤਾ ਸੀ। ਗੁਰਦੁਆਰੇ ਵਿੱਚ ਬੋਲਦਿਆਂ ਉਸਦੀ ਇਕ ਵੀਡਿਓ ਸ਼ੋਸ਼ਲ ਮੀਡੀਆ ਉਪਰ ਵਾਇਰਲ ਹੋਈ ਸੀ। ਇਸ ਵਿਚ ਨਿੱਝਰ ਨੇ ਕਿਹਾ ਕਿ ਮੈਨੂੰ ਮਾਰਿਆ ਜਾ ਸਕਦਾ ਹੈ ਪਰ ਸਾਡਾ ਨਿਸ਼ਾਨਾ ਅਜ਼ਾਦੀ ਹੈ। ਇਹ ਅਜ਼ਾਦੀ ਅਸੀਂ ਲੈਕੇ ਰਹਾਂਗੇ।

ਨਿੱਝਰ ਸਿੱਖਸ ਫਾਰ ਜਸਟਿਸ (ਐਸਐਫਜੇ) ਨਾਲ ਜੁੜਿਆ ਹੋਇਆ ਸੀ, ਜੋ ਭਾਰਤ ਵਿੱਚ ਪਾਬੰਦੀਸ਼ੁਦਾ ਹੈ। ਉਹ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਸੀ। ਉਸ ਨੇ ਬਰੈਂਪਟਨ ਸ਼ਹਿਰ ਵਿੱਚ ਖ਼ਾਲਿਸਤਾਨੀ ਜਨਮਤ ਸੰਗ੍ਰਹਿ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਨਿੱਝਰ ਉਦੋਂ ਸੁਰਖੀਆਂ ਵਿੱਚ ਆ ਗਿਆ ਜਦੋਂ ਉਸਨੇ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਵਿੱਚ 80 ਫੁੱਟ ਉੱਚਾ ਖਾਲਿਸਤਾਨੀ ਝੰਡਾ ਲਹਿਰਾਇਆ। ਨਿੱਝਰ ਦਾ ਨਾਮ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਐਨਆਈਏ ਕੇਸਾਂ ਵਿੱਚ ਵੀ ਆਇਆ ਸੀ। ਬੀਤੇ ਸਾਲ ਐੱਨ. ਆਈ. ਏ. ਨੇ ਜਲੰਧਰ ਵਿਚ ਇਕ ਹਿੰਦੂ ਪੁਜਾਰੀ ਦੀ ਹੱਤਿਆ ਦੇ ਮਾਮਲੇ ਵਿੱਚ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ’ਤੇ 10 ਲੱਖ ਰੁਪਏ ਦਾ ਇਨਾਮ ਐਲਾਨ ਕੀਤਾ ਸੀ। 2020 ਦੌਰਾਨ, ਐਨਆਈਏ ਨੇ ਜਲੰਧਰ ਵਿੱਚ ਉਸਦੀ ਜਾਇਦਾਦ ਕੁਰਕ ਕਰ ਲਈ ਸੀ। ਬਹੁਤ ਸਾਰੇ ਕੈਨੇਡੀਅਨ ਸਿੱਖਾਂ ਨੇ ਨਿੱਝਰ ਦੇ ਕਤਲ ਦੀ ਨਿੰਦਾ ਕਰਦਿਆਂ ਦੋਸ਼ ਲਾਇਆ ਹੈ ਕਿ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਆਗੂਆਂ ਨੂੰ ਗੋਲੀ ਨਾਲ ਚੁੱਪ ਕਰਵਾਇਆ ਜਾ ਰਿਹਾ ਹੈ। ਭਾਈ ਹਰਦੀਪ ਸਿੰਘ ਨਿੱਝਰ ਜਲੰਧਰ ਦੇ ਪਿੰਡ ਭਾਰ ਸਿੰਘ ਪੁਰਾ ਦੇ ਰਹਿਣ ਵਾਲੇ ਸਨ। ਪਿੰਡ ਦੇ ਸਰਪੰਚ ਰਾਮ ਲਾਲ ਨੇ ਦੱਸਿਆ ਕਿ ਨਿੱਝਰ 1992 ਵਿੱਚ ਕੈਨੇਡਾ ਗਿਆ ਸੀ। ਇਸ ਤੋਂ ਬਾਅਦ ਉਹ ਕਦੇ ਪਿੰਡ ਵਾਪਸ ਨਹੀਂ ਆਇਆ। ਕਈ ਜਾਂਚ ਏਜੰਸੀਆਂ ਉਸ ਦੀ ਭਾਲ ਵਿੱਚ ਪਿੰਡ ਆਉਂਦੀਆਂ ਰਹੀਆਂ ਹਨ। ਭਾਈ ਨਿੱਝਰ ਦੇ ਮਾਤਾ-ਪਿਤਾ ਨੂੰ ਵਿਦੇਸ਼ ਗਿਆਂ ਨੂੰ 3 ਸਾਲ ਹੋ ਗਏ ਹਨ। ਇੱਥੇ ਪਿੰਡ ਵਿੱਚ ਉਸ ਦਾ ਇੱਕ ਹੀ ਚਾਚਾ ਹੈ ਜੋ ਜ਼ਿਆਦਾਤਰ ਸਮਾਂ ਮੋਟਰ ’ਤੇ ਹੀ ਬਿਤਾਉਂਦਾ ਹੈ।

(ਬਾਕੀ ਸਫ਼ਾ 29 ’ਤੇ)

## ਭਾਈ ਨਿੱਝਰ ਦੇ ਕਤਲ ਲਈ ਭਾਰਤੀ ਖ਼ੁਫ਼ੀਆ ਏਜੰਸੀਆਂ ਜ਼ਿੰਮੇਵਾਰ : ਦਲ ਖ਼ਾਲਸਾ

ਦਲ ਖ਼ਾਲਸਾ ਨੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਖ਼ਬਰ ਉੱਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਪੰਥ ਦੇ ਦੁਸ਼ਮਣਾਂ ਨੇ ਭਾਈ ਪਰਮਜੀਤ ਸਿੰਘ ਪੰਜਵੜ ਤੋਂ ਬਾਅਦ ਖ਼ਾਲਿਸਤਾਨ ਦੇ ਸੰਘਰਸ਼ ਦਾ ਇਕ ਹੋਰ ਕੀਮਤੀ ਹੀਰਾ ਸਾਥੋਂ ਖੋਹ ਲਿਆ ਹੈ।

ਦੁੱਖ ਦਾ ਇਜ਼ਹਾਰ ਕਰਦਿਆਂ ਜਥੇਬੰਦੀ ਦੇ ਸੀਨੀਅਰ ਆਗੂ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਖ਼ਬਰ ਸੁਣ ਕੇ ਯਕੀਨ ਨਹੀਂ ਆਇਆ।

ਜ਼ਿਕਰਯੋਗ ਹੈ ਕਿ ਭਾਈ ਨਿੱਝਰ ਕੈਨੇਡਾ ਦੇ ਸਰੀ ਸ਼ਹਿਰ ਦੇ ਮੁੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੀ ਸੇਵਾ ਨਿਭਾ ਰਹੇ ਸਨ। ਉਹ ਭਾਰਤ ਸਰਕਾਰ ਦੇ ਅਤਿ ਲੋੜੀਂਦੇ ਸਿੱਖਾਂ ਵਿੱਚੋਂ ਇੱਕ ਸਨ



ਜਿਸ ਦੀ ਹਵਾਲਗੀ ਦੀ ਮੰਗ ਭਾਰਤ ਸਰਕਾਰ ਕੈਨੇਡਾ ਪਾਸੋਂ ਲੰਬੇ ਸਮੇਂ ਤੋਂ ਕਰ ਰਹੀ ਸੀ। ਦਲ ਖਾਲਸਾ ਆਗੂ ਨੇ ਕਿਹਾ ਕਿ ਭਾਈ ਨਿੱਝਰ ਅਕਸਰ ਹੀ ਆਪਣੀ ਸਪੀਚ ਵਿੱਚ ਕਿਹਾ ਕਰਦਾ ਸੀ ਕਿ ਭਾਰਤੀ ਏਜੰਸੀਆਂ ਉਸ ਨੂੰ ਆਪਣੀ ਨਫ਼ਰਤ ਦਾ ਨਿਸ਼ਾਨਾ ਬਣਾਉਣ ਲਈ ਉਤਾਵਲੀਆਂ ਹਨ ਅਤੇ ਉਸ ਦਾ ਅੰਤਿਮ ਸਮਾਂ ਕਿਸੇ ਵੇਲੇ ਵੀ ਆ ਸਕਦਾ ਹੈ। ਧਾਮੀ ਨੇ ਦੱਸਿਆ ਕਿ ਘਟਨਾ ਮੌਕੇ ’ਤੇ ਮੌਜੂਦ ਸੰਗਤਾਂ ਨੇ ਪੁਸ਼ਟੀ ਕੀਤੀ ਕਿ ਸ਼ਹਾਦਤ ਵਾਲੇ ਦਿਨ ਵੀ ਉਹਨਾਂ ਨੇ ਗੁਰਦੁਆਰਾ ਸਾਹਿਬ ਵਿਖੇ ਬੋਲਦਿਆਂ ਆਪਣਾ ਇਹ ਖ਼ਦਸ਼ਾ (ਬਾਕੀ ਸਫ਼ਾ 29 ’ਤੇ)

## ਭਾਈ ਨਿੱਝਰ ਨੂੰ ਸ਼ਹੀਦ ਕਰਾਉਣ ਦਾ ਘਿਣਾਉਣਾ ਕਾਰਨਾਮਾ ਨਿੰਦਣਯੋਗ : ਸਿੱਖ ਆਗੂ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):- ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਤੇ ਖਾਲਿਸਤਾਨ ਦੇ ਸੰਘਰਸ਼ ਨੂੰ ਸਮਰਪਿਤ ਭਾਈ ਹਰਦੀਪ ਸਿੰਘ ਨਿੱਝਰ ਨੂੰ ਭਾਰਤੀ ਏਜੰਸੀਆਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰਾਉਣ ਦਾ ਘਿਣਾਉਣਾ ਕਾਰਨਾਮਾ ਅੱਤ ਨਿੰਦਣਯੋਗ ਹੈ ਇਹੋ ਅਜਿਹੇ ਵਰਤਾਰੇ ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਅਜ਼ਾਦੀ ਵਾਸਤੇ ਸੰਘਰਸ਼ਸ਼ੀਲਾਂ ਦੇ ਮਨੋਬਲ ਡੇਗਣ ਤੇ ਅਜ਼ਾਦੀ ਦੀ ਲਹਿਰ ਨੂੰ ਸੱਟ ਮਾਰਨ ਦੇ ਇਰਾਦੇ ਨਾਲ ਕਰਵਾਏ ਗਏ ਕਾਰਿਆਂ ਨਾਲ ਭਾਰਤੀ ਏਜੰਸੀਆਂ ਦੇ ਨਾਪਾਕ ਇਰਾਦੇ ਕਦੇ ਵੀ ਕਾਮਯਾਬ ਨਹੀਂ ਹੋਣਗੇ ਸਗੋਂ ਇਹ ਸ਼ਹਾਦਤਾਂ, ਕਤਲ ਅਜ਼ਾਦੀ ਦੇ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨਗੇ । ਪੰਥ ਦੀ ਆਜ਼ਾਦੀ ਲਈ ਚਲ ਰਹੇ ਸਿੱਖ ਸੰਘਰਸ਼ ਨਾਲ ਜ਼ਮੀਨੀ ਤੌਰ ਤੇ ਜੁੜੇ ਭਾਈ ਗੁਰਚਰਨ ਸਿੰਘ ਗੋਰਾਇਆ, ਭਾਈ ਰੇਸ਼ਮ ਸਿੰਘ ਬੱਬਰ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਸਰਬਜੀਤ ਸਿੰਘ ਯੂਕੇ, ਭਾਈ ਰਤਨਦੀਪ ਸਿੰਘ (ਬੀਕੇਟੀਐਫ), ਭਾਈ ਪਰਮਜੀਤ ਸਿੰਘ ਪੰਮਾ, (ਬਾਕੀ ਸਫ਼ਾ 29 ’ਤੇ)



## ਭਾਈ ਨਿੱਝਰ ਦੇ ਕਤਲ ਦੀ ਉੱਚ ਪੱਧਰੀ ਜਾਂਚ ਹੋਵੇ - ਫ਼ੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.



ਲੰਡਨ/ਏ.ਟੀ.ਨਿਊਜ਼ : ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ਼ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜ਼ਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਭਾਈ ਜੋਗਾ ਸਿੰਘ ਨੇ ਕਿਹਾ ਹੈ ਕਿ ਸਿੱਖ ਕਾਰਕੁਨ ਭਾਈ ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਵਿੱਚ ਗੋਲੀਆਂ ਚਲਾ ਕੇ ਖਤਮ ਕਰਨਾ ਬੇਹੱਦ ਦੁੱਖਦਾਇਕ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ (ਬਾਕੀ ਸਫ਼ਾ 29 ’ਤੇ)

## ਭਾਈ ਨਿੱਝਰ ਨੂੰ ਸ਼ਹੀਦ ਕਰਨਾ ਸਿੱਖਾਂ ਦੀ ਆਵਾਜ਼ ਦਬਾਉਣ ਦਾ ਯਤਨ: ਪੰਥ ਸੇਵਕ



ਚੰਡੀਗੜ੍ਹ/ਏ.ਟੀ. ਨਿਊਜ਼: ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਨੇ ਜਾਰੀ ਇਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁਖੀ ਭਾਈ ਹਰਦੀਪ ਸਿੰਘ ਨਿੱਝਰ ਨੂੰ ਹਥਿਆਰਬੰਦ ਹਮਲਾਵਰਾਂ ਨੇ ਸ਼ਹੀਦ ਕਰਕੇ ਸਿੱਖਾਂ ਦੀ ਹੱਕ, ਸੱਚ ਤੇ ਆਜ਼ਾਦੀ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕੀਤਾ ਹੈ। ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਇਸ ਬਿਆਨ ਵਿੱਚ ਕਿਹਾ ਹੈ ਕਿ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਸਤਿਗੁਰਾਂ ਅੱਗੇ ਅਰਦਾਸ ਕਰੇ ਕਿ (ਬਾਕੀ ਸਫ਼ਾ 29 ’ਤੇ)

## ਭਾਈ ਨਿੱਝਰ ਨੇ ਆਜ਼ਾਦ ਸਿੱਖ ਰਾਜ ਦੇ ਸੰਘਰਸ਼ ’ਚ ਅਹਿਮ ਭੂਮਿਕਾ ਨਿਭਾਈ: ਸਿੱਖ ਫੈਡਰੇਸ਼ਨ ਅਮਰੀਕਾ

ਫਰੀਮਾਂਟ/ਏ.ਟੀ.ਨਿਊਜ਼ : ਖ਼ਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਭਾਈ ਹਰਦੀਪ ਸਿੰਘ ਨਿੱਝਰ ਨੂੰ ਬੀਤੇ ਦਿਨੀਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜਿਸ ਨਾਲ ਸਮੂਹ ਸਿੱਖ ਭਾਈਚਾਰੇ ਵਿੱਚ ਸ਼ੋਕਦਾਇਕ ਮਹੌਲ ਹੈ। ਸਿੱਖ ਫੈਡਰੇਸ਼ਨ ਅਮਰੀਕਾ ਨੇ ਇਸ ਘਟਨਾ ਉੱਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦੇ ਕਿਹਾ ਕਿ, ਕੈਨੇਡਾ ਦੇ ਸਰੀ ਸਥਿਤ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਦੀ ਦਰਦਨਾਕ ਮੌਤ ਦਾ ਸਿੱਖ ਕੌਮ ਉੱਤੇ ਗਹਿਰਾ ਅਸਰ ਹੋਇਆ ਹੈ। ਗੁਰੂ ਸਾਹਿਬ ਭਾਈ ਸਾਹਿਬ ਜੀ ਦੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਉਹਨਾਂ ਦੇ ਪਰਿਵਾਰ ਨੂੰ ਇਸ ਦੁਖਦਾਈ ਮੌਤ ਨੂੰ ਸਹਿਣ ਦਾ ਬਲ ਬਖ਼ਸ਼ਣ। ਸਿੱਖ ਫੈਡਰੇਸ਼ਨ ਅਮਰੀਕਾ ਦੇ ਆਗੂਆਂ ਨੇ ਕਿਹਾ ਕਿ ਭਾਈ ਸਾਹਿਬ ਨੇ ਖਾਲਿਸਤਾਨ, ਅਜ਼ਾਦ ਸਿੱਖ ਰਾਜ ਦੇ ਵਕੀਲ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਭਾਰਤੀ ਰਾਜ ਸਪਾਂਸਰਡ ਅੱਤਵਾਦ ਵਿਰੁੱਧ ਲੜਾਈ ਲੜੀ। ਉਹਨਾਂ ਨੇ ਅੱਗੇ ਕਿਹਾ ਕਿ, ਪੁਲਿਸ ਨੇ ਗੁਰਦੁਆਰਾ ਸਾਹਿਬ ਤੋਂ ਕੁਝ ਵਿਅਕਤੀਆਂ ਨੂੰ ਕਾਬੂ ਕਰ ਲਿਆ ਜੋ ਗੋਲੀ ਮਾਰ ਕੇ ਭੱਜਦੇ ਨਜ਼ਰ ਆਏ ਸਨ, ਪਰ ਇਹ ਸਪਸ਼ਟ ਨਹੀਂ ਕਿ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਲਈ ਅਸਲ ਜ਼ਿੰਮੇਵਾਰ ਕੌਣ ਹਨ। (ਬਾਕੀ ਸਫ਼ਾ 29 ’ਤੇ)

# ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਲਈ ਭਾਰਤੀ ਅਧਿਕਾਰੀ ਜ਼ਿੰਮੇਵਾਰ : ਸਿੱਖ ਫ਼ੈਡਰੇਸ਼ਨ ਯੂ.ਕੇ.

ਲੰਡਨ/ਏ.ਟੀ.ਨਿਊਜ਼ : ਭਾਈ ਅਵਤਾਰ ਸਿੰਘ ਖੰਡਾ ਦੀ ਸੋਗਮਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਿੱਖ ਫ਼ੈਡਰੇਸ਼ਨ ਯੂ.ਕੇ. ਨੇ ਭਾਈ ਖੰਡਾ ਦੀ ਮੌਤ ਲਈ ਭਾਰਤੀ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਇੱਕ ਬਿਆਨ ਵਿੱਚ ਸਿੱਖ ਫ਼ੈਡਰੇਸ਼ਨ ਯੂ. ਕੇ. ਦੇ ਨੈਸ਼ਨਲ ਪ੍ਰੈਸ ਸੈਕਟਰੀ ਸ੍ਰ. ਜਸਪਾਲ ਸਿੰਘ ਨੇ ਕਿਹਾ ਕਿ ਆਪਣੇ ਪਿਤਾ ਸ਼ਹੀਦ ਭਾਈ ਕੁਲਵੰਤ ਸਿੰਘ ਵਾਂਗ ਭਾਈ ਅਵਤਾਰ ਸਿੰਘ ਨੇ ਆਪਣੇ ਆਪ ਨੂੰ ਸਿੱਖ ਸੰਘਰਸ਼ ਨੂੰ ਸਮਰਪਿਤ ਕਰ ਦਿੱਤਾ।ਉਹ ਇੱਕ ਜਾਣਿਆ-ਪਛਾਣਿਆ ਕਾਰਕੁਨ ਸੀ ਜਿਸਨੇ ਕਦੇ ਵੀ ਭਾਰਤੀ ਅਧਿਕਾਰੀਆਂ ਦੁਆਰਾ ਕੀਤੇ ਅੱਤਿਆਚਾਰਾਂ ਬਾਰੇ ਸੱਚ ਬੋਲਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਉਹ ਸਿੱਖ ਹੋਮਲੈਂਡ, ਖ਼ਾਲਿਸਤਾਨ ਲਈ ਇੱਕ ਕੱਟੜ ਪ੍ਰਚਾਰਕ ਸੀ।


PRESS RELEASE PRESS RELEASE PRESS RELEASE

Sikh Federation (UK)

Indian authorities must carry the blame for the sad death of Avtar Singh Khanda

London – 15 June 2023

It is with the greatest sadness that we share the shocking news that the young Panthic Activist Bhai Avtar Singh Khanda (35) has passed away in a Birmingham hospital this morning.

Like his father Shaheed Bhai Kulwant Singh, Bhai Avtar Singh dedicated himself to the Sikh struggle. He was a well-known activist who never refrained from speaking the truth about atrocities committed by the Indian authorities and was a staunch campaigner for a Sikh homeland, Khalistan.

It has been reported he has been on the Indian radar since 2015 when Narendra Modi handed a "dossier" to David Cameron on Sikh organisations and activists in the UK who were raising concerns about the atrocities committed by the Indian authorities.

However, in the last three months the Indian authorities became obsessed with him and began a vindictive hate campaign against him and his family, spreading lies that were promoted by the Indian media because of close family ties with both Deep Sidhu and Bhai Amritpal Singh.

At the same time his family in India were targeted by the Indian police. These lies, false media reports and his family being targeted would have caused immense mental and physical strain, especially to someone terminally ill with blood cancer which is now being reported by the same Indian media.

There is much speculation across the globe about the cause of his sudden and sad demise. Some are concluding he may have been the victim of a political assassination by the Indian authorities with fingers being pointed to the Indian National Investigation Agency (NIA).

The NIA recently sent a team to the UK who have been working with Scotland Yard. They have controversially been releasing CCTV footage and photographs to target law-abiding Sikh protesters. The Indian authorities should be aware that British courts have ruled the use of edited CCTV footage by the police proves nothing other than participation in a protest and represents an abuse of power.

The exact cause of Avtar Singh Khanda's death has yet to be determined but either way the Indian authorities must carry the blame for causing his death. It may prove impossible for the wider Sikh community to get closure unless the full facts surrounding his death emerge. We must however respect the privacy of Avtar Singh's friends and family at this sad time.

Jaspal Singh
National Press Secretary
Sikh Federation (UK)

ਸ੍ਰ. ਜਸਪਾਲ ਸਿੰਘ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ, ਭਾਰਤੀ ਅਧਿਕਾਰੀਆਂ ਨੇ ਭਾਈ ਖੰਡਾ ਅਤੇ ਉਹਨਾਂ ਦੇ ਪਰਿਵਾਰ ਵਿਰੁੱਧ ਬਦਲਾਖੋਰੀ ਵਾਲੀ ਨਫ਼ਰਤ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ।ਦੀਪ ਸਿੱਧੂ ਅਤੇ ਭਾਈ ਅੰਮ੍ਰਿਤਪਾਲ ਸਿੰਘ ਨਾਲ ਨਜ਼ਦੀਕੀ ਪਰਿਵਾਰਕ ਸਬੰਧਾਂ ਕਾਰਨ ਭਾਰਤੀ ਮੀਡੀਆ ਦੁਆਰਾ ਉਹਨਾਂ ਪ੍ਰਤੀ ਝੂਠ ਫੈਲਾਇਆ ਗਿਆ। ਇਸ ਦੇ ਨਾਲ ਹੀ ਭਾਰਤ ਵਿੱਚ ਉਹਨਾਂ ਦੇ ਪਰਿਵਾਰ ਨੂੰ ਭਾਰਤੀ ਪੁਲਿਸ ਨੇ ਨਿਸ਼ਾਨਾ ਬਣਾਇਆ।

ਉਹਨਾਂ ਕਿਹਾ ਕਿ ਭਾਈ ਖੰਡਾ ਦੀ ਅਚਾਨਕ ਅਤੇ ਦੁਖਦਾਈ ਮੌਤ ਦੇ ਕਾਰਨਾਂ ਨੂੰ ਲੈ ਕੇ ਦੁਨੀਆਂ ਭਰ ਵਿੱਚ ਬਹੁਤ ਸਾਰੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਕੁਝ ਇਹ ਸਿੱਟਾ ਕੱਢ ਰਹੇ ਹਨ ਕਿ ਉਹ ਭਾਰਤੀ ਅਧਿਕਾਰੀਆਂ ਦੁਆਰਾ ਭਾਰਤੀ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਵੱਲ ਉਂਗਲਾਂ ਉਠਾਏ ਜਾਣ ਦੇ ਨਾਲ ਇੱਕ ਸਿਆਸੀ ਕਤਲ ਦਾ ਸ਼ਿਕਾਰ ਹੋ ਸਕਦਾ ਹੈ।

ਉਹਨਾਂ ਕਿਹਾ ਕਿ ਐਨਆਈਏ ਨੇ ਹਾਲ ਹੀ ਵਿੱਚ ਇੱਕ ਟੀਮ ਯੂਕੇ ਭੇਜੀ ਜੋ ਸਕਾਟਲੈਂਡ ਯਾਰਡ ਨਾਲ ਕੰਮ ਕਰ ਰਹੀ ਹੈ।ਉਹ ਵਿਵਾਦਤ ਤੌਰ 'ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਸੀਸੀਟੀਵੀ ਫੁਟੇਜ ਅਤੇ ਤਸਵੀਰਾਂ ਜਾਰੀ ਕਰ ਰਹੇ ਹਨ। ਭਾਰਤੀ ਅਧਿਕਾਰੀਆਂ ਨੂੰ ਇਹ ਸੁਚੇਤ ਹੋਣਾ ਚਾਹੀਦਾ ਹੈ ਕਿ ਬ੍ਰਿਟਿਸ਼ ਅਦਾਲਤਾਂ ਨੇ ਪੁਲਿਸ ਦੁਆਰਾ ਸੰਪਾਦਿਤ ਸੀਸੀਟੀਵੀ ਫੁਟੇਜ ਦੀ ਵਰਤੋਂ ਦਾ ਫੈਸਲਾ ਸੁਣਾਇਆ ਹੈ, ਜੋ ਕਿ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਤੋਂ ਇਲਾਵਾ ਹੋਰ ਕੁਝ ਨਹੀਂ ਸਾਬਤ ਕਰਦਾ ਹੈ ਅਤੇ ਸ਼ਕਤੀ ਦੀ ਦੁਰਵਰਤੋਂ ਨੂੰ ਦਰਸਾਉਂਦਾ ਹੈ।

ਉਹਨਾਂ ਕਿਹਾ ਕਿ ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਦੇ ਅਸਲ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਕਿਸੇ ਵੀ ਤਰ੍ਹਾਂ ਭਾਰਤੀ ਅਧਿਕਾਰੀਆਂ ਨੂੰ ਉਸਦੀ ਮੌਤ ਲਈ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ।

# ਨਿੱਝਰ ਦੀ ਹੱਤਿਆ ਹਿੰਸਾ ਦੀ ਘਿਣਾਉਣੀ ਕਾਰਵਾਈ : ਐਨ.ਡੀ.ਪੀ. ਵਿਧਾਇਕ

ਬੀ ਸੀ, ਐਨਡੀਪੀ ਵਿਧਾਇਕਾਂ ਨੇ ਲੰਘੇ ਦਿਨਾਂ ਵਿੱਚ ਸ੍ਰ. ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਤੇ ਡੂੰਘਾ ਅਫ਼ਸੋਸ ਜਤਾਇਆ ਹੈ।ਰਵੀ ਕਾਹਲੋਂ, ਹੈਰੀ ਬੈਂਸ, ਰਚਨਾ ਸਿੰਘ, ਬਰੂਸ ਰਾਲਸਟਨ, ਜਿੰਨੀ ਸਿਮਸ, ਗੈਰੀ ਬੇਗ, ਮਾਈਕ ਸਟਾਰਚੁੱਕ, ਜਗਰੂਪ ਬਰਾੜ ਤੇ ਅਮਨ ਸਿੰਘ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਹਿੰਸਾ ਦੀ ਘਿਣਾਉਣੀ ਕਾਰਵਾਈ ਹੈ। ਜਿਸ ਨੂੰ ਧਾਰਮਿਕ ਸਥਾਨ 'ਤੇ ਅੰਜਾਮ ਦਿੱਤਾ ਗਿਆ, ਜੋ ਕਿ ਬਹੁਤ ਨਿੰਦਣਯੋਗ ਹੈ।ਧਾਰਮਿਕ ਸਥਾਨ 'ਤੇ ਜਾ ਕੇ ਲੋਕ ਸ਼ਰਧਾ ਭਾਵ ਅਤੇ ਮਨ ਨੂੰ ਸ਼ਾਂਤ ਕਰਦੇ ਹਨ ਪਰ ਉਥੇ ਅਜਿਹੀ ਘਟਨਾ ਦਾ ਵਾਪਰਨਾ ਮੰਦਭਾਗਾ ਹੈ। ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਕ ਭਾਈਚਾਰੇ ਦੇ ਰੂਪ ਵਿੱਚ ਇਸ ਦੇ ਵਿਰੁੱਧ ਖੜੇ ਹੋਣਾ ਚਾਹੀਦਾ ਹੈ।


NEW DEMOCRAT
BC GOVERNMENT CAUCUS

For Immediate Release
June 20, 2023

BC NDP MLAs have released the following statement:

"Like everyone in our community, we are deeply shocked by the horrific killing of Hardeep Singh Nijjar. We mourn with his family and loved ones.

"This was an abhorrent act of violence, made even more disturbing by its presence at a place of worship where people go to find peace. We must all stand against it as a community.

"Law enforcement authorities are actively investigating. They have our full support as they work to bring those responsible to justice."

Signed,
Ravi Kahlon
Harry Bains
Rachna Singh
Bruce Ralston
Jinny Sims
Garry Begg
Mike Starchuk
Jagrup Brar
Aman Singh

ਭਾਵੇਂ ਕਿ ਕਾਨੂੰਨੀ ਜਾਂਚ ਬਹੁਤ ਬਾਰੀਕੀ ਦੇ ਨਾਲ ਹੋ ਰਹੀ ਹੈ ਪਰ ਸਾਡਾ ਸਭ ਦਾ ਇੱਕਮੁੱਠ ਹੋਣਾ ਵੀ ਬੇਹੱਦ ਜ਼ਰੂਰੀ ਹੈ। ਜਾਂਚ ਅਧਿਕਾਰੀਆਂ ਨੂੰ ਸਾਡਾ ਪੂਰਾ ਸਮਰਥਨ ਹੈ।

## ਸਿੱਖ ਸੰਗਠਨਾਂ ਵੱਲੋਂ ਯੂ. ਕੇ. ਦੇ ਪ੍ਰਧਾਨ ਮੰਤਰੀ ਨੂੰ ਪੱਤਰ



ਯੂ ਕੇ ਦੇ 350 ਤੋਂ ਵੱਧ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਸੰਗਠਨਾਂ ਵੱਲੋਂ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਇੱਕ ਖੁੱਲਾ ਪੱਤਰ ਭੇਜਿਆ ਗਿਆ ਹੈ, ਜਿਸ ਵਿੱਚ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਕੱਟੜਪੰਥੀ ਭਾਰਤੀ ਅਧਿਕਾਰੀਆਂ ਦੁਆਰਾ ਪਰਵਾਸੀ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਯੂ ਕੇ ਸਰਕਾਰ ਦੇ ਰੁਖ ਬਾਰੇ ਪੁਛਿਆ ਗਿਆ ਹੈ ਅਤੇ ਜਾਨਣਾਂ ਚਾਹਿਆ ਹੈ ਕਿ ਯੂ ਕੇ ਸਰਕਾਰ ਇਹਨਾਂ ਮਸਲਿਆਂ 'ਤੇ ਕੀ ਕਾਰਵਾਈ ਕਰ ਰਹੀ ਹੈ।

ਇਸ ਤੋਂ ਇਲਾਵਾ 28 ਜੂਨ ਦਿਨ ਬੁੱਧਵਾਰ ਨੂੰ ਦੁਪਹਿਰੇ 12 ਵਜੇ ਤੋਂ 3 ਵਜੇ ਤਕ ਯੂ ਕੇ ਪਾਰਲੀਮੈਂਟ ਵਿੱਚ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਸਿੱਖ ਸੰਗਠਨਾਂ ਵੱਲੋਂ ਸਾਰੇ 650 ਸੰਸਦ ਮੈਂਬਰਾਂ ਨੂੰ ਇਸ ਪੱਤਰ ਦੀ ਕਾਪੀ ਦਿੱਤੀ ਜਾਵੇਗੀ ।

# ਸਿੱਖਾਂ ਨੂੰ ਆਗੂ ਹੀਣ ਕਰਕੇ ਵੱਡੀ ਨਸਲਕੁਸ਼ੀ ਕਰਨਾ ਚਾਹੁੰਦੀਆਂ ਨੇ ਸਰਕਾਰਾਂ : ਏ.ਜੀ.ਪੀ.ਸੀ.

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਭਾਰਤੀ ਮੰਨੂਵਾਦੀ ਅੱਤਵਾਦ ਨਾਲ ਜੋੜਿਆ

ਫ਼ਰੀਮਾਂਟ/ਏ.ਟੀ.ਨਿਊਜ਼ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਨਿੱਝਰ ਦੇ ਕਤਲ ਨੂੰ ਭਾਰਤ ਸਰਕਾਰ ਦੁਆਰਾ ਸਿੱਖਾਂ ਦੀ ਨਸਲਕੁਸ਼ੀ ਕਰਾਰ ਦਿੱਤਾ ਹੈ। ਕਮੇਟੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਗੈਂਗਾਂ ਨੂੰ ਰਕਮਾਂ ਦੇ ਕੇ ਸੋਸ਼ਲ ਮੀਡੀਏ ਉੱਤੇ ਸਿੱਖ ਆਗੂਆਂ ਦੇ ਕਤਲ ਕਰਵਾਉਣ ਦੀਆਂ ਜ਼ਿੰਮੇਵਾਰੀਆਂ ਲੈਣ ਨੂੰ ਸਰਕਾਰੀ ਅੱਤਵਾਦ ਕਿਹਾ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਹਾਲੇ ਦੀਪ ਸਿੱਧੂ ਤੇ ਮੂਸੇ ਵਾਲੇ ਦੇ ਕਤਲਾਂ ਦੀ ਸਿਆਹੀ ਵੀ ਨਹੀਂ ਸੁੱਕੀ ਕਿ ਕੌਮ ਦੇ ਜਰਨੈਲ ਭਾਈ ਪੰਜਵੜ, ਭਾਈ ਖੰਡਾ ਤੇ ਹੁਣ ਭਾਈ ਨਿੱਝਰ ਨੂੰ ਸ਼ਹੀਦ ਕਰਕੇ ਭਾਰਤੀ ਹਕੂਮਤ ਵੱਡੀ ਦਹਿਸ਼ਤਗਰਦ ਦੇ ਤੌਰ ਉੱਤੇ ਸਾਹਮਣੇ ਆਈ ਹੈ ਜਿਸ ਦੀ ਸਖ਼ਤ ਆਲੋਚਨਾ ਹੋਣੀ ਚਾਹੀਦੀ ਹੈ ਤੇ ਇਸ ਤੋਂ ਇਲਾਵਾ ਸਿੱਖ ਆਗੂਆਂ ਨੂੰ ਆਪਣੀ ਸੁਰਖਿਆ ਪ੍ਰਤੀ ਚੌਕੰਨੇ ਰਹਿਣਾ ਚਾਹੀਦਾ ਹੈ ਤੇ ਆਪਣੇ ਦੇਸ਼ਾਂ ਦੀਆਂ ਸਰਕਾਰਾਂ ਤੇ ਪੁਲਿਸ ਫੋਰਸਾਂ ਤੱਕ ਪਹੁੰਚ ਕਰਕੇ ਭਾਰਤ ਸਰਕਾਰ ਦੀਆਂ ਸਿੱਖਾਂ ਤੇ ਹੋਰ ਘੱਟ-ਗਿਣਤੀਆਂ ਪ੍ਰਤੀ ਨਸਲਘਾਤੀ ਨੀਤੀਆਂ ਬਾਰੇ ਦੱਸਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਇੱਥੋਂ ਤੱਕ ਕਿ ਸਿੱਖ ਕੌਮ ਦੇ ਨੌਜਵਾਨ ਬੁਲਾਰੇ ਭਾਈ ਅੰਮ੍ਰਿਤਪਾਲ ਸਿੰਘ ਤੇ ਖਾਲਸਾ ਵਹੀਰ ਦੇ ਮੁੱਖ ਆਗੂਆਂ ਨੂੰ ਪੰਜਾਬ ਤੋਂ ਢਾਈ ਹਜ਼ਾਰ ਕਿਲੋਮੀਟਰ ਦੂਰ ਬਿਨਾ ਕਿਸੇ ਦੋਸ਼ ਤੋਂ ਕੈਦ ਕਰਨਾ ਇਹ ਦਰਸਾਉਂਦਾ ਹੈ ਕਿ ਭਾਰਤ ਦੀ ਮੋਦੀ ਤੇ ਭਗਵੰਤ ਮਾਨ ਦੀ ਪੰਜਾਬ ਸਰਕਾਰ ਸਿੱਖਾਂ ਨੂੰ ਆਗੂ ਹੀਣ ਕਰਕੇ ਸਿੱਖਾਂ ਦੀ ਵੱਡੀ ਨਸਲਕੁਸ਼ੀ ਕਰਨਾ ਚਾਹੁੰਦੀਆਂ ਨੇ ਤੇ ਪੰਜਾਬ ਦਾ ਬਿਲੀਅਨਜ਼ ਡਾਲਰਾਂ ਦਾ ਪਾਣੀ ਲੁੱਟ ਕੇ ਪੰਜਾਬ ਨੂੰ ਰੇਗਿਸਤਾਨ ਬਣਾਉਣਾ ਚਾਹੁੰਦੀਆਂ ਨੇ ।ਬਿਆਨ ਦੇ ਅੰਤ ਵਿੱਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਕਰਦਿਆਂ ਅਪੀਲ ਕੀਤੀ ਹੈ ਕਿ ਅਸੀਂ ਇਕੱਠੇ ਹੋਈਏ, ਸਿਰ ਜੋੜੀਏ ਤੇ ਭਾਰਤ ਦੇ ਸਰਕਾਰੀ ਅੱਤਵਾਦ ਨੂੰ ਅਮਰੀਕਾ-ਕੈਨੇਡਾ ਦੇ ਸ਼ਾਨਦਾਰ ਲੋਕਤਾਂਤਰਿਕ ਕਨੂੰਨਾਂ ਨਾਲ ਨਜਿੱਠਣ ਲਈ ਸਰਕਾਰਾਂ ਤੱਕ ਪਹੁੰਚ ਕਰੀਏ।ਏਜੀਪੀਸੀ ਹਰ ਤਰਾਂ ਦੇ ਸਹਿਯੋਗ ਲਈ ਤਿਆਰ ਹੈ।

# ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਕਰੇਗੀ ਖ਼ਾਲਿਸਤਾਨੀ ਆਗੂ ਨਿੱਝਰ ਦੇ ਕਤਲ ਦੀ ਜਾਂਚ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਵਿਖੇ ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦਾ ਬੀਤੇ ਦਿਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲ ਨੇ ਕੈਨੇਡੀਅਨ ਸੁਰੱਖਿਆ ਏਜੰਸੀਆਂ ਲਈ ਕਈ ਪੇਚੀਦਾ ਸਵਾਲ ਖੜ੍ਹੇ ਕਰ ਦਿੱਤੇ ਹਨ। ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਭਾਈ ਨਿੱਝਰ ਦੇ ਕਤਲ ਸੰਬੰਧੀ ਜਾਂਚ ਨੂੰ ਆਪਣੇ ਹੱਥਾਂ ਵਿੱਚ ਲਿਆ ਹੈ।ਆਈਐਚਆਈਟੀ ਦੇ ਟਿਮੋਥੀ ਪਿਰੋਟੀ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਇਸ ਕਤਲੇਆਮ ਦੇ ਉਦੇਸ਼ ਬਾਰੇ ਬਹੁਤ ਸਾਰੀਆਂ ਅੰਦਾਜ਼ੇ ਤੇ ਅਫਵਾਹਾਂ ਹਨ, ਪਰ ਅਸੀਂ ਤੱਥਾਂ ਨੂੰ ਜਾਣਨ ਅਤੇ ਸਬੂਤਾਂ ਨੂੰ ਸਾਡੀ ਜਾਂਚ ਦੀ ਅਗਵਾਈ ਕਰਨ ਲਈ ਸਮਰਪਿਤ ਹਾਂ।ਉਨ੍ਹਾਂ ਕਿਹਾ ਕਿ ਜਾਂਚ ਟੀਮ ਇਸ ਮਾਮਲੇ ਦਾ ਪਰਦਾਫਾਸ਼ ਕਰਨ ਲਈ ਦੇਸ਼ ਦੀ ਖੁਫੀਆ ਏਜੰਸੀ ਨਾਲ ਕੰਮ ਕਰੇਗੀ।ਅਸੀਂ ਹਰ ਵਿਅਕਤੀ ਨਾਲ ਗੱਲ ਕਰਨ ਅਤੇ ਇਸ ਕੇਸ ਦੇ ਤੱਥਾਂ ਨੂੰ ਇਕੱਠਾ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਾਂ।



ਕੁਝ ਖਾਲਿਸਤਾਨ ਪੱਖੀ ਸੰਗਠਨਾਂ ਨੇ ਦੋਸ਼ ਲਗਾਇਆ ਹੈ ਕਿ ਨਿੱਝਰ ਨੂੰ ਭਾਰਤੀ ਏਜੰਸੀਆਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

(ਬਾਕੀ ਸਫ਼ਾ 30 'ਤੇ)

# ਅਮਰੀਕਾ ਖ਼ਬਰਨਾਮਾ

## ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇੰਡੋ - ਅਮਰੀਕਨ ਗਰੁੱਪ ਨਾਲ ਕੀਤੀ ਮੁਲਾਕਾਤ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸਿਖ ਇੰਡੋ- ਅਮੈਰੀਕਨ ਗਰੁੱਪ ਨਾਲ ਮੁਲਾਕਤ ਕੀਤੀ। ਇਸ ਮੌਕੇ ਉਹਨਾਂ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ । ਇਸ ਦੇ ਸ਼ਾਨਾਮਤੇ ਇਤਿਹਾਸ ਅਤੇ ਹੋਂਦ ਨੂੰ ਢਾਹ ਨਹੀ ਲੱਗਣੀ ਚਾਹੀਦੀ। ਉਹਨਾਂ ਸੰਸਥਾ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਸਾਨੂੰ ਸੰਸਥਾ ਦੀ ਮਜ਼ਬੂਤੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹਨਾਂ ਭਰੋਸਾ ਦੁਆਇਆ ਕਿ ਕਮੇਟੀ ਵੱਲੋਂ ਅਮਰੀਕਨ ਸਿੱਖਾਂ ਦੀ ਸਲਾਹ ਅਤੇ ਸਹਿਯੋਗ ਲੈ ਕੇ ਕਾਰਜ ਕਰੇਗੀ।

ਉਹਨਾਂ ਗਿਆਨੀ ਰਘਵੀਰ ਸਿੰਘ ਦੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਨਿਯੁਕਤੀ ਨੂੰ ਵੀ ਸ਼ਲਾਘਾਯੋਗ ਕਦਮ ਦੱਸਦਿਆਂ ਸਵਾਗਤ ਕੀਤਾ।ਮੀਟਿਗ ਨੂੰ ਡਾ. ਪਰਮਜੀਤ ਸਿੰਘ ਸਰੋਆ ਅਤੇ ਰਮੇਸ਼ ਸਿੰਘ ਖ਼ਾਲਸਾ ਕਰਾਚੀ ਨੇ ਵੀ ਸੰਬੋਧਨ ਕੀਤਾ। ਨਰਿੰਦਰਪਾਲ ਸਿੰਘ ਹੁੰਦਲ ਨੇ ਸਵਾਗਤ ਕਰਦਿਆਂ ਭਰੋਸਾ ਦਿੱਤਾ ਕਿ ਅਮਰੀਕਾ ਦੀਆਂ ਸੰਗਤਾਂ ਪੂਰਨ ਸਹਿਯੋਗ ਦੇਣ ਲਈ ਵਚਨਬੱਧ ਹਨ । ਮੀਟਿਗ ਵਿੱਚ ਪ੍ਰੋਫੈਸਰ ਮੁਖ਼ਤਿਆਰ ਸਿੰਘ ਗਿੱਲ, ਮਨਜੀਤ ਸਿੰਘ ਸੈਣੀ, ਦਵਿੰਦਰ ਸਿੰਘ ਢਿਲੋ ,ਸੋਹਣ ਸਿੰਘ ਧੂਰੀ , ਗੁਦਿਆਲ ਸਿੰਘ ਪੱਡਾ , ਹਰਬੰਸ ਸਿੰਘ , ਲਖਤਾਰ ਸਿੰਘ ਪਡਾ ,ਰਘਬੀਰ ਸਿੰਘ ਚੌਧਰੀ, ਸੰਤੋਖ ਸਿੰਘ , ਗੁਰਦੇਵ ਸਿੰਘ ਢਿੱਲੋਂ ਹਾਜ਼ਰ ਸਨ

## ਮੈਕਸੀਕੋ ਦੇ ਹੋਟਲ ਵਿੱਚ ਕੈਲੀਫੋਰਨੀਆ ਵਾਸੀ ਜੋੜੇ ਦੀ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ / ਹੁਸਨ ਲੜੋਆ ਬੰਗਾ: ਮੈਕਸੀਕੋ ਦੇ ਬਾਜਾ ਕੈਲੀਫੋਰਨੀਆ ਪ੍ਰਾਇਦੀਪ ਵਿੱਚ ਇਕ ਰਿਜ਼ਾਰਟ 'ਚ ਇਕ ਅਮਰੀਕੀ ਜੋੜੇ ਦੀ ਮੌਤ ਹੋਣ ਦੀ ਖ਼ਬਰ ਹੈ। ਇਹ ਜਾਣਕਾਰੀ ਮੈਕਸੀਕਨ ਅਧਿਕਾਰੀਆਂ ਨੇ ਦਿੱਤੀ ਹੈ। ਇਹ ਜੋੜਾ ਨਿਊਪੋਰਟ ਬੀਚ ਕੈਲੀਫੋਰਨੀਆ ਦਾ ਵਸਨੀਕ ਸੀ। ਪੀੜਤ ਪਰਿਵਾਰ ਤੇ ਬਾਜਾ ਕੈਲੀਫੋਰਨੀਆ ਸਰ ਅਟਾਰਨੀ ਜਨਰਲ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ ਜੌਹਨ ਹੀਥਕੋ (41) ਤੇ ਐਬੀ ਲੁਟਜ਼ (28) ਦੀਆਂ ਲਾਸ਼ਾਂ ਐਲ ਪੈਸਕੈਡਰੋ ਵਿੱਚ ਰਿਜ਼ਾਰਟ ਰਾਂਚੋ ਪੈਸਕੈਡਰੋ ਦੇ ਇਕ ਕਮਰੇ ਵਿਚੋਂ ਮਿਲੀਆਂ ਹਨ। ਸਥਾਨਕ ਸਮੇਂ ਅਨੁਸਾਰ ਕਾਬੋ ਨੇੜੇ ਸਥਿੱਤ 5 ਤਾਰਾ ਰਿਜ਼ਾਰਟ ਦੇ ਕਮਰੇ ਵਿਚੋਂ ਰਾਤ 9 ਵਜੇ ਦੇ ਆਸਪਾਸ ਜੋੜਾ ਮ੍ਰਿਤਕ ਹਾਲਤ ਵਿਚ ਮਿਲਿਆ। ਜਾਂਚਕਾਰਾਂ ਅਨੁਸਾਰ ਕਮਰੇ ਵਿਚ ਕਿਸੇ ਕਿਸਮ ਦੀ ਹਿੰਸਾ ਹੋਣ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ। ਸਥਾਨਕ ਅਧਿਕਾਰੀਆਂ ਅਨੁਸਾਰ ਸ਼ੁਰੂਆਤੀ ਫੋਰੈਂਸਿਕਜਾਂਚ ਅਨੁਸਾਰ ਮੌਤਾਂ ਕੋਈ ਨਸ਼ੀਲਾ ਪਦਾਰਥ ਖਾਣ ਕਾਰਨ ਹੋਈਆਂ ਹਨ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

## ਇੰਡੋ ਯੂ. ਐਸ. ਹੈਰੀਟੇਜ਼ ਵੱਲੋਂ ਇੱਕ ਸ਼ਾਮ ਪੰਜਾਬੀ ਮਾਂ ਬੋਲੀ ਦੇ ਨਾਮ ਦਾ ਆਯੋਜਨ



ਫਰਿਜਨੋ (ਕੈਲੀਫੋਰਨੀਆ)/ ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ :ਫਰਿਜਨੋ ਦੀ ਗਦਰੀ ਬਾਬਿਆਂ ਨੂੰ ਸਮੱਰਪਿਤ ਜਥੇਬੰਦੀ ਇੰਡੋ ਯੂ. ਐਸ. ਹੈਰੀਟੇਜ਼ ਵੱਲੋ ਲੰਘੇ ਸ਼ਨੀਵਾਰ ਇੱਕ ਸੈਮੀਨਰ ਪੰਜਾਬੀ ਮਾਂ ਬੋਲੀ ਦੀ ਸਾਂਭ ਸੰਭਾਲ ਅਤੇ ਪ੍ਰਫੁੱਲਤਾ ਲਈ ਪੰਜਾਬੀ ਰੇਡੀਓ ਯੂ. ਐਸ. ਏ. ਦੇ ਪੰਜਾਬੀ ਸੈਂਟਰ ਵਿਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆ ਨੇ ਪਹੁੰਚ ਕੇ ਬੁਲਾਰਿਆਂ ਦੇ ਵਿਚਾਰ ਸੁਣੇ। ਬਾਅਦ ਵਿੱਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਸਭ ਨੂੰ ਨਿੱਘੀ ਜੀ ਆਇਆ ਆਖ ਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਨੇ ਪੰਜਾਬੀ ਮਾਂ ਬੋਲੀ 'ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ 'ਤੇ ਝਾਤ ਪਵਾਈ। ਇਸ ਮੌਕੇ (ਬਾਕੀ ਸਫ਼ਾ 30 'ਤੇ)

## ਵਿਅਕਤੀ ਨੂੰ ਗਲਾ ਘੁੱਟ ਕੇ ਮਾਰ ਦੇਣ ਦੇ ਮਾਮਲੇ 'ਚ ਸਾਬਕਾ ਸੈਨਿਕ ਦੋਸ਼ੀ ਕਰਾਰ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਮੈਨਹਟਨ, ਨਿਊਯਾਰਕ ਦੀ ਗਰੈਂਡ ਜਿਊਰੀ ਵੱਲੋਂ ਡੈਨੀਏਲ ਪੈਨੀ ਨਾਮੀ ਇਕ ਸਾਬਕਾ ਸੈਨਿਕ ਨੂੰ ਜੌਰਡਨ ਨੀਲੀ ਨਾਮੀ ਵਿਅਕਤੀ ਦੀ ਗਲਾ ਘੁੱਟ ਕੇ ਹੱਤਿਆ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦੇਣ ਦੀ ਖਬਰ ਹੈ। ਮਾਮਲੇ ਨਾਲ ਜੁੜੇ ਸੂਤਰਾਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਪੈਨੀ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਨਹਟਨ ਡਿਸਟ੍ਰਿਕਟ ਅਟਾਰਨੀ ਵੱਲੋਂ ਇਸ ਸਬੰਧੀ ਰਸਮੀ ਐਲਾਨ ਛੇਤੀ ਕੀਤਾ ਜਾਵੇਗਾ। ਪੈਨੀ ਨੇ ਪਿਛਲੇ ਮਹੀਨੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ। ਉਸ ਤੋਂ ਬਾਅਦ ਉਸ ਨੂੰ 100000 ਡਾਲਰ ਦੇ ਬਾਂਡ ਉਪਰ ਰਿਹਾਅ ਕਰ ਦਿੱਤਾ ਗਿਆ ਸੀ। ਇਹ ਘਟਨਾ ਪਿਛਲੇ ਮਹੀਨੇ ਪਹਿਲੀ ਮਈ ਨੂੰ ਵਾਪਰੀ ਸੀ ਜਦੋਂ ਪੈਨੀ ਨੇ ਸਬਵੇਅ ਟਰੇਨ ਵਿੱਚ ਇਕ ਬੇਘਰੇ ਸਟਰੀਟ ਕਲਾਕਾਰ ਨੀਲੀ ਨੂੰ ਗਲ ਤੋਂ ਫੜ ਲਿਆ ਸੀ। ਨੀਲੀ ਨੇ ਰੌਲਾ ਵੀ ਪਾਇਆ ਪਰੰਤੂ ਕਿਸੇ ਵੀ ਯਾਤਰੀ ਨੇ ਉਸ ਵੱਲ ਧਿਆਨ ਨਹੀਂ ਦਿੱਤਾ। ਪੈਨੀ ਨੇ ਮੌਤ ਹੋਣ ਤੱਕ ਨੀਲੀ ਦਾ ਗਲਾ ਘੁੱਟੀ ਰਖਿਆ । ਮੈਡੀਕਲ ਨਿਰੀਖਕ ਨੇ ਇਸ ਨੂੰ ਹੱਤਿਆ ਕਰਾਰ ਦਿੱਤਾ ਸੀ। ਨਿਊਯਾਰਕ ਸਿਟੀ ਡਿਪਾਰਟਮੈਂਟ ਆਫ ਹੋਮਲੈਸ ਸਰਵਿਸਜ ਦੀ ਬੇਘਰਿਆਂ ਦੀ ਸੂਚੀ ਵਿੱਚ ਨੀਲੀ ਸ਼ਾਮਿਲ ਸੀ। ਇਸ ਸੂਚੀ ਵਿੱਚ ਉਹ ਲੋਕ ਸ਼ਾਮਿਲ ਕੀਤੇ ਜਾਂਦੇ ਹਨ ਜਿਨਾਂ ਨੂੰ ਸਹਾਇਤਾ ਦਾ ਬੇਹੱਦ ਲੋੜ ਹੁੰਦੀ ਹੈ। ਗਰੈਂਡ ਜਿਊਰੀ ਦੇ ਫੈਸਲੇ ਉਪਰ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਨੀਲੀ ਦੇ ਪਰਿਵਾਰ ਨੇ ਕਿਹਾ ਹੈ ਕਿ ਉਨਾਂ ਦਾ ਵਿਸ਼ਵਾਸ਼ ਹੈ ਕਿ ਪੈਨੀ ਨੂੰ ਆਪਣੇ ਕੀਤੇ ਦੀ ਸਜ਼ਾ ਮਿਲੀ ਹੈ। ਪਰਿਵਾਰ ਨੇ ਕਿਹਾ ਪੈਨੀ ਵੱਲੋਂ ਕੀਤੇ ਗਨਾਹ ਦਾ ਇਹ ਸਹੀ ਸਿੱਟਾ ਹੈ।



## ਅਮਰੀਕਾ 'ਚ ਆਏ ਤ.ਫਾਨ ਤੇ ਖ਼ਰਾਬ ਮੌਸਮ ਕਾਰਨ 5 ਮੌਤਾਂ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਟੈਕਸਾਸ, ਲੂਇਸਇਆਨਾ ਤੇ ਮਿਸੀਸਿੱਪੀ ਰਾਜ ਵਿੱਚ ਮੌਸਮ ਦੇ ਬਦਲੇ ਮਿਜ਼ਾਜ਼ ਤੇ ਆਏ ਜਬਰਦਸਤ ਤੂਫਾਨ ਕਾਰਨ ਹਜ਼ਾਰਾਂ ਲੋਕਾਂ ਵੱਲੋਂ ਬਿਨਾਂ ਬਿਜਲੀ ਰਹਿਣ ਲਈ ਮਜਬੂਰ ਹੋਣ ਤੇ 5 ਵਿਅਕਤੀਆਂ ਦੀ ਮੌਤ ਹੋਣ ਦੀ ਖ਼ਬਰ ਹੈ। ਇਸ ਦੌਰਾਨ ਅਨੇਕਾਂ ਦਰਖ਼ਤ ਡਿੱਗ ਗਏ ਹਨ ਤੇ ਬਿਜਲੀ ਦੇ ਖੰਭਿਆਂ ਅਤੇ ਲਾਈਨਾਂ ਨੂੰ ਨੁਕਸਾਨ ਪੁੱਜਾ ਹੈ। ਟੈਕਸਾਸ ਦੇ ਪੈਰੀਟੋਨ ਕਸਬੇ ਵਿੱਚ ਤੂਫਾਨ ਦੀ ਲਪੇਟ ਵਿੱਚ ਆ ਕੇ 3 ਲੋਕਾਂ ਦੀ ਮੌਤ ਹੋ ਗਈ ਜਦ ਕਿ ਦਰਜਨਾਂ ਲੋਕ ਜ਼ਖਮੀ ਹੋਏ ਹਨ। ਪੈਰੀਟੋਨ ਵਿੱਚ ਵੱਡੇ ਪੱਧਰ ਉਪਰ ਹੋਈ ਤਬਾਹੀ ਕਾਰਨ ਕਰਫਿਊ ਲਾਉਣਾ ਪਿਆ ਜਿਸ ਨੂੰ ਬਾਅਦ ਵਿੱਚ ਹਟਾ ਲਿਆ ਗਿਆ। ਪੈਰੀਟੋਨ ਵਿੱਚ 50 ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ।

ਸਥਾਨਕ ਅਧਿਕਾਰੀਆਂ ਅਨੁਸਾਰ 2 ਵਿਅਕਤੀ ਲਾਪਤਾ ਹਨ। ਫਲੋਰਿਡਾ ਤੇ ਮਿਸੀਸਿੱਪੀ ਵਿੱਚ ਇਕ-ਇਕ ਮੌਤ ਹੋਣ ਦੀ ਰਿਪੋਰਟ ਹੈ।

ਐਸਕੈਮਬੀਆ ਕਾਊਂਟੀ ਦੇ ਬੁਲਾਰੇ ਐਂਡੀ ਗਿਬਸਨ ਅਨੁਸਾਰ ਫਲੋਰਿਡਾ ਵਿੱਚ ਇਕ ਵਿਅਕਤੀ ਉਸ ਵੇਲੇ ਮਾਰਿਆ ਗਿਆ ਜਦੋਂ ਇਕ ਦਰਖ਼ਤ ਉਸ ਦੇ ਘਰ ਉਪਰ ਆ ਡਿੱਗਾ ਜਿਸ ਕਾਰਨ ਘਰ ਢਹਿ ਢੇਰੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮੋਬਾਈਲ ਘਰਾਂ ਦੇ ਮਾਲਕਾਂ ਦਾ ਵੱਡੀ ਪੱਧਰ ਉਪਰ ਨੁਕਸਾਨ ਹੋਇਆ ਹੈ। ਇਸ ਦੌਰਾਨ ਨੈਸ਼ਨਲ ਵੈਦਰ ਸਰਵਿਸ ਨੇ ਟੈਕਸਾਸ ਤੇ ਦੱਖਣੀ ਅਮਰੀਕੀ ਰਾਜਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅੱਤ ਗਰਮੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਭਵਿੱਖਬਾਣੀ ਅਨੁਸਾਰ ਇਸ ਵਾਰ ਦੱਖਣੀ ਟੈਕਸਾਸ ਤੇ ਲੂਇਸਇਆਨਾ ਦੇ ਤੱਟੀ ਹਿੱਸਿਆਂ ਵਿੱਚ ਪਹਿਲਾਂ ਦੀ ਤੁਲਨਾ ਵਿੱਚ ਵਧੇਰੇ ਗਰਮੀ ਪਵੇਗੀ।

## ਅਮਰੀਕਾ 'ਚ ਬੀਮੇ ਦੀ ਰਕਮ ਲੈਣ ਲਈ ਮਾਂ ਦੀ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੁੱਤਰ ਦੀ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਨਾਥਨ ਕਾਰਮੈਨ ਨਾਮੀ ਵਿਅਕਤੀ ਜਿਸ ਉਪਰ ਬੀਮੇ ਦੀ ਰਕਮ ਲੈਣ ਲਈ 2016 ਵਿੱਚ ਮੱਛੀਆਂ ਫੜਨ ਦੇ ਇਕ ਟੂਰ ਦੌਰਾਨ ਆਪਣੀ ਮਾਂ ਦੀ ਸਮੁੰਦਰ ਵਿੱਚ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਸਨ, ਦੀ ਸੰਘੀ ਪੁਲਿਸ ਦੀ ਹਿਰਾਸਤ ਵਿੱਚ ਮੌਤ ਹੋਣ ਦੀ ਖਬਰ ਹੈ। ਇਹ ਖੁਲਾਸਾ ਸੰਘੀ ਇਸਤਗਾਸਾ ਵਕੀਲਾਂ ਵੱਲੋਂ ਅਦਾਲਤ ਵਿੱਚ ਦਾਇਰ ਦਰਖਾਸਤ ਤੋਂ ਹੋਇਆ ਹੈ। ਦਰਖਾਸਤ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਮਾਰਸ਼ਲ ਤੋਂ ਜਾਣਕਾਰੀ ਮਿਲੀ ਹੈ ਕਿ ਕਾਰਮੈਨ ਦੀ 15 ਜੂਨ 2023 ਨੂੰ ਮੌਤ ਹੋ ਗਈ ਹੈ, ਇਸ ਲਈ ਉਸ ਵਿਰੁੱਧ ਦਾਇਰ ਦੋਸ਼ ਖਾਰਜ ਕੀਤੇ ਜਾਣ। ਮੌਤ ਦਾ ਕਾਰਨ ਨਹੀਂ ਦੱਸਿਆ ਗਿਆ ਹੈ। ਵਰਮੌਂਟ ਯੂ ਐਸ ਅਟਾਰਨੀ ਦੇ ਦਫ਼ਤਰ ਦੇ ਇਕ ਬੁਲਾਰੇ ਨੇ ਅਦਾਲਤ ਵਿੱਚ ਦਾਇਰ ਦਰਖਾਸਤ ਤੋਂ ਬਿਨਾਂ ਹੋਰ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਇਥੇ ਜਿਕਰਯੋਗ ਹੈ ਕਿ ਨਾਥਨ ਕਾਰਮੈਨ ਨੂੰ 2016 ਵਿੱਚ ਮੱਛੀਆਂ ਫੜਨ ਦੇ ਟੂਰ 'ਤੇ ਜਾਣ ਤੋਂ ਇਕ ਹਫਤੇ ਬਾਅਦ ਇਕ ਕਿਸ਼ਤੀ ਵਿੱਚ ਲੱਭ ਲਿਆ ਗਿਆ ਸੀ ਜਦ ਕਿ ਉਸ ਦੀ ਮਾਂ ਲਿੰਡਾ ਕਾਰਮੈਨ ਦੀ ਅੱਜ ਤੱਕ ਲਾਸ਼ ਨਹੀਂ ਮਿਲੀ। ਅਦਾਲਤੀ ਰਿਕਾਰਡ ਅਨੁਸਾਰ ਨਾਥਨ ਵਿਰੁੱਧ ਸੁਣਵਾਈ ਅਕਤੂਬਰ ਵਿੱਚ ਸ਼ੁਰੂ ਹੋਣੀ ਸੀ। ਉਸ ਨੂੰ ਮਈ 2022 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਵਿਰੁੱਧ ਦਾਇਰ ਦੋਸ਼ਾਂ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਆਪਣੇ ਦਾਦਾ ਜੌਹਨ ਚਕਾਲੋਸ ਦੀ ਵੀ 2013 ਵਿੱਚ ਉਸ ਦੇ ਕੋਨੈਕਟੀਕਟ ਵਿਚਲੇ ਘਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਯੂ ਐਸ ਅਟਾਰਨੀ ਦਫ਼ਤਰ ਵਰਮੌਂਟ ਡਿਸਟ੍ਰਿਕਟ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਕਾਰਮੈਨ ਦੇ ਸਾਰੇ ਕਥਿੱਤ ਅਪਰਾਧ ਪੈਸਾ ਤੇ ਜਾਇਦਾਦ ਹੜੱਪਣ ਲਈ ਉਸ ਦੀ ਸਕੀਮ ਦਾ ਹਿੱਸਾ ਸਨ।

### ਆਪਣੀ ਪਤਨੀ ਤੇ 2 ਬੱਚਿਆਂ ਸਮੇਤ ਕਾਰ ਨੂੰ ਡੂੰਘੀ ਖੱਡ 'ਚ ਸੁੱਟਣ ਦਾ ਮਾਮਲਾ

## ਅਦਾਲਤ ਨੇ ਭਾਰਤੀ ਮੂਲ ਦੇ ਦੋਸ਼ੀ ਡਾ. ਪਟੇਲ ਦੇ ਪ੍ਰੈਕਟਿਸ ਕਰਨ 'ਤੇ ਲਗਾਈ ਰੋਕ

ਸੈਕਰਾਮੈਂਟੋ,ਕੈਲੀਫੋਰਨੀਆ / ਹੁਸਨ ਲੜੋਆ ਬੰਗਾ: ਭਾਰਤੀ ਮੂਲ ਦਾ ਡਾ. ਧਰਮੇਸ਼ ਪਟੇਲ, ਜਿਸ ਉਪਰ ਆਪਣੀ ਪਤਨੀ ਤੇ 2 ਛੋਟੇ ਬੱਚਿਆਂ ਸਮੇਤ ਕਾਰ ਨੂੰ ਜਾਣ ਬੁਝਕੇ 250 ਫੁੱਟ ਡੂੰਘੀ ਖੱਡ ਵਿੱਚ ਸੁੱਟਣ ਦੇ ਦੋਸ਼ ਲਾਏ ਗਏ ਹਨ, ਨੂੰ ਇਕ ਯੂ ਐਸ ਅਦਾਲਤ ਵੱਲੋਂ ਮੈਡੀਕਲ ਪ੍ਰੈਕਟਿਸ ਕਰਨ ਤੋਂ ਰੋਕ ਦੇਣ ਦੀ ਖਬਰ ਹੈ। ਮੈਡੀਕਲ ਬੋਰਡ ਆਫ਼ ਕੈਲੀਫੋਰਨੀਆ ਨੇ ਅਦਾਲਤ ਵਿੱਚ ਪੇਸ਼ ਕੀਤੇ ਇਕ ਮਤੇ ਵਿੱਚ ਮੰਗ ਕੀਤੀ ਸੀ ਕਿ ਵਿਸ਼ੇਸ਼ ਤੌਰ 'ਤੇ ਜੇਕਰ ਪਟੇਲ ਨੂੰ ਜ਼ਮਾਨਤ ਮਿਲ ਜਾਂਦੀ ਹੈ ਤਾਂ ਜਦੋਂ ਤੱਕ ਉਸ ਵਿਰੁੱਧ ਅਪਰਾਧਕ ਮਾਮਲੇ ਦੀ ਸੁਣਵਾਈ ਪੂਰੀ ਨਹੀਂ ਹੁੰਦੀ ਉਸ ਨੂੰ ਮੈਡੀਕਲ ਪ੍ਰੈਕਟਿਸ ਕਰਨ ਤੋਂ ਰੋਕਿਆ ਜਾਵੇ। ਸੈਨ ਮੈਟੀਓ ਕਾਊਂਟੀ ਸੁਪੀਰੀਅਰ ਕੋਰਟ ਜੱਜ ਰਚੇਲ ਹੋਲਟ ਨੇ ਬੋਰਡ ਦੀ ਇਸ ਮੰਗ ਨੂੰ ਪ੍ਰਵਾਨ ਕਰ ਲਿਆ ਹੈ। ਬੋਰਡ ਨੇ ਦਲੀਲ ਦਿੱਤੀ ਹੈ ਕਿ ਪਟੇਲ ਜੋ ਇਕ ਡਾਕਟਰ ਹੈ, ਆਮ ਜਨਤਾ ਲਈ ਖਤਰਾ ਹੈ। 41 ਸਾਲਾ ਧਰਮੇਸ਼ ਪਟੇਲ ਪ੍ਰਾਵੀਡੈਂਸ ਹੋਲੀ ਕਰਾਸ ਮੈਡੀਕਲ ਸੈਂਟਰ ਲਾਸ ਏਂਜਲਸ ਵਿੱਚ ਰੇਡੀਆਲੋਜਿਸਟ ਵਜੋਂ ਸੇਵਾਵਾਂ ਨਿਭਾਅ ਰਿਹਾ ਸੀ ਤੇ ਇਸ ਸਮੇਂ ਜੇਲ੍ਹ ਵਿੱਚ ਹੈ। ਇਸ ਸਾਲ ਫਰਵਰੀ ਵਿਚ ਉਸ ਵਿਰੁੱਧ ਹੱਤਿਆਵਾਂ ਕਰਨ ਦੀ ਕੋਸ਼ਿਸ਼ ਕਰਨ ਲਈ ਪਹਿਲਾ ਦਰਜਾ ਹੱਤਿਆ ਤੇ ਬੱਚਿਆਂ ਦੀ ਜਿੰਦਗੀ ਨਾਲ ਖਿਲਵਾੜ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪਟੇਲ ਜੋ ਪਾਸਾਡੇਨਾ, ਕੈਲੀਫੋਰਨੀਆ ਦਾ ਵਾਸੀ ਹੈ, ਇਸ ਸਮੇਂ ਸੈਨ ਮੈਟੀਓ ਕਾਊਂਟੀ ਜੇਲ੍ਹ ਵਿੱਚ ਬੰਦ ਹੈ। ਪਟੇਲ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ ਤੇ ਕਿਹਾ ਹੈ ਕਿ ਕਾਰ ਦੇ ਟਾਇਰਾਂ ਦੀ ਖਰਾਬੀ ਕਾਰਨ ਇਹ ਹਾਦਸਾ ਵਾਪਰਿਆ ਸੀ। ਜਦ ਕਿ ਉਸ ਦੀਪਤਨੀ ਨੇ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਇਹ ਮਹਿਜ ਇਕ ਹਾਦਸਾ ਨਹੀਂ ਹੈ ਬਲਕਿ ਜਾਣਬੁਝ ਕੇ ਕਾਰ ਨੂੰ ਖੱਡ ਵਿੱਚ ਸੁੱਟਿਆ ਗਿਆ ਹੈ।



# ਗਿ. ਰਘਬੀਰ ਸਿੰਘ ਬਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ

## ਜਥੇਦਾਰ ਗਿ. ਹਰਪ੍ਰੀਤ ਸਿੰਘ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਣੇ ਰਹਿਣਗੇ

### ਗਿ. ਸੁਲਤਾਨ ਸਿੰਘ ਹੋਣਗੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਕੋਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੌਂਪੀਆਂ ਵਾਧੂ ਸੇਵਾਵਾਂ ਵਾਪਸ ਲੈਂਦਿਆਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਹੈ। ਗਿਆਨੀ ਰਘਬੀਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਉਣਗੇ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਵਿੱਚ ਲਿਆ ਗਿਆ। ਅੰਤ੍ਰਿੰਗ ਕਮੇਟੀ ਨੇ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਜ਼ਿੰਮੇਵਾਰੀ ਸੌਂਪੀ ਹੈ। ਉਂਜ ਗਿਆਨੀ ਹਰਪ੍ਰੀਤ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕਈ ਵੱਡੇ ਫ਼ੈਸਲੇ ਲਏ ਗਏ ਅਤੇ ਲਗਭਗ 30 ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਇਹ ਮੀਟਿੰਗ ਖ਼ਤਮ ਹੋ ਗਈ। ਮੀਟਿੰਗ ਮਗਰੋਂ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਦੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਇੱਛਾ ਨਾਲ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀਆਂ ਵਾਧੂ ਸੇਵਾਵਾਂ ਨਿਭਾਉਣ 'ਚ ਅਸਮਰੱਥਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀ ਥਾਂ ਪੱਕੇ ਜਥੇਦਾਰ ਦੀ ਨਿਯੁਕਤੀ ਕਰਨ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ।



ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਸੇਵਾ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਵਜੋਂ ਆਪਣੀ ਸੇਵਾ ਜਾਰੀ ਰੱਖਣਗੇ। ਇਸ ਮੌਕੇ ਅੰਤ੍ਰਿੰਗ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ। ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ, ਜਿਨ੍ਹਾਂ ਨੂੰ ਕਾਰਜਕਾਰੀ ਹੈੱਡ ਗ੍ਰੰਥੀ ਦੀ ਸੇਵਾ ਸੌਂਪੀ ਸੀ, ਪਹਿਲਾਂ ਵਾਂਗ ਵਧੀਕ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾਉਣਗੇ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਪਿਛਲੇ ਕੁਝ ਸਮੇਂ ਤੋਂ ਵਿਵਾਦਾਂ ਦੇ ਘੇਰੇ ਵਿੱਚ ਸਨ। ਉਹ 'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਦੇ ਮੰਗਣੀ ਸਮਾਗਮ ਵਿੱਚ ਸ਼ਿਰਕਤ ਕਰਨ ਗਏ ਸਨ ਅਤੇ ਉਸ ਤੋਂ ਬਾਅਦ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਤਰਾਜ਼ ਕੀਤਾ ਜਾ ਰਿਹਾ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਹੇਠਲੇ ਪੱਧਰ 'ਤੇ ਲੋਕਾਂ ਨਾਲ ਜੁੜਨ ਅਤੇ ਪਿੰਡਾਂ ਵੱਲ ਤੁਰਨ ਦੇ ਦਿੱਤੇ ਗਏ ਸੁਝਾਅ ਵੀ ਹਜ਼ਮ ਨਹੀਂ ਹੋਏ ਸਨ।

**ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂਘਰ ਦਾ ਸ਼ੁਕਰਾਨਾ ਕੀਤਾ**

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ ਖਾਤੇ ਵਿੱਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਗੁਰੂਘਰ ਦਾ ਸ਼ੁਕਰਾਨਾ ਕੀਤਾ ਹੈ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਗੁਰੂ ਮਿਹਰ ਭਰਿਆ ਹੱਥ ਬਣਾਈ ਰੱਖੇ ਅਤੇ ਪੱਤ ਬਖ਼ਸ਼ਣ। ਇਹ ਪੋਸਟ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਆਪਣੇ ਸੋਸ਼ਲ ਮੀਡੀਆ ਖਾਤੇ ਵਿੱਚ ਦਰਜ ਕੀਤੀ ਹੈ।

## ਬੇਅਦਬੀ ਦੇ ਮਾਮਲੇ ਰੋਕਣ ਲਈ ਮੁਹਿੰਮ ਚਲਾਵਾਂਗੇ: ਜਥੇ. ਗਿ. ਰਘਬੀਰ ਸਿੰਘ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਨਿਯੁਕਤ ਕੀਤੇ ਗਏ ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਸਿੱਖ ਧਰਮ ਦੇ ਪ੍ਰਚਾਰ-ਪਸਾਰ ਨੂੰ ਵਧਾਉਣ ਅਤੇ ਬੇਅਦਬੀ ਮਾਮਲਿਆਂ ਨੂੰ ਰੋਕਣ ਲਈ ਉਹ ਜਾਗਰੂਕਤਾ ਮੁਹਿੰਮ ਚਲਾਉਣਗੇ।

ਆਪਣੀ ਨਿਯੁਕਤੀ ਲਈ ਗੁਰੂਘਰ ਦਾ ਸ਼ੁਕਰਾਨਾ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਅਤੇ ਸੰਗਤ ਨੂੰ ਗੁਰੂਘਰ ਦੀ ਸੇਵਾ ਸੰਭਾਲ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸੇ ਤਰ੍ਹਾਂ ਨੌਜਵਾਨ ਪੀੜ੍ਹੀ ਨੂੰ ਪਤਿਤਪੁਣੇ ਤੋਂ ਰੋਕਣ ਅਤੇ ਸਿੱਖੀ ਨਾਲ ਜੋੜਨ ਲਈ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਦੇ ਰਹਿਣ ਵਾਲੇ ਹਨ। ਉਨ੍ਹਾਂ 1989 'ਚ ਗ੍ਰੰਥੀ ਸਿੰਘ ਵਜੋਂ ਸੇਵਾਵਾਂ ਸ਼ੁਰੂ ਕੀਤੀਆਂ ਅਤੇ 1995 ਤੱਕ ਵੱਖ-ਵੱਖ ਅਸਥਾਨਾਂ 'ਤੇ ਸੇਵਾ ਨਿਭਾਈ। ਉਨ੍ਹਾਂ 1995 ਤੋਂ ਅਪਰੈਲ 2014 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰਿਆਂ 'ਚ ਸਿੰਘ ਵਜੋਂ ਸੇਵਾ ਨਿਭਾਈ। ਉਨ੍ਹਾਂ ਨੂੰ 21 ਅਪਰੈਲ, 2014 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ 24 ਅਗਸਤ, 2017 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਸੇਵਾ ਸੌਂਪੀ ਗਈ ਸੀ। ਉਧਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਗਏ ਗਿਆਨੀ ਸੁਲਤਾਨ ਸਿੰਘ ਇਸ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਵੱਜੋਂ ਸੇਵਾ ਨਿਭਾਅ ਰਹੇ ਹਨ। ਉਨ੍ਹਾਂ 2008 ਵਿੱਚ ਬਤੌਰ ਗ੍ਰੰਥੀ ਸਿੰਘ ਸੇਵਾ ਸ਼ੁਰੂ ਕੀਤੀ ਸੀ ਅਤੇ 2015 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸੀਏ ਵਜੋਂ ਸੇਵਾ ਸੰਭਾਲੀ ਸੀ। ਸਾਲ 2021 ਵਿੱਚ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ।

## ਪਾਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਵੱਲੋਂ ਜਥਿਆਂ ਦੀ ਗਿਣਤੀ ਵਧਾਉਣ ਦੀ ਮੰਗ

### ਕਿਹਾ ਕਿ ਸਾਲ 'ਚ 4 ਦੀ ਬਜਾਏ 8 ਵਾਰ ਪਾਕਿ ਜਥੇ ਭੇਜੇ ਜਾਣ, ਸਰਕਾਰਾਂ ਦੁਵੱਲਾ ਸਮਝੌਤਾ ਕਰਨ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਸਾਲ ਵਿੱਚ 4 ਦੀ ਬਜਾਏ 8 ਵਾਰ ਭਾਰਤੀ ਸਿੱਖ ਯਾਤਰੂ ਜਥਿਆਂ ਨੂੰ ਪਾਕਿ ਭੇਜਣ ਦੀ ਮੰਗ ਕਰਦਿਆਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਕਿਹਾ ਕਿ ਜਥਿਆਂ ਦੀ ਗਿਣਤੀ ਵਧਾਉਣ ਬਾਰੇ ਭਾਰਤ ਅਤੇ ਪਾਕਿ ਸਰਕਾਰ ਨੂੰ ਆਪਸੀ ਦੁਵੱਲਾ ਸਮਝੌਤਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਪਾਕਿ ਦਰਮਿਆਨ ਦੁਵੱਲੇ 'ਪ੍ਰੋਟੋਕਾਲ ਆਨ ਵਿਜ਼ਿਟਸ ਟੂ ਰਿਲੀਜੀਅਸ ਸ਼ਰਾਈਨਜ਼-1974' ਸਮਝੌਤੇ ਤਹਿਤ ਹਰ ਸਾਲ ਭਾਰਤੀ ਜਥੇ ਵਿਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆ ਰਹੇ ਹਨ। ਜਦ ਕਿ ਹੁਣ ਦੋਵੇਂ ਮੁਲਕਾਂ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਹੋਰਨਾਂ



ਸਿਆਸੀ ਪਾਰਟੀਆਂ ਨੇ ਪ੍ਰੋਟੋਕਾਲ ਯਾਤਰੂ ਜਥਿਆਂ ਦੀ ਸੂਚੀ ਵਿੱਚ ਲਾਹੌਰ ਵਿੱਚ ਹਰ ਵਰ੍ਹੇ 9 ਅਕਤੂਬਰ ਨੂੰ ਮਨਾਏ ਜਾਂਦੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ, 22 ਸਤੰਬਰ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿੱਚ ਮਨਾਏ ਜਾਂਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਹਾੜੇ, 21 ਫਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ 'ਚ ਮਨਾਏ ਜਾਂਦੇ ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ 30 ਅਕਤੂਬਰ ਨੂੰ ਮਨਾਏ ਜਾਣ ਵਾਲੇ ਸਾਕਾ ਸ੍ਰੀ ਪੰਜਾ ਸਾਹਿਬ ਮੌਕੇ ਵੀ ਭਾਰਤੀ ਸਿੱਖ ਜਥਿਆਂ ਨੂੰ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਭਾਰਤ ਸਮੇਤ ਦੁਨੀਆਂ ਭਰ ਦੇ ਸਿੱਖਾਂ ਵਿਚ ਵਿਸ਼ੇਸ਼ ਉਤਸ਼ਾਹ ਪਾਇਆ ਜਾਂਦਾ ਹੈ। ਵੱਡੀਆਂ ਗਿਣਤੀ 'ਚ ਸ਼ਰਧਾਲੂ ਪਾਕਿਸਤਾਨ ਵਿਚ ਗੁਰੂਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਆਉਂਦੇ ਹਨ।

## ਗਿਆਨੀ ਬਲਦੇਵ ਸਿੰਘ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਵੇਂ ਜਥੇਦਾਰ ਨਿਯੁਕਤ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਤੋਂ ਬਾਅਦ ਤਖ਼ਤ ਸ੍ਰੀ ਹਰਿਮੰਦਿਰ ਜੀ ਪਟਨਾ ਸਾਹਿਬ ਦਾ ਵੀ ਨਵਾਂ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਗਿਆਨੀ ਬਲਦੇਵ ਸਿੰਘ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਨਿਯੁਕਤ ਗਿਆ ਹੈ। ਪਟਨਾ ਸਾਹਿਬ ਬੋਰਡ ਨੇ ਇਹ ਫੈਸਲਾ ਲਿਆ ਹੈ। ਗਿਆਨੀ ਬਲਦੇਵ ਸਿੰਘ ਇਸ ਤੋਂ ਪਹਿਲਾਂ ਪਟਨਾ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਦੇ ਤੌਰ 'ਤੇ ਸੇਵਾ ਨਿਭਾ ਰਹੇ ਹਨ। ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਜਥੇਦਾਰ ਗਿਆਨੀ ਰਣਜੀਤ ਸਿੰਘ ਦੇ ਵਿਵਾਦ ਤੋਂ



ਬਾਅਦ ਇਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਥੇਦਾਰਾਂ ਦੀਆਂ ਸੇਵਾਵਾਂ ਤੋਂ ਹਟਾ ਦਿੱਤਾ ਸੀ।

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਨਰਿੰਦਰ ਮੋਦੀ ਦੇ ਅਮਰੀਕੀ ਦੌਰੇ ਦੌਰਾਨ ਹੋਵੇਗਾ ਵੱਡਾ ਵਿਰੋਧ ਪ੍ਰਦਰਸ਼ਨ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ : ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਦੌਰਾ ਕਾਫ਼ੀ ਸਮੇਂ ਤੋਂ ਸੁਰਖ਼ੀਆਂ 'ਚ ਹੈ, ਜਿੱਥੇ ਇਕ ਪਾਸੇ ਅਮਰੀਕੀ ਰਾਸ਼ਟਰਪਤੀ ਉਨ੍ਹਾਂ ਦਾ ਸਵਾਗਤ ਕਰਨਗੇ ਤਾਂ ਦੂਜੇ ਪਾਸੇ ਮਨੁੱਖੀ ਅਧਿਕਾਰ ਕਾਰਕੁਨ ਉਨ੍ਹਾਂ ਦੇ ਦੌਰੇ ਦਾ ਵਿਰੋਧ ਕਰਨਗੇ।

ਅਮਰੀਕੀ ਅਧਿਕਾਰ ਸਮੂਹ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੇ ਵਿਗੜਦੇ ਮੁੱਦਿਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕੀ ਯਾਤਰਾ ਦਾ ਵਿਰੋਧ ਕਰਨਗੇ। ਇਸ ਧਰਨੇ ਨੂੰ ਲੈ ਕੇ ਵੱਡੇ ਪੱਧਰ 'ਤੇ ਤਿਆਰੀਆਂ ਚੱਲ ਰਹੀਆਂ ਹਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਧਰਨੇ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ।

ਅਮਰੀਕੀ ਪੱਤਰਕਾਰ ਪੀਟਰ ਫਰੀਡਰਾਈਚ ਨੇ ਆਪਣੇ ਅਧਿਕਾਰਤ ਟਵਿੱਟਰ ਅਕਾਊਂਟ 'ਤੇ ਪ੍ਰਧਾਨ ਮੰਤਰੀ




ਮੋਦੀ ਦੇ ਅਮਰੀਕਾ ਦੌਰੇ ਦੌਰਾਨ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਦਾ ਵੇਰਵਾ ਦਿੰਦੇ ਹੋਏ ਇਕ ਪੋਸਟਰ ਸਾਂਝਾ ਕੀਤਾ ਹੈ।

ਇਸ ਪੋਸਟਰ 'ਚ 'ਮੋਦੀ ਨਾਟ ਵੈਲਕਮ' ਦੇ ਨਾਲ ਲਿਖਿਆ ਗਿਆ ਹੈ, ਗਲੋਬਲ ਫਾਸ਼ੀਵਾਦ ਦਾ ਵਿਰੋਧ ਕਰੋ। ਇਸ ਤੋਂ ਇਲਾਵਾ ਇਸ ਪੋਸਟਰ 'ਤੇ ਟਿੱਪਣੀ ਕਰਦੇ ਹੋਏ ਇਕ ਹੋਰ ਟਵਿੱਟਰ ਅਕਾਊਂਟ ਨੇ ਲਿਖਿਆ ਹੈ ਕਿ ਜੋ ਬਿਡੇਨ ਮੋਦੀ ਦੇ ਵ੍ਹਾਈਟ ਹਾਊਸ ਦੌਰੇ ਦੌਰਾਨ ਤੁਹਾਡਾ ਏਜੰਡਾ ਕੀ ਹੈ.? ਕੀ ਤੁਸੀਂ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਬਾਰੇ ਗੱਲ ਕਰਨਾ ਚਾਹੋਗੇ




ਜਿਸ ਤੋਂ ਭਾਰਤ ਵਿੱਚ ਘੱਟ ਗਿਣਤੀਆਂ ਪੀੜਤ ਹਨ.?

ਨਿਊਜ਼ ਏਜੰਸੀ ਰਾਇਟਰਜ਼ ਦੀ ਰਿਪੋਰਟ ਮੁਤਾਬਕ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਪੀਸ ਐਕਸ਼ਨ, ਵੈਟਰਨਜ਼ ਫਾਰ ਪੀਸ ਅਤੇ ਬੈਥੇਸਡਾ ਅਫਰੀਕਨ ਕਬਰਸਤਾਨ ਵਰਗੀਆਂ ਸੰਸਥਾਵਾਂ 22 ਜੂਨ ਨੂੰ ਵ੍ਹਾਈਟ ਹਾਊਸ ਨੇੜੇ ਇਕੱਠੇ ਹੋਣ ਦਾ ਦਾਅਵਾ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਅ ਬਿਡੇਨ ਇਸ ਦਿਨ ਮੁਲਾਕਾਤ ਕਰਨ ਵਾਲੇ ਹਨ।

ਹਿਊਮਨ ਰਾਈਟਸ ਵਾਚ ਦੇ ਏਸ਼ੀਆ ਡਿਵੀਜ਼ਨ ਦੀ ਡਾਇਰੈਕਟਰ ਐਲੇਨ ਪੀਅਰਸਨ ਨੇ ਅਮਰੀਕੀ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਪ੍ਰਧਾਨ ਮੰਤਰੀ ਮੋਦੀ ਦੇ ਦੌਰੇ ਦੌਰਾਨ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਜਨਤਕ ਅਤੇ ਨਿੱਜੀ ਤੌਰ 'ਤੇ ਚਿੰਤਾਵਾਂ ਉਠਾਉਣ ਦੀ ਅਪੀਲ ਕੀਤੀ ਹੈ।

## ਜੇਲ੍ਹ ਜਾਣ ਤੋਂ ਬਚਣ ਲਈ ਜੋਅ ਬਿਡੇਨ ਦਾ ਪੁੱਤਰ ਕਬੂਲ ਕਰੇਗਾ ਜੁਰਮ

ਵਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਨਿਆਂ ਵਿਭਾਗ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਪੁੱਤਰ ਹੰਟਰ 'ਤੇ ਸੰਘੀ ਟੈਕਸ ਅਤੇ ਹਥਿਆਰਾਂ ਦੇ ਅਪਰਾਧਾਂ ਦਾ ਦੋਸ਼ ਲਾਇਆ ਹੈ। ਨਿਆਂ ਵਿਭਾਗ ਨੇ ਕਿਹਾ ਕਿ ਹੰਟਰ ਬਾਇਡਨ ਨੇ ਟੈਕਸ ਛੋਟ ਪ੍ਰਾਪਤ ਕਰਨ ਅਤੇ ਹਥਿਆਰਾਂ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ ਕਰਨ ਲਈ ਸੌਦਾ ਕੀਤਾ ਸੀ। ਹਾਲਾਂਕਿ, ਹੰਟਰ ਹੁਣ ਕੁਝ ਅਪਰਾਧਾਂ ਲਈ ਦੋਸ਼ੀ ਮੰਨਣ ਲਈ ਸਹਿਮਤ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਨਿਆਂ ਵਿਭਾਗ ਨੇ ਅਮਰੀਕਾ ਦੇ ਡੇਲਾਵੇਅਰ ਦੀ ਇੱਕ ਜ਼ਿਲ੍ਹਾ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ ਹੈ। ਇਸ 'ਚ ਹੰਟਰ ਬਾਇਡਨ 'ਤੇ ਸੰਘੀ ਟੈਕਸਾਂ ਦਾ ਭੁਗਤਾਨ ਨਾ ਕਰਨ ਅਤੇ



ਹਥਿਆਰਾਂ ਦੇ ਨਾਜਾਇਜ਼ ਕਬਜ਼ੇ ਦਾ ਦੋਸ਼ ਲਗਾਇਆ ਗਿਆ ਹੈ।

ਮੰਨਿਆ ਜਾ ਰਿਹਾ ਹੈ ਕਿ ਹੰਟਰ ਨੇ ਜੇਲ੍ਹ ਜਾਣ ਤੋਂ ਬਚਣ ਲਈ ਇਹ ਸਮਝੌਤਾ ਕੀਤਾ ਹੈ। ਸਮਝੌਤੇ ਦੇ ਅਨੁਸਾਰ, ਹੰਟਰ ਬਿਡੇਨ ਟੈਕਸ ਚੋਰੀ ਦਾ ਦੋਸ਼ ਮੰਨੇਗਾ। ਹੰਟਰ ਜਲਦੀ ਹੀ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰ ਰੱਖਣ ਦੇ ਦੋਸ਼ਾਂ 'ਤੇ ਨਿਆਂ ਵਿਭਾਗ ਨਾਲ ਸਮਝੌਤਾ ਕਰ ਸਕਦਾ ਹੈ।ਦੱਸਿਆ ਜਾ ਰਿਹਾ ਹੈ ਕਿ ਇਹ ਸਮਝੌਤਾ ਬਾਇਡਨ ਦੇ ਦੂਜੇ ਪੁੱਤਰ ਦੇ ਖਿਲਾਫ ਨਿਆਂ ਵਿਭਾਗ ਦੁਆਰਾ ਲੰਬੇ ਸਮੇਂ ਤੋਂ ਚੱਲ ਰਹੀ ਜਾਂਚ 'ਤੇ ਬ੍ਰੇਕ ਲਗਾ ਦੇਵੇਗਾ। ਹੰਟਰ ਨੇ ਆਪਣੇ ਭਰਾ ਬੀਊ ਬਾਇਡਨ ਦੀ ਮੌਤ ਤੋਂ ਬਾਅਦ 2015 ਵਿੱਚ ਨਸ਼ੇ ਦੀ ਲਤ ਵਿੱਚ ਦਾਖਲਾ ਲਿਆ ਸੀ।ਨਿਆਂ ਵਿਭਾਗ ਨੇ ਕਿਹਾ ਕਿ ਸਿਧਾਂਤਕ ਤੌਰ 'ਤੇ ਉਸ ਨੂੰ ਟੈਕਸ ਚੋਰੀ ਦੇ ਦੋਸ਼ ਵਿੱਚ ਇੱਕ ਸਾਲ ਦੀ ਕੈਦ ਅਤੇ ਬੰਦੂਕ ਰੱਖਣ ਦੇ ਦੋਸ਼ ਵਿੱਚ ਵੱਧ ਤੋਂ ਵੱਧ 10 ਸਾਲ ਦੀ ਕੈਦ ਹੋ ਸਕਦੀ ਹੈ। ਨਿਆਂ ਵਿਭਾਗ ਦੇ ਨਾਲ ਸਮਝੌਤੇ ਲਈ ਨੂੰ ਅਜੇ ਵੀ ਜੱਜ ਦੀ ਪ੍ਰਵਾਨਗੀ ਦੀ ਲੋੜ ਹੈ, ਜੋ ਸਜ਼ਾ ਨਿਰਧਾਰਤ ਕਰੇਗਾ। ਇਹ ਅਸਪਸ਼ਟ ਹੈ ਕਿ ਹੰਟਰ ਬਿਡੇਨ ਟੈਕਸ ਦੇ ਦੋਸ਼ਾਂ 'ਤੇ ਆਪਣੇ ਦੋਸ਼ ਬਾਰੇ ਪਟੀਸ਼ਨ ਦਾਖਲ ਕਰਨ ਲਈ ਅਦਾਲਤ ਵਿੱਚ ਕਦੋਂ ਪੇਸ਼ ਹੋਵੇਗਾ।

## ਅਮਰੀਕਾ 'ਚ ਪਾਰਟੀ ਦੌਰਾਨ ਗੋਲੀਬਾਰੀ: ਨੌਜਵਾਨ ਦੀ ਮੌਤ, 9 ਜ਼ਖ਼ਮੀ

ਕੈਲੀਫੋਰਨੀਆ/ਏ.ਟੀ.ਨਿਊਜ਼: ਅਮਰੀਕਾ ਦੇ ਸੇਂਟ ਲੁਈਸ ਵਿੱਚ ਇੱਕ ਸਮੂਹਿਕ ਗੋਲੀਬਾਰੀ ਦੀ ਘਟਨਾ 'ਚ ਇਕ ਨੌਜਵਾਨ ਦੀ ਜਾਨ ਚਲੀ ਗਈ, ਜਦਕਿ 9 ਲੋਕ ਜ਼ਖ਼ਮੀ ਦੱਸੇ ਜਾ ਰਹੇ ਹਨ। ਜ਼ਖਮੀਆਂ ਦੀ ਉਮਰ 15 ਤੋਂ 19 ਸਾਲ ਦੇ ਵਿਚਕਾਰ ਦੱਸੀ ਜਾ ਰਹੀ ਹੈ। ਇੱਕ 17 ਸਾਲਾ ਲੜਕੀ ਗੰਭੀਰ ਜ਼ਖ਼ਮੀ ਹੈ। ਗੋਲੀਬਾਰੀ ਤੋਂ ਬਚਣ ਲਈ ਭੱਜਦੇ ਹੋਏ ਉਹ ਖਿਸਕ ਗਈ ਅਤੇ ਪੌੜੀਆਂ ਤੋਂ ਹੇਠਾਂ ਡਿੱਗ ਗਈ।

ਸੀਐਨਐਨ ਦੀ ਰਿਪੋਰਟ ਮੁਤਾਬਕ ਇਹ ਘਟਨਾ ਅਮਰੀਕੀ ਸਮੇਂ ਅਨੁਸਾਰ ਸਵੇਰੇ 1 ਵਜੇ ਪਾਰਟੀ ਦੌਰਾਨ ਵਾਪਰੀ। ਪੁਲਿਸ ਨੇ ਘਟਨਾ ਵਾਲੀ ਥਾਂ ਤੋਂ ਕਈ ਹਥਿਆਰ ਬਰਾਮਦ ਕੀਤੇ ਹਨ। ਉਨ੍ਹਾਂ ਕੋਲ ਇੱਕ ਏਆਰ-15 ਸਟਾਈਕਸ ਰਾਈਫਲ ਅਤੇ ਇੱਕ ਹੈਂਡਗਨ ਵੀ ਹੈ।

ਪੁਲਿਸ ਪਾਰਟੀ ਦੇ ਪ੍ਰਬੰਧਕ ਦੀ ਭਾਲ ਕਰ ਰਹੀ ਹੈ। ਰਿਪੋਰਟਾਂ ਮੁਤਾਬਕ, ਪੁਲਿਸ ਉਸ ਇਮਾਰਤ ਦੇ ਮਾਲਕ ਲੋਕਾਂ ਦੀ ਭਾਲ ਕਰ ਰਹੀ ਹੈ ਜਿੱਥੇ ਗੋਲੀਬਾਰੀ ਹੋਈ ਸੀ। ਸੇਂਟ ਲੁਈਸ ਦੇ ਮੇਅਰ ਨੇ ਕਿਹਾ ਕਿ ਉਹ ਇਸ ਘਟਨਾ ਤੋਂ ਬਹੁਤ ਦੁਖੀ ਹਨ।

ਉਨ੍ਹਾਂ ਕਿਹਾ ਕਿ ਗੋਲੀਬਾਰੀ ਦੀਆਂ ਲਗਾਤਾਰ ਵੱਧ ਰਹੀਆਂ ਘਟਨਾਵਾਂ ਨਾਲ ਬੱਚਿਆਂ ਲਈ ਕੋਈ ਥਾਂ ਨਹੀਂ ਬਚੀ, ਜਿੱਥੇ ਉਹ ਆਪਣੇ ਦੋਸਤਾਂ ਨਾਲ ਖੇਡਣ ਅਤੇ ਘੁੰਮਣ ਲਈ ਜਾ ਸਕਣ।

ਨਾਗਰਿਕਾਂ ਦੁਆਰਾ ਬੰਦੂਕ ਦੀ

(ਬਾਕੀ ਸਫ਼ਾ 30 'ਤੇ)

## ਪਾਕਿਸਤਾਨ ਹੋ ਸਕਦੈ ਡਿਫ਼ਾਲਟਰ, ਜੂਨ ਦੇ ਅੰਤ ਤੱਕ 4 ਅਰਬ ਡਾਲਰ ਦੀ ਲੋੜ




ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਵੱਲੋਂ ਪੇਸ਼ ਕੀਤੇ ਬਜਟ ਤੋਂ ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਬਹੁਤ ਨਾਰਾਜ਼ ਹੈ। ਮੰਨਿਆ ਜਾ ਰਿਹਾ ਹੈ ਕਿ ਪਾਕਿ ਲਈ ਆਈ. ਐਮ. ਐਫ. ਤੋਂ ਨਵਾਂ ਕਰਜ਼ਾ ਲੈਣਾ ਬਹੁਤ ਮੁਸ਼ਕਿਲ ਹੈ। ਪਾਕਿਸਤਾਨੀ ਮੀਡੀਆ ਰਿਪੋਰਟਾਂ ਮੁਤਾਬਕ ਪਾਕਿ ਸਰਕਾਰ ਨੂੰ ਡਿਫਾਲਟ ਤੋਂ ਬਚਣ ਲਈ ਇਸ ਮਹੀਨੇ ਦੇ ਅੰਤ ਤੱਕ 4 ਅਰਬ ਡਾਲਰ ਦੀ ਲੋੜ ਹੈ। ਇਸ ਫੰਡ ਤੋਂ ਬਿਨਾਂ ਉਹ ਪੁਰਾਣੇ ਕਰਜ਼ੇ ਦੀਆਂ ਕਿਸ਼ਤਾਂ ਵੀ ਨਹੀਂ ਮੋੜ ਸਕੇਗਾ। ਉਕਤ ਰਿਪੋਰਟਾਂ ਮੁਤਾਬਕ ਸ਼ਾਹਬਾਜ਼ ਸ਼ਰੀਫ ਸਰਕਾਰ ਸਾਹਮਣੇ ਦੋ ਹੀ ਰਸਤੇ ਹਨ, ਪਹਿਲਾ- ਆਈ. ਐਮ. ਐਫ. ਨੂੰ ਜਲਦੀ ਤੋਂ ਜਲਦੀ ਕਰਜ਼ੇ ਦੀਆਂ ਕਿਸ਼ਤਾਂ ਜਾਰੀ ਕਰਨੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ, ਦੂਜਾ - ਡਿਫਾਲਟ ਹੋਣ ਤੋਂ ਬਚਣ ਲਈ ਸਾਊਦੀ ਅਰਬ ਜਾਂ ਚੀਨ ਵਰਗੇ ਮਿੱਤਰ ਦੇਸ਼ਾਂ ਤੋਂ ਆਪਣੇ ਸਰਕਾਰੀ ਖਜ਼ਾਨੇ ਵਿੱਚ 4 ਅਰਬ ਡਾਲਰ ਜਮ੍ਹਾਂ ਕਰਾਉਣੇ ਚਾਹੀਦੇ ਹਨ। ਪਾਕਿ ਦੇ ਸੰਘੀ ਵਿੱਤ ਮੰਤਰੀ ਇਸਹਾਕ ਡਾਰ ਨੇ ਕਿਹਾ ਹੈ ਕਿ ਜੇਕਰ ਆਈ. ਐਮ. ਐਫ. ਪਾਕਿ ਨੂੰ ਕਰਜ਼ੇ ਦੀਆਂ ਕਿਸ਼ਤਾਂ ਜਾਰੀ ਕਰਨਾ ਸ਼ੁਰੂ ਨਹੀਂ ਕਰਦਾ ਜਾਂ ਉਨ੍ਹਾਂ ਦੇ ਪੁਰਾਣੇ ਪ੍ਰੋਗਰਾਮ ਨੂੰ

(ਬਾਕੀ ਸਫ਼ਾ 30 'ਤੇ)

## ਬਹੁਤ ਰੁਝੇਵਿਆਂ ਕਾਰਨ ਮੈਂ ਖ਼ੁਫ਼ੀਆ ਦਸਤਾਵੇਜ਼ ਮੋੜ ਨਹੀਂ ਸਕਿਆ -ਟਰੰਪ

ਸੈਕਰਾਮੈਂਟੋ, ਕੈਲੀਫੋਰਨੀਆ /ਹੁਸਨ ਲੜੋਆ ਬੰਗਾ: ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਈਟ ਹਾਊਸ ਛੱਡਣ ਸਮੇਂ ਆਪਣੇ ਨਾਲ ਲੈ ਗਏ ਖੁਫ਼ੀਆ ਦਸਤਾਵੇਜ਼ ਨਾ ਮੋੜਨ ਬਾਰੇ ਇਕ ਹੋਰ ਸਪਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਉਹ ਬਹੁਤ ਰੁਝੇ ਹੋਏ ਸਨ ਇਸ ਲਈ ਉਸ ਨੂੰ ਆਪਣੇ ਨਿੱਜੀ ਸਮਾਨ ਵਿਚੋਂ ਦਸਤਾਵੇਜ਼ਾਂ ਨੂੰ ਵੱਖ ਕਰਨ ਦਾ ਸਮਾਂ ਨਹੀਂ ਮਿਲਿਆ।



ਸਾਬਕਾ ਰਾਸ਼ਟਰਪਤੀ ਨੇ ਇਹ ਪ੍ਰਗਟਾਵਾ ਫੌਕਸ ਨਿਊਜ਼ ਦੇ ਚੀਫ ਪੁਲੀਟੀਕਲ ਐਂਕਰ ਬਰੈਟ ਬੇਈਰ ਨਾਲ ਸਪੈਸ਼ਲ ਰਿਪੋਰਟ ਸ਼ੋਅ ਦੌਰਾਨ ਗੱਲਬਾਤ ਕਰਦਿਆਂ ਕੀਤਾ ਹੈ। ਜਦੋਂ ਸਾਬਕਾ ਰਾਸ਼ਟਰਪਤੀ ਨੂੰ ਪੁੱਛਿਆ ਗਿਆ ਕਿ ਨੈਸ਼ਨਲ ਆਰਕੀਵਜ਼ ਤੇ ਨਿਆਂ ਵਿਭਾਗ ਦੁਆਰਾ ਮੰਗੇ ਜਾਣ 'ਤੇ ਉਸ ਨੇ ਦਸਤਾਵੇਜ਼ਾਂ ਵਾਲੇ ਡੱਬੇ ਵਾਪਿਸ ਕਿਉਂ ਨਹੀਂ ਦਿੱਤੇ ਤਾਂ ਉਨ੍ਹਾਂ ਕਿਹਾ ਕਿ ਮੇਰੇ ਕੋਲ ਡੱਬੇ ਸਨ ਤੇ ਮੈਂ ਆਪਣੇ ਨਿੱਜੀ

(ਬਾਕੀ ਸਫ਼ਾ 30 'ਤੇ)

## ਅਮਰੀਕਾ ਦੇ ਮਿਨੀਸੋਟਾ ਰਾਜ ਵਿੱਚ ਵਾਪਰਿਆ ਭਿਆਨਕ ਸੜਕ ਹਾਦਸਾ, 5 ਔਰਤਾਂ ਦੀ ਹੋਈ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਮਿਨੀਸੋਟਾ ਰਾਜ ਦੇ ਸ਼ਹਿਰ ਮਿਨੀਆਪੋਲਿਸ ਵਿੱਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿੱਚ 5 ਔਰਤ ਦੇ ਮਾਰੇ ਜਾਣ ਦੀ ਖਬਰ ਹੈ। ਮ੍ਰਿਤਕਾਂ ਦੀ ਉਮਰ 21 ਸਾਲ ਤੋਂ ਘੱਟ ਦੱਸੀ ਜਾਂਦੀ ਹੈ। ਮਿਨੀਆਪੋਲਿਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਹਾਦਸੇ ਤੋਂ ਪਹਿਲਾਂ ਮਿਨੀਸੋਟਾ ਸਟੇਟ ਗਸ਼ਤੀ ਦਲ ਨੇ ਇੰਟਰ ਸਟੇਟ 35 ਉਪਰ ਇਕ ਤੇਜ਼ ਰਫ਼ਤਾਰ ਕਾਰ ਜਾਂਦੀ ਵੇਖੀ ਪਰੰਤੂ ਇਸ ਤੋਂ ਪਹਿਲਾਂ ਕਿ ਗਸ਼ਤੀ ਦਲ ਕਿਸੇ ਟਰੈਫ਼ਿਕ ਸਟਾਪ 'ਤੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਦਾ, ਉਸ ਦਾ ਡਰਾਈਵਰ ਕਾਰ ਨੂੰ ਰਾਸ਼ਟਰੀ ਮਾਰਗ ਛੱਡ ਕੇ ਇਕ ਪਾਸੇ ਲੈ ਕੇ ਨਿਕਲ ਗਿਆ। ਬਾਅਦ ਵਿੱਚ ਕਾਰ ਲੇਕ ਸਟਰੀਟ ਤੇ ਸੈਕੰਡ ਐਵੀਨਿਊ ਵਿਚਾਲੇ ਪੈਂਦੇ ਚੌਰਾਹੇ 'ਤੇ ਬਿਨਾਂ ਲਾਲ ਬੱਤੀ ਦੀ ਪਰਵਾਹ ਕੀਤੇ ਅੱਗੇ ਨਿਕਲ ਗਈ ਤੇ ਇਕ ਕਾਰ ਵਿੱਚ ਜਾ ਵੱਜੀ ਜਿਸ ਵਿੱਚ 4 ਬਾਲਗ ਔਰਤਾਂ ਤੇ 1 ਨਬਾਲਗ ਔਰਤ ਸਵਾਰ ਸੀ ਜਿਨਾਂ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੁਲਿਸ ਹਾਦਸੇ ਵਾਲੇ ਸਥਾਨ'ਤੇ ਸਥਾਨਕ ਸਮੇਂ ਅਨੁਸਾਰ ਰਾਤ 10.12 ਵਜੇ ਪਹੁੰਚੀ। ਬਿਆਨ ਅਨੁਸਾਰ ਹਾਦਸੇ ਲਈ ਜਿੰਮੇਵਾਰ ਕਾਰ ਦੇ ਡਰਾਈਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰੰਤੂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਹੇਨਪਿਨ ਕਾਊਂਟੀ ਮੈਡੀਕਲ ਸੈਂਟਰ ਵਿੱਚ ਡਾਕਟਰੀ ਜਾਂਚ ਲਈ ਦਾਖਲ ਕਰਵਾਇਆ ਗਿਆ ਹੈ। ਉਸ ਨੂੰ ਅਜੇ ਤੱਕ ਰਸਮੀ ਤੌਰ 'ਤੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਅਜੇ ਤੱਕ ਉਸ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਮ੍ਰਿਤਕਾਂ ਦੀ ਪਛਾਣ ਸਲਮਾ ਮੁਹੰਮਦ

ਐਬਡੀਕਾਦਿਰ (20), ਸਾਹਰਾ ਲਿਬਨ ਗੈਸਾਡੇ (20), ਸਾਗਲ ਬੁਰਹਾਨ ਹਰਸੀ (19), ਸਿਹਮ ਐਡਨ ਓਧੋਵਾ (19) ਤੇ ਸਬੀਰੀਨ ਮੁਹੰਮਦ ਅਲੀ (17) ਵਜੋਂ ਹੋਈ ਹੈ। ਇਹ ਪੰਜੇ ਔਰਤਾਂ ਆਪਸ ਵਿੱਚ ਦੋਸਤ ਸਨ ਤੇ ਆਪਣੇ ਦੋਸਤ ਦੇ ਵਿਆਹ ਵਿੱਚ ਸ਼ਾਮਿਲ ਹੋਣ ਲਈ ਇਕੱਠੀਆਂ ਹੋਈਆਂ ਸਨ।

# ਸ਼੍ਰੋਮਣੀ ਕਮੇਟੀ ਦੀਆਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਬਾਦਲ ਪਰਿਵਾਰ ਨੇ ਖ਼ੁਰਦ-ਬੁਰਦ ਕੀਤੀਆਂ : ਭਾਈ ਰਣਜੀਤ ਸਿੰਘ

## ਬਾਦਲ ਪਰਿਵਾਰ ਕੋਲੋਂ ਅਕਾਲੀ ਰਾਜਨੀਤੀ ਅਤੇ ਸ਼੍ਰੋਮਣੀ ਕਮੇਟੀ ਨੂੰ ਆਜ਼ਾਦ ਕਰਵਾਉਣ ਦਾ ਸੱਦਾ

ਜਲੰਧਰ/ਏ.ਟੀ.ਨਿਊਜ਼ : ਪੰਥਕ ਅਕਾਲੀ ਲਹਿਰ ਦੇ ਮੁਖੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਪੱਤਰਕਾਰ ਸੰਮੇਲਨ ਜ਼ਰੀਏ ਪੰਜਾਬ ਦੀ ਸਿੱਖ ਨੌਜਵਾਨੀ ਨੂੰ ਸੱਦਾ ਦਿੱਤਾ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਪਰਿਵਾਰ ਦੇ ਚੁੰਗਲ ਵਿਚੋਂ ਆਜ਼ਾਦ ਕਰਵਾਉਣ ਲਈ ਪਿੰਡ ਪੱਧਰ ’ਤੇ ਬੂਥ ਕਮੇਟੀਆਂ ਬਣਾਉਣ ਅਤੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਹੁਣੇ ਤੋਂ ਕਮਰਕੱਸੇ ਕਰ ਲੈਣ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲੀ



ਬਾਗ ਨੂੰ ਬਚਾਉਣ ਲਈ ਪੰਥਕ ਸੰਸਥਾਵਾਂ ’ਤੇ ਅਮਰਵੇਲ ਬਣੇ ਹੋਏ ਬਾਦਲ ਪਰਿਵਾਰ ਕੋਲੋਂ ਅਕਾਲੀ ਰਾਜਨੀਤੀ ਅਤੇ ਸ਼੍ਰੋਮਣੀ ਕਮੇਟੀ ਨੂੰ ਆਜ਼ਾਦ ਕਰਵਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੇ ਸਤਿਕਾਰ ਨੂੰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਨ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਪੰਥਕ ਰਹੁ-ਰੀਤਾਂ ਅਨੁਸਾਰ ਕਰਨ ਦੀ ਬਜਾਏ ਸੁਖਬੀਰ ਸਿੰਘ ਬਾਦਲ ਦੇ ਅਨੁਸਾਰ ਲਾਇਆ ਜਾਂਦਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਨੂੰ ਬਾਦਲ ਪਰਿਵਾਰ ਨੇ ਖ਼ੁਰਦ-ਬੁਰਦ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲੀ ਬਾਗ ਨੂੰ ਉਜਾੜ ਕੇ ਰੱਖ ਦਿੱਤਾ ਹੈ। ਇਸ ਮੌਕੇ ਗੁਰਮੀਤ ਸਿੰਘ ਰੰਧਾਵਾ, ਅੰਮ੍ਰਿਤ ਸਿੰਘ ਰਤਨਗੜ੍ਹ, ਰਜਿੰਦਰ ਸਿੰਘ ਛੰਨਾ, ਖੁਸ਼ਵੰਤ ਸਿੰਘ, ਦਰਸ਼ਨ ਸਿੰਘ ਚੀਮਾ, ਹਰਪਾਲ ਸਿੰਘ ਬਿਜਲੀਪੁਰ, ਅਮਰੀਕ ਸਿੰਘ ਰੋਮੀ, ਗੁਰਦੇਵ ਸਿੰਘ, ਰਾਜਦੀਪ ਸਿੰਘ, ਬਲਬੀਰ ਸਿੰਘ ਬੈਰੋਮਾਜਰਾ, ਜਸਜੀਤ ਸਿੰਘ ਸਮੁੰਦਰੀ, ਸਿਮਰਜੋਤ ਸਿੰਘ ਅਤੇ ਹੋਰ ਹਾਜ਼ਰ ਸਨ।



# ਅਕਾਲ ਤਖ਼ਤ ਤੋਂ ਸਰਵ ਪ੍ਰਵਾਨਿਤ ਰਹਿਤ ਮਰਿਆਦਾ ਦਾ ਭੋਗ ਪਾਉਣਾ ਚਾਹੁੰਦਾ ਹੈ ਬਾਦਲ ਪਰਿਵਾਰ : ਖ਼ਾਲਸਾ

ਜਲੰਧਰ/ਏ.ਟੀ.ਨਿਊਜ਼ : ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਪਸ਼ਟ ਕਰਨ ਕਿ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਨੇ ਕਿਸ ਹੈਸੀਅਤ ਵਿੱਚ ਸਿੱਖ ਰਹਿਤ ਮਰਿਆਦਾ ਨੂੰ ਖਰੜਾ ਦੱਸਿਆ ਹੈ ਕੀ ਇਹ ਬਿਆਨ ਕਮੇਟੀ ਵੱਲੋਂ ਹੈ ਜਾਂ ਨਿੱਜੀ ਹੈ। ਜਥੇਦਾਰ ਖਾਲਸਾ ਨੇ ਖਾਲਸਾ ਪੰਥ ਨੂੰ ਸੁਚੇਤ ਕਰਦਿਆਂ ਕਿਹਾ ਕਿ ਬਾਦਲ ਪਰਿਵਾਰ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਖਾਲਸਾ ਪੰਥ ਦੀ ਅਕਾਲ ਤਖਤ ਤੋਂ ਸਰਵ ਪ੍ਰਵਾਨਿਤ ਰਹਿਤ ਮਰਿਆਦਾ ਦਾ ਭੋਗ ਪਾਉਣਾ ਚਾਹੁੰਦਾ ਹੈ ਤੇ ਡੇਰਾਵਾਦ ਦੇ ਅਸੂਲ ਪੰਥ ਉਪਰ ਲਾਗੂ ਕਰਨਾ ਚਾਹੁੰਦਾ ਹੈ। ਉਹਨਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਪੁੱਛਿਆ ਕਿ ਸਿੱਖ ਰਹਿਤ ਮਰਿਆਦਾ ਦਾ ਵਿਰੋਧ ਕਰਕੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹੜੇ ਡੇਰੇ ਜਾਂ ਸੰਪਰਦਾ ਦੀ ਮਰਿਆਦਾ ਮੁਤਾਬਕ ਚਲਾਉਣਾ ਚਾਹੁੰਦੇ ਹਨ।



ਅਮਰਜੀਤ ਸਿੰਘ ਚਾਵਲਾ ਮੁਤਾਬਕ ਸਿੱਖ ਰਹਿਤ ਮਰਿਆਦਾ ਪੰਥ ਪ੍ਰਵਾਨਿਤ ਨਹੀਂ ਤਾਂ ਫਿਰ ਬਾਦਲਕੇ ਹੀ ਇਹ ਵੀ ਦੱਸਣ ਦੀ ਖੇਚਲ ਕਰਨ ਕਿ ਅਸਲ ਪ੍ਰਵਾਣਤ ਮਰਿਆਦਾ ਕਿਹੜੀ ਹੈ ਅਤੇ ਉਹ ਕਿੱਥੇ ਹੈ ?

ਜਥੇਦਾਰ ਖਾਲਸਾ ਨੇ ਕਿਹਾ ਕਿ ਹਾਲਾਂ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਮੈਂਬਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ 12 ਅਕਤੂਬਰ 1936 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਵਿੱਚ ਮਤਾ ਨੰਬਰ 149 ਪ੍ਰਵਾਨ ਕੀਤਾ ਗਿਆ ਕਿ ਸਰਬ ਹਿੰਦ ਸਿਖ ਮਿਸ਼ਨ ਬੋਰਡ ਦਾ ਮਤਾ ਮਤਾ ਨੰ: 1.8.36 ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਜਦ ਤਕ ਜਨਰਲ ਕਮੇਟੀ ਕੋਈ ਹੋਰ ਫੈਸਲਾ ਨਾ ਕਰੇ ਤਦ ਤਕ ਸਮੂਹ ਗੁਰਦੁਆਰਿਆਂ ਵਿੱਚ ਰਹੁਰੀਤ ਤੇ ਰਹਿਤ ਮਰਯਾਦਾ ਹੇਠ ਲਿਖੇ ਅਨੁਸਾਰ ਕੀਤੀ ਜਾਇਆ ਕਰੇ। ਇਸ ਤਰ੍ਹਾਂ ਇਹ ਰਹਿਤ ਮਰਯਾਦਾ ਹੁਣ ਖਰੜਾ ਨਾ ਰਹਿ ਕੇ ਬਾਕਾਇਦਾ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਹੋ ਗਈ। ਨਵੰਬਰ 1936 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਸ. ਲਾਲ ਸਿੰਘ ਵੱਲੋਂ ਸਿੱਖ ਰਹਿਤ ਮਰਯਾਦਾ ਦੀ ਪਹਿਲੀ ਐਡੀਸ਼ਨ ‘ਅਕਾਲੀ ਪਤ੍ਰਿਕਾ ਪ੍ਰੈਸ, ਮੈਕਲੇਗਨ ਰੋਡ, ਲਾਹੌਰ’ ਤੋਂ ਛਪਵਾ ਕੇ ਜਨਤਕ ਕੀਤੀ ਗਈ। ਉਹਨਾਂ ਕਿਹਾ ਜਥੇਦਾਰ ਧਾਮੀ ਤੇ ਸੁਖਬੀਰ ਬਾਦਲ ਨੂੰ ਇਸ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ।

# ‘ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023’ ਸਰਬਸੰਮਤੀ ਨਾਲ ਪਾਸ

ਚੰਡੀਗੜ੍ਹ/ਏ.ਟੀ.ਨਿਊਜ਼:ਪੰਜਾਬ ਵਿਧਾਨ ਸਭਾ ਨੇ ਸੂਬਾਈ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਦੇਣ ਲਈ ‘ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023’ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਤੋਂ ਇਲਾਵਾ ਇਕਲੌਤੇ ਆਜ਼ਾਦ ਉਮੀਦਵਾਰ ਨੇ ਵੀ ਇਸ ਬਿੱਲ ਦੀ ਹਮਾਇਤ ਕੀਤੀ। ਬਿੱਲ ਦੇ ਪਾਸ ਹੋਣ ਨਾਲ ਰਾਜਪਾਲ ਦੇ ਬਤੌਰ ਚਾਂਸਲਰ ਅਧਿਕਾਰ ਖ਼ਤਮ ਹੋਣ ਦਾ ਮੁੱਢ ਬੱਝ ਗਿਆ ਹੈ ਅਤੇ ਪੰਜਾਬ ਦੀਆਂ 13 ਰਾਜ ਸੰਚਾਲਿਤ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਮੁੱਖ ਮੰਤਰੀ ਕੋਲ ਹੋਵੇਗਾ। ਪੰਜਾਬ ਨੇ ਪੱਛਮੀ ਬੰਗਾਲ ਦੀ ਤਰਜ਼ ’ਤੇ ਅਜਿਹਾ ਬਿੱਲ ਪਾਸ



ਕਰਕੇ ਰਾਜਪਾਲ ਦੀ ਭੂਮਿਕਾ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ। ਰਾਜਪਾਲ ਵੱਲੋਂ ਇਸ ਬਿੱਲ ’ਤੇ ਮੋਹਰ ਲਾਈ ਜਾਂਦੀ ਹੈ ਜਾਂ ਨਹੀਂ, ਇਹ ਵੇਖਣਾ ਦਿਲਚਸਪ ਹੋਵੇਗਾ। ਰਾਜਪਾਲ ਨੇ ਪਿਛਲੇ ਸਮੇਂ ਦੌਰਾਨ (ਬਾਕੀ ਸਫ਼ਾ 30 ’ਤੇ)

# 6 ਮਹੀਨਿਆਂ ਤੋਂ ਖਾਲੜਾ ਦੀ ਬਾਇਓਪਿਕ ਫ਼ਿਲਮ ਦੀ ਰਿਲੀਜ਼ ਲਈ ਸੈਂਸਰ ਦੀ ਮਨਜ਼ੂਰੀ ਦਾ ਇੰਤਜ਼ਾਰ ਕਰ ਰਹੇ ਨੇ ਨਿਰਮਾਤਾ

## ਹੁਣ ਨਿਰਮਾਤਾਵਾਂ ਨੇ ਹਾਈ ਕੋਰਟ ਵੱਲ ਕੀਤਾ ਰੁਖ਼, 4 ਜੁਲਾਈ ਨੂੰ ਹੋਵੇਗੀ ਸੁਣਵਾਈ

ਮੁੰਬਈ/ਏ.ਟੀ.ਨਿਊਜ਼ : ਪ੍ਰਸਿੱਧ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੀ ਬਾਇਓਪਿਕ ਰੋਨੀ ਸਕਰੂਵਾਲਾ, ਅਭਿਸ਼ੇਕ ਚੌਬੇ ਤੇ ਹਨੀ ਤ੍ਰੇਹਨ ਵੱਲੋਂ ਬਣਾਈ ਗਈ ਹੈ। ਫ਼ਿਲਮ ਦਾ ਨਿਰਦੇਸ਼ਨ ਤ੍ਰੇਹਨ ਵਲੋਂ ਕੀਤਾ ਗਿਆ ਹੈ ਤੇ ਇਸ ’ਚ ਅਦਾਕਾਰ-ਗਾਇਕ ਦਿਲਜੀਤ ਦੋਸਾਂਝ ਮੁੱਖ ਭੂਮਿਕਾ ਵਿੱਚ ਹਨ, ਜਦਕਿ ਫ਼ਿਲਮ ਦਾ ਟਾਈਟਲ ਅਜੇ ਤੈਅ ਨਹੀਂ ਹੋਇਆ ਹੈ।

ਇੰਡਸਟਰੀ ਦੇ ਇਕ ਸੂਤਰ ਨੇ ਦੱਸਿਆ ਕਿ ਨਿਰਮਾਤਾ 6



ਮਹੀਨਿਆਂ ਤੋਂ ਫ਼ਿਲਮ ਦੀ ਰਿਲੀਜ਼ ਲਈ ਸੈਂਸਰ ਦੀ ਮਨਜ਼ੂਰੀ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਅਨੁਸਾਰ ‘ਆਰ. ਐੱਸ. ਵੀ. ਪੀ.’ ਵੱਲੋਂ ਦਸੰਬਰ 2022 ’ਚ ਸੈਂਸਰ ਸਰਟੀਫਿਕੇਟ ਲਈ ਅਰਜ਼ੀ ਦਿੱਤੀ ਗਈ ਸੀ ਤੇ ਇਸ ਨੂੰ ਸਮੀਖਿਆ ਕਮੇਟੀ ਨੂੰ ਭੇਜਿਆ ਗਿਆ ਸੀ। ਟੀਮ ਨੇ ਬੇਨਤੀ ਕੀਤੇ ਸਾਰੇ ਜ਼ਰੂਰੀ ਕਾਗਜ਼ੀ ਕੰਮ ਸਾਂਝੇ ਕੀਤੇ ਤੇ ਤਨਦੇਹੀ ਨਾਲ ਪ੍ਰਕਿਰਿਆ ’ਚੋਂ ਲੰਘੀ ਪਰ ਸੀ. ਬੀ. ਐੱਫ. ਸੀ. ਸੁਪ੍ਰੀਮ ਕੋਰਟ ਤੋਂ ਕੋਈ ਹੱਲ ਨਾ ਮਿਲਣ ’ਤੇ ਆਖਰਕਾਰ 14 ਜੂਨ ਨੂੰ ਬੰਬੇ ਹਾਈ ਕੋਰਟ ਦਾ ਰੁਖ਼ ਕੀਤਾ। ਸੂਤਰਾਂ ਨੇ ਅੱਗੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਕੇਸ ਅਦਾਲਤ ਵਿੱਚ ਵਾਪਸ ਆ ਗਿਆ ਹੈ ਪਰ ਇਸ ਵਾਰ ਸੈਂਸਰ ਸਰਟੀਫਿਕੇਟ ਲਈ 4 ਜੁਲਾਈ ਨੂੰ ਸੁਣਵਾਈ ਹੋਵੇਗੀ।

# ਅੰਮ੍ਰਿਤਪਾਲ ਸਿੰਘ ਦੇ ਤਿੰਨ ਸਾਥੀਆਂ ਦੀ ਪਟੀਸ਼ਨ ’ਤੇ ਹੁਣ ਹਾਈਕੋਰਟ ਮੁੱਖ ਕੇਸ ਨਾਲ ਕਰੇਗੀ ਸੁਣਵਾਈ

ਚੰਡੀਗੜ੍ਹ/ ਏ.ਟੀ.ਨਿਊਜ਼ : ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਉਨ੍ਹਾਂ ਦੇ ਸਾਥੀ ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ, ਕੁਲਵੰਤ ਸਿੰਘ ਰਾਓਕੇ ਅਤੇ ਬਸੰਤ ਸਿੰਘ ਵਲੋਂ ਐਨ.ਐਸ. ਏ. ਤਹਿਤ ਹੋਈ ਗ੍ਰਿਫ਼ਤਾਰੀ ਦੇ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ’ਤੇ ਹਾਈਕੋਰਟ ਮੁੱਖ ਕੇਸ ਨਾਲ ਸੁਣਵਾਈ ਕਰੇਗੀ । ਹਾਈਕੋਰਟ ਵਿੱਚ ਜਦੋਂ ਇਹ ਮਾਮਲਾ ਸੁਣਵਾਈ ਲਈ ਆਇਆ ਤਾਂ ਅਦਾਲਤ ਨੇ ਇਸ ਨੂੰ ਮੁੱਖ ਕੇਸ ਨਾਲ ਸੁਣਵਾਈ ਕਰਨ ਦੇ ਆਦੇਸ਼ ਦਿੱਤੇ । ਹੁਣ ਇਨ੍ਹਾਂ ਪਟੀਸ਼ਨਾਂ ਦੀ ਸੁਣਵਾਈ ਵੀ 10 ਜੁਲਾਈ ਨੂੰ ਹੋਵੇਗੀ । ਜ਼ਿਕਰਯੋਗ ਹੈ ਕਿ ਇਸ



ਤੋਂ ਪਹਿਲਾਂ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਗੁਰਮੀਤ ਸਿੰਘ ਭੁੱਕਣਵਾਲਾ ਨੇ ਵੀ ਗ੍ਰਿਫ਼ਤਾਰੀ ਨੂੰ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈਕੋਰਟ ਵਿੱਚ ਦਾਖ਼ਲ ਕੀਤੀ ਪਟੀਸ਼ਨ ਵਿੱਚ ਤਿੰਨਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਨਾਜਾਇਜ਼ ਤਰੀਕੇ ਨਾਲ ਬੰਦੀ ਬਣਾ ਕੇ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਕਰਵਾਇਆ ਜਾਵੇ।

ਦਰਪਣ ਝੂਠ ਨਹੀਂ ਬੋਲਦਾ

# ਭਾਰਤ ਇੰਟਰਨੈੱਟ ਬੰਦ ਕਰਨ ’ਚ ਵਿਸ਼ਵ ਚੈਂਪੀਅਨ

## ਹਿਊਮਨ ਰਾਈਟਸ ਵਾਚ ਦੀ ਇੱਕ ਰਿਪੋਰਟ ਮੁਤਾਬਕ ਭਾਰਤ ’ਚ 2019 ਤੋਂ 2022 ਤੱਕ ਘੱਟੋ-ਘੱਟ 127 ਵਾਰ ਇੰਟਰਨੈੱਟ ਕੀਤਾ ਗਿਆ ਬੰਦ

ਹਿਊਮਨ ਰਾਈਟਸ ਵਾਚ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ 2019 ਤੋਂ 2022 ਤੱਕ ਘੱਟੋ-ਘੱਟ 127 ਵਾਰ ਇੰਟਰਨੈੱਟ ਬੰਦ ਕੀਤਾ ਗਿਆ ਸੀ। ਇਸ ਅਰਸੇ ਦੌਰਾਨ 18 ਸੂਬਿਆਂ ਵਿੱਚ ਘੱਟੋ-ਘੱਟ ਇੱਕ ਵਾਰ ਇੰਟਰਨੈੱਟ ਬੰਦ ਕੀਤਾ ਗਿਆ ਸੀ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਨ੍ਹਾਂ ਦਾਅਵਿਆਂ ਦੇ ਉਲਟ ਹੈ, ਜਿਨ੍ਹਾਂ ਵਿੱਚ ਉਹ ਹਰ ਨਾਗਰਿਕ ਤੱਕ ਇੰਟਰਨੈੱਟ ਪੁਚਾਉਣ ਦੀ ਗੱਲ ਕਰਦੇ ਹਨ। ਇੰਟਰਨੈੱਟ ਬੰਦ ਹੋਣ ਦਾ ਸਭ ਤੋਂ ਵੱਡਾ ਨੁਕਸਾਨ ਗਰੀਬ ਵਰਗ ਉੱਤੇ ਪੈਂਦਾ ਹੈ। ਇਸ ਨਾਲ ਰੁਜ਼ਗਾਰ ਘਟਦਾ ਹੈ, ਬੈਂਕ ਪ੍ਰਣਾਲੀ ਬੰਦ ਹੋਣ ਨਾਲ ਰਾਸ਼ਨ ਦੀ ਸੁਵਿਧਾ ਪ੍ਰਭਾਵਿਤ ਹੁੰਦੀ ਹੈ ਤੇ ਬੁਨਿਆਦੀ ਲੋੜਾਂ ਜਨਤਾ ਤੋਂ ਦੂਰ ਹੋ ਜਾਂਦੀਆਂ ਹਨ।

ਇੰਟਰਨੈੱਟ ਬੰਦੀ ਨੂੰ ਭਾਰਤ ਵਿੱਚ ਪੁਲਿਸ ਲਈ ਇੱਕ ਹਥਿਆਰ ਬਣਾ ਦਿੱਤਾ ਗਿਆ ਹੈ । ਪੂਰੀ ਦੁਨੀਆਂ ਵਿੱਚ ਇੰਟਰਨੈੱਟ ਬੰਦੀ ਸਰਕਾਰ ਲਈ ਆਖਰੀ ਕਦਮ ਹੁੰਦਾ ਹੈ, ਪਰ ਭਾਰਤ ਵਿੱਚ ਕਿਸੇ ਵੀ ਘਟਨਾ ਤੋਂ ਬਾਅਦ ਪੁਲਿਸ ਸਭ ਤੋਂ ਪਹਿਲਾਂ ਇੰਟਰਨੈੱਟ ਬੰਦ ਕਰ ਦਿੰਦੀ ਹੈ ।



ਭਾਰਤ ਵਿੱਚ ਸਭ ਤੋਂ ਵੱਧ ਇੰਟਰਨੈੱਟ ਬੰਦੀ ਦਾ ਸ਼ਿਕਾਰ ਜੰਮੂ ਤੇ ਕਸ਼ਮੀਰ ਰਿਹਾ ਹੈ ।ਸਾਲ 2019 ਵਿੱਚ ਧਾਰਾ 370 ਹਟਾ ਦੇਣ ਬਾਅਦ ਉੱਥੇ ਲਗਾਤਾਰ 550 ਦਿਨ ਇੰਟਰਨੈੱਟ ਬੰਦ ਰਿਹਾ ਸੀ । ਇਸ ਨਾਲ ਰਾਜ ਨੂੰ 2.4 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ ਤੇ 5 ਲੱਖ ਨੌਜਵਾਨਾਂ ਦਾ ਰੁਜ਼ਗਾਰ ਖੁਸਿਆ ਸੀ । ਪੱਤਰਕਾਰਾਂ ਦਾ ਕੰਮ ਠੱਪ ਹੋ ਗਿਆ ਸੀ। ਸਰਕਾਰ ਨੇ ਇਸ ਦੌਰ ਵਿੱਚ 300 ਪੱਤਰਕਾਰਾਂ ਲਈ ਮੀਡੀਆ ਸੈਂਟਰ ਖੋਲ੍ਹਿਆ ਗਿਆ ਪਰ ਉਥੇ ਸਿਰਫ਼ 4 ਕੰਪਿਊਟਰ ਟਰਮੀਨਲ ਸਨ ।

ਇਹ ਹਾਸੋਹੀਣੀ ਗੱਲ ਹੈ ਕਿ ਭਾਰਤ ਵਿੱਚ 38 ਇੰਟਰਨੈੱਟ ਬੰਦੀਆਂ ਸਿਰਫ਼ ਇਮਤਿਹਾਨਾਂ ਵਿੱਚ ਵਿਦਿਆਰਥੀਆਂ ਵੱਲੋਂ ਕੀਤੀ ਜਾਣ ਵਾਲੀ ਨਕਲ ਨੂੰ ਰੋਕਣ ਲਈ ਕੀਤੀਆਂ ਗਈਆਂ ਸਨ। ਜਾਤੀਗਤ ਹਿੰਸਾ ਨੂੰ ਰੋਕਣ ਲਈ 18 ਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਦੇ ਨਾਂਅ ਉੱਤੇ ਵੀ ਏਨੇ ਵਾਰ ਹੀ ਇੰਟਰਨੈੱਟ ਬੰਦੀ ਕੀਤੀ ਗਈ ਸੀ । ਕਾਨੂੰਨ ਅਨੁਸਾਰ ਇੰਟਰਨੈੱਟ ਬੰਦੀ ਲਈ ਸਰਕਾਰ ਨੂੰ ਪਹਿਲਾਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣਾ ਪੈਂਦਾ ਹੈ, ਪਰ ਇੰਜ ਨਹੀਂ ਕੀਤਾ ਜਾਂਦਾ । ਸੁਪ੍ਰੀਮ ਕੋਰਟ ਵਿੱਚ ਇੱਕ ਮੁਕੱਦਮੇ ਦੀ ਸੁਣਵਾਈ ਦੌਰਾਨ 18 ਵਿੱਚੋਂ 11 ਰਾਜਾਂ ਨੇ ਕੋਈ ਇਸ਼ਤਿਹਾਰ ਨਹੀਂ ਸੀ ਦਿੱਤਾ । ਬਾਕੀ ਰਾਜ ਵੀ ਅਦਾਲਤ ਵਿੱਚ ਇੰਟਰਨੈੱਟ ਬੰਦੀ ਦੀ ਲੋੜ ਬਾਰੇ ਕੋਈ ਸੰਤੋਸ਼ਜਨਕ ਜਵਾਬ ਨਹੀਂ ਦੇ ਸਕੇ ਸਨ ।

ਇਹ ਆਪਾਵਿਰੋਧੀ ਤੱਥ ਹੈ ਕਿ 2014 ਤੋਂ ਕੇਂਦਰੀ ਸੱਤਾ ਉੱਤੇ ਕਾਬਜ਼ ਭਾਜਪਾ ਸਰਕਾਰ ਸਾਰੀਆਂ ਸਰਕਾਰੀ ਯੋਜਨਾਵਾਂ ਤੇ ਸਰਕਾਰੀ ਸੇਵਾਵਾਂ ਆਨਲਾਈਨ ਕਰ ਚੁੱਕੀ ਹੈ ਜਾਂ ਕਰ ਰਹੀ ਹੈ, ਪਰ ਦੂਜੇ ਪਾਸੇ ਉਸ ਨੇ ਇੰਟਰਨੈੱਟ ਬੰਦੀ ਵਿੱਚ ਦੇਸ਼ ਨੂੰ ਵਿਸ਼ਵ ਚੈਂਪੀਅਨ ਬਣਾ ਦਿੱਤਾ ਹੈ । ਇਹੋ ਨਹੀਂ ਇਹ ਸਰਕਾਰ ਅਦਾਲਤੀ ਹੁਕਮਾਂ ਦੀਆਂ ਵੀ ਧੱਜੀਆਂ ਉਡਾ ਰਹੀ ਹੈ । ਸੁਪ੍ਰੀਮ ਕੋਰਟ ਨੇ 2020 ਵਿੱਚ ਕਿਹਾ ਸੀ ਕਿ ਇੰਟਰਨੈਟ ਸੇਵਾ ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ ਤੇ ਬਿਨਾਂ ਕਿਸੇ ਠੀਕ ਕਾਰਨ ਦੇ ਇਸ ਨੂੰ ਠੱਪ ਨਹੀਂ ਕੀਤਾ ਜਾ ਸਕਦਾ, ਪਰ ਸਰਕਾਰ ਅਜਿਹਾ ਆਏ ਦਿਨ ਕਰ ਰਹੀ ਹੈ।

ਭਾਰਤ ਉਨ੍ਹਾਂ 18 ਦੇਸ਼ਾਂ ਵਿੱਚ ਸ਼ਾਮਲ ਹੈ, ਜਿੱਥੇ ਇੰਟਰਨੈੱਟ ਬੰਦੀ ਕੀਤੀ ਜਾਂਦੀ ਹੈ । ਭਾਰਤ ਵਿੱਚ 2012 ਤੋਂ 2022 ਤੱਕ 683 ਵਾਰ ਇੰਟਰਨੈੱਟ ਬੰਦੀ ਕੀਤੀ ਗਈ ਸੀ । ਇਹ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਹੈ । ਸਾਲ 2022 ਦੇ ਪਹਿਲੇ 6 ਮਹੀਨਿਆਂ ਦੌਰਾਨ ਦੁਨੀਆ-ਭਰ ਵਿੱਚ ਕੀਤੀ ਗਈ ਇੰਟਰਨੈੱਟ ਬੰਦੀ ਦੇ ਕੇਸਾਂ ਵਿੱਚੋਂ 85 ਫ਼ੀਸਦੀ ਇਕੱਲੇ ਭਾਰਤ ਦੇ ਸਨ । ਇਨ੍ਹੀਂ ਦਿਨੀਂ ਮਣੀਪੁਰ ਵਿੱਚ ਇੰਟਰਨੈੱਟ ਬੰਦ ਹੈ, ਪਰ ਹਾਲਾਤ ਦਿਨੋ-ਦਿਨ ਵਿਗੜਦੇ ਜਾ ਰਹੇ ਹਨ । ਹਕੀਕਤ ਇਹ ਹੈ ਕਿ ਇੰਟਰਨੈੱਟ ਬੰਦੀ ਨੂੰ ਮੋਦੀ ਸਰਕਾਰ ਵੱਲੋਂ ਜਨਤਾ ਵਿਰੁੱਧ ਇੱਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ।

# ਯੂ.ਕੇ. ਦੀ ਫ਼ੌਜੀ ਤਾਕਤ ਪੂਰੀ ਤਰ੍ਹਾਂ ਖੋਖਲੀ : ਰਿਪੋਰਟ

## ਰੂਸ ਦੇ ਰਿਹੈ ਪਰਮਾਣੂ ਜੰਗ ਦੀਆਂ ਧਮਕੀਆਂ

ਬ੍ਰਿਟੇਨ ਦੀ ਸੰਸਦ ਵਿੱਚ ਇਕ ਰਿਪੋਰਟ ਨੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਇਸ ਰਿਪੋਰਟ ਨੇ ਬ੍ਰਿਟਿਸ਼ ਬਲਾਂ ਦੀ ਸਮਰੱਥਾ ’ਤੇ ਸਵਾਲ ਖੜ੍ਹੇ ਕੀਤੇ ਹਨ। ਰਿਪੋਰਟ ਵਿੱਚ ਬਲਾਂ ਦੀ ਤਾਕਤ ਦਾ ਮੁਲਾਂਕਣ ਕੀਤਾ ਗਿਆ ਹੈ। ਇਹ ਰਿਪੋਰਟ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਯੂਕਰੇਨ ਅਤੇ ਰੂਸ ਵਿਚਾਲੇ ਟਕਰਾਅ ਚੱਲ ਰਿਹਾ ਹੈ। ਰੂਸ ਨੇ ਧਮਕੀ ਦਿੱਤੀ ਹੈ ਕਿ ਉਸ ਦਾ ਨਿਸ਼ਾਨਾ ਇੰਗਲੈਂਡ ਤੇ ਜਰਮਨ ਹੈ। ਜੇ ਉਹਨਾਂ ਨੇ ਯੂਕਰੇਨ ਵਿਚ ਦਖ਼ਲ-ਅੰਦਾਜ਼ੀ ਬੰਦ ਨਾ ਕੀਤੀ ਤਾਂ ਉਹ ਪਰਮਾਣੂ ਹਮਲੇ ਲਈ ਤਿਆਰ ਰਹਿਣ।

ਇਸ ਤਾਜ਼ਾ ਰਿਪੋਰਟ ਵਿਚ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਬ੍ਰਿਟੇਨ ਕੋਲ ਟੀਅਰ-1 ਹਥਿਆਰਬੰਦ ਬਲ ਜਾਂ ਰੂਸ ਅਤੇ ਚੀਨ ਵਰਗੇ ਦੇਸ਼ਾਂ ਦੇ ਵਿਰੁੱਧ ਦੇਸ਼ ਦੀ ਰੱਖਿਆ ਕਰਨ ਲਈ ਲੋੜੀਂਦੀ ਫੌਜੀ ਸਾਜੋ ਸਮਾਨ ਤੇ ਸ਼ਕਤੀ ਦੀ ਘਾਟ ਹੈ। ਇਸ ਰਿਪੋਰਟ ਵਿੱਚ ਲਿਖੀਆਂ ਗੱਲਾਂ ਬਹੁਤ ਗੰਭੀਰ ਹਨ ਅਤੇ ਮਾਹਿਰਾਂ ਅਨੁਸਾਰ ਸਨਕ ਨੂੰ ਇਸ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬ੍ਰਿਟੇਨ ਦੀਆਂ ਫੌਜਾਂ ਪੂਰੀ ਤਰ੍ਹਾਂ ਖੋਖਲੀਆਂ ਹਨ। ਇਹ ਖੋਖਲਾਪਣ ਇਸ ਲਈ ਹੈ ਕਿਉਂਕਿ ਆਧੁਨਿਕੀਕਰਨ ਪ੍ਰੋਗਰਾਮ ਦੇ ਨਾਂ ’ਤੇ ਜੋ ਫੰਡ ਦਿੱਤਾ ਗਿਆ, ਉਹ ਇਸ ਦੇ ਲਈ ਘੱਟ ਸੀ। ਇਸ ਨੇ ਬ੍ਰਿਟਿਸ਼ ਫੌਜਾਂ ਦੀ ਸਮਰੱਥਾ ਵਿੱਚ ਕਮੀਆਂ ਨੂੰ ਉਜਾਗਰ ਕੀਤਾ ਹੈ। ਇਸ ਅਨੁਸਾਰ ਫੌਜੀਆਂ ਕੋਲ ਅਜਿਹਾ ਸਾਜ਼ੋ-ਸਾਮਾਨ ਹੈ ਜੋ ਬਹੁਤ ਪੁਰਾਣਾ ਹੋ ਚੁੱਕਾ ਹੈ। ਇਸ ਦੇ ਨਾਲ ਹੀ, ਉਨ੍ਹਾਂ ਕੋਲ ਲੋੜੀਂਦੀ ਹਵਾਈ ਅਤੇ ਮਿਜ਼ਾਈਲ ਰੱਖਿਆ ਸਮਰੱਥਾਵਾਂ ਦੀ ਘਾਟ, ਨਾਕਾਫ਼ੀ ਗੋਲਾ-



ਬਾਰੂਦ, ਨਜ਼ਦੀਕੀ ਸਹਾਇਤਾ ਯੂਨਿਟਾਂ ਦੀ ਘਾਟ, ਅਤੇ ਨਾਲ ਹੀ ਹਵਾਈ ਢੋਹਾ ਢੁਹਾਈ ਦੀ ਗੰਭੀਰ ਘਾਟ ਹੈ। ਹਾਊਸ ਆਫ਼ ਕਾਮਨਜ਼ ਦੀ ਰੱਖਿਆ ਕਮੇਟੀ ਦੀ ਇਸ ਰਿਪੋਰਟ ਨੂੰ ਅੱਖਾਂ ਖੋਲ੍ਹਣ ਵਾਲੀ ਦੱਸਿਆ ਜਾ ਰਿਹਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਫੌਜ ਕੋਲ ਪਣਡੁੱਬੀਆਂ, ਹੈਲੀਕਾਪਟਰਾਂ ਅਤੇ ਰਾਇਲ ਮਰੀਨਾਂ ਦੀ ਵੀ ਭਾਰੀ ਕਮੀ ਹੈ।

ਇਸ ਕਾਰਨ ਇੱਥੋਂ ਦੀਆਂ ਫ਼ੌਜਾਂ ਜੰਗ ਲਈ ਬਿਲਕੁਲ ਵੀ ਤਿਆਰ ਨਹੀਂ ਹਨ। ਹਵਾਈ ਸੈਨਾ ਯਾਨੀ ਰਾਇਲ ਏਅਰ ਫੋਰਸ ਪੂਰੀ ਤਰ੍ਹਾਂ ਬਿਖਰੀ ਹੋਈ ਹੈ। ਜੇਕਰ ਰਿਪੋਰਟਾਂ ਦੀ ਮੰਨੀਏ ਤਾਂ ਹਵਾਈ ਗਸ਼ਤ ਅਤੇ ਏਅਰਬੋਰਨ ਸਮਰੱਥਾ ਜ਼ੀਰੋ ਹੈ। ਦੂਜੇ ਸ਼ਬਦਾਂ ਵਿਚ, ਰਾਇਲ ਏਅਰ ਫੋਰਸ ਕੋਲ ਦੁਸ਼ਮਣ ਦੀ ਹਵਾਈ ਰੱਖਿਆ ਦਾ ਜਵਾਬ ਦੇਣ ਲਈ ਸਾਧਨ ਨਹੀਂ ਹਨ।

ਅਮਰੀਕੀ ਰਿਪੋਰਟ ’ਚ ਖ਼ੁਲਾਸਾ

# ਕੋਰੋਨਾ ਵਾਇਰਸ ਸਭ ਤੋਂ ਪਹਿਲਾਂ ਚੀਨ ਦੀ ਵੁਹਾਨ ਲੈਬ ਤੋਂ ਲੀਕ ਹੋਇਆ

## ਪਹਿਲੀ ਵਾਰ ਲੈਬ ਦੇ 3 ਵਿਗਿਆਨੀ ਆਏ ਲਪੇਟ ਵਿੱਚ

ਵਾਸ਼ਿੰਗਟਨ/ਏ.ਟੀ.ਨਿਊਜ਼: ਦੁਨੀਆਂ ਭਰ ਵਿੱਚ ਲੱਖਾਂ ਲੋਕਾਂ ਦੀ ਜਾਨ ਲੈਣ ਵਾਲਾ ਕੋਰੋਨਾ ਵਾਇਰਸ ਚੀਨ ਤੋਂ ਫੈਲਿਆ ਸੀ। ਇਹ ਖੁਲਾਸਾ ਇੱਕ ਅਮਰੀਕੀ ਰਿਪੋਰਟ ਵਿੱਚ ਹੋਇਆ ਹੈ। ਰਿਪੋਰਟ ਮੁਤਾਬਕ ਇਹ ਵਾਇਰਸ ਸਭ ਤੋਂ ਪਹਿਲਾਂ ਚੀਨ ਦੀ ਵੁਹਾਨ ਲੈਬ ਤੋਂ ਲੀਕ ਹੋਇਆ ਅਤੇ ਬਾਅਦ ’ਚ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

ਨਿਊਜ਼ ਵੈੱਬਸਾਈਟ ‘ਪਬਲਿਕ’ ਸਮੇਤ ਕਈ ਅਮਰੀਕੀ ਪੱਤਰਕਾਰਾਂ ਨੇ ਅਮਰੀਕੀ ਖੁਫ਼ੀਆ ਏਜੰਸੀ ਐੱਫਬੀਆਈ ਦੇ ਹਵਾਲੇ ਨਾਲ ਕੋਰੋਨਾ ਦੀ ਉਤਪਤੀ ’ਤੇ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਹਨ। ਪੱਤਰਕਾਰਾਂ ਮਾਈਕਲ ਸ਼ੈਲਨਬਰਗਰ, ਮੈਟ ਤਾਇਬੀ ਅਤੇ ਅਲੈਕਸ ਗੁਟੇਂਗ ਦੇ ਅਨੁਸਾਰ, ਐਫਬੀਆਈ ਨੇ ਸਬੂਤ ਇਕੱਠੇ ਕੀਤੇ ਹਨ ਕਿ ਕੋਰੋਨਾਵਾਇਰਸ ਵੁਹਾਨ ਦੀ ਇੱਕ ਲੈਬ ਤੋਂ ਪੈਦਾ ਹੋਇਆ ਸੀ। ਉਸ ਲੈਬ ਦੇ 3



ਵਿਗਿਆਨੀ ਕੋਰੋਨਾ ਸੰਕਰਮਣ ਦੇ ਪਹਿਲੇ ਸ਼ਿਕਾਰ ਹੋਏ ਸਨ। ਇਨ੍ਹਾਂ ਦੇ ਨਾਂ ਬੇਨ ਹੂ, ਯੂ ਪਿੰਗ ਅਤੇ ਯਾਨ ਝੂ ਦੱਸੇ ਜਾ ਰਹੇ ਹਨ। ਇਹ ਤਿੰਨੋਂ ਵੁਹਾਨ ਦੀ ਲੈਬ ਦੇ ਮੁੱਖ ਖੋਜ-ਕਰਤਾ ਸਨ ।ਇਸ ਖ਼ੁਲਾਸੇ ਤੋਂ ਬਾਅਦ ਹੁਣ ਗਲੋਬਲ ਮਾਹਿਰ ਕਹਿ ਰਹੇ ਹਨ ਕਿ ਅਮਰੀਕੀ ਸਰਕਾਰ ਨੂੰ ਜਲਦੀ ਹੀ ਦੁਨੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਵਾਇਰਸ ਚੀਨ ਤੋਂ ਫੈਲਿਆ ਹੈ। ਅਮਰੀਕੀ ਅਖ਼ਬਾਰ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਹੁਣ ਲੋਕ ਇਸ ਗੱਲ ਦਾ ਇੰਤਜ਼ਾਰ ਕਰ ਰਹੇ ਹਨ ਕਿ ਅਮਰੀਕੀ ਸਰਕਾਰ ਚੀਨ ਤੋਂ ਫੈਲੇ ਕੋਰੋਨਾ ਵਾਇਰਸ ਦੇ ਸਬੂਤ ਕਦੋਂ ਦੁਨੀਆ ਦੇ ਸਾਹਮਣੇ ਰੱਖੇਗੀ ਅਤੇ ਚੀਨ ਖ਼ਿਲਾਫ਼ ਕੀ ਕਾਰਵਾਈ ਕੀਤੀ ਜਾਵੇਗੀ।

ਵਿਸ਼ਵ ਸਿਹਤ ਸੰਗਠਨ ਨੇ ਇਸ ਸਾਲ 6 ਅਪ੍ਰੈਲ ਨੂੰ ਇਹ ਵੀ ਦਾਅਵਾ ਕੀਤਾ ਸੀ ਕਿ ਚੀਨ ਕੋਲ ਕੋਰੋਨਾ ਵਾਇਰਸ ਦੀ ਉਤਪਤੀ ਬਾਰੇ ਡਾਟਾ ਹੈ, ਜਿਸ ਨੂੰ ਉਸ ਨੇ ਅਜੇ ਤੱਕ ਦੁਨੀਆਂ ਅਤੇ ਵਿਸ਼ਵ ਸਿਹਤ ਸੰਗਠਨ ਨਾਲ ਸਾਂਝਾ ਨਹੀਂ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਸੀ ਕਿ ਚੀਨ ਨੂੰ ਵੇਰਵੇ ਸਾਂਝੇ ਕਰਨੇ ਚਾਹੀਦੇ ਹਨ ਤਾਂ ਜੋ ਇਸ ਬਾਰੇ ਹੋਰ ਜਾਣਿਆ ਜਾ ਸਕੇ। ਹਾਲਾਂ ਕਿ ਚੀਨ ਨੇ ਇਸ ਮਾਮਲੇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ।

# ਤਾਮਿਲਨਾਡੂ ਨੇ ਕੇਂਦਰੀ ਏਜੰਸੀਆਂ ਦੇ ਦਾਖ਼ਲੇ ’ਤੇ ਲਗਾਈ ਪਾਬੰਦੀ

## ਬੰਗਾਲ, ਝਾਰਖੰਡ ਸਮੇਤ 9 ਰਾਜਾਂ ਵਿੱਚ ਪਹਿਲਾਂ ਹੀ ਲੱਗੀ ਹੈ ਪਾਬੰਦੀ

ਚਨੇਈ /ਏ.ਟੀ.ਨਿਊਜ਼: ਵਿਰੋਧੀ ਧਿਰ ਸਤਾ ਵਾਲੇ ਰਾਜਾਂ ਵਿੱਚ ਸੀਬੀਆਈ-ਈਡੀ ਵਰਗੀਆਂ ਕੇਂਦਰੀ ਜਾਂਚ ਏਜੰਸੀਆਂ ਦੇ ਦਾਖ਼ਲੇ ਅਤੇ ਕਾਰਵਾਈ ’ਤੇ ਸਵਾਲ ਉਠਦੇ ਰਹੇ ਹਨ। ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਸੀਬੀਆਈ ਅਤੇ ਈਡੀ ਕੇਂਦਰ ਸਰਕਾਰ ਦੇ ਇਸ਼ਾਰੇ ’ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਖ਼ਿਲਾਫ਼ ਕਾਰਵਾਈ ਕਰਦੀ ਹੈ। 10 ਰਾਜਾਂ ’ਚ ਭਾਜਪਾ ਵਿਰੋਧੀ ਸਰਕਾਰਾਂ ਹਨ ਜਿੱਥੇ ਸੀਬੀਆਈ ਰਾਜ ਸਰਕਾਰ ਦੀ ਆਗਿਆ ਤੋਂ ਬਿਨਾਂ ਕੋਈ ਜਾਂਚ ਜਾਂ ਗ੍ਰਿਫਤਾਰੀ ਨਹੀਂ ਕਰ ਸਕਦੀ। ਤਾਜ਼ਾ ਮਾਮਲਾ ਤਾਮਿਲਨਾਡੂ ਦਾ ਹੈ। ਐਮ ਕੇ ਸਟਾਲਿਨ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਇੱਕ ਸਰਕੂਲਰ ਜਾਰੀ ਕਰਕੇ ਕਿਹਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਜਾਂਚ ਲਈ ਕੇਂਦਰੀ ਜਾਂਚ ਏਜੰਸੀਆਂ ਨੂੰ ਰਾਜ ਸਰਕਾਰ ਤੋਂ ਇਜਾਜ਼ਤ ਲੈਣੀ ਪਵੇਗੀ। ਤਾਮਿਲਨਾਡੂ ਸਰਕਾਰ ਦਾ ਇਹ ਫੈਸਲਾ ਤਦ ਆਇਆ ਜਦ ਈਡੀ ਵੱਲੋਂ ਆਬਕਾਰੀ ਮੰਤਰੀ ਬਾਲਾਜੀ ਸੇਂਥਿਲ ਨੂੰ ਲੰਬੀ ਪੁੱਛਗਿੱਛ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਸੀ। ਤਾਮਿਲਨਾਡੂ ਸਰਕਾਰ ਨੇ ਇਹ ਹੁਕਮ ਦਿੱਲੀ ਸਪੈਸ਼ਲ ਪੁਲਿਸ ਇਸਟੈਬਲਿਸ਼ਮੈਂਟ ਐਕਟ, 1946 ਦੀ ਧਾਰਾ ਦੇ ਅਨੁਸਾਰ ਜਾਰੀ ਕੀਤਾ ਹੈ। ਬਿਹਾਰ ਵਿੱਚ ਲਾਲੂ ਯਾਦਵ ਦੇ ਪਰਿਵਾਰਕ ਮੈਂਬਰਾਂ ਨੇ ਵੀ ਦੋਸ਼ ਲਗਾਇਆ ਹੈ ਕਿ ਕੇਂਦਰ ਸਰਕਾਰ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਦੀ ਹੈ। ਇਸ ਨੂੰ ਇੱਕ ਪਾਸੜ ਕਾਰਵਾਈ ਜਾਂ ਬਦਲੇ ਦੀ ਭਾਵਨਾ ਦੱਸਿਆ ਜਾ ਰਿਹਾ ਹੈ। ਚੋਣਾਂ ਦੇ ਸੰਦਰਭ ਵਿੱਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵਿਰੋਧੀ ਧਿਰ ਦੇ ਨੇਤਾਵਾਂ ਦੀ ਹੀ ਜਾਂਚ ਕੀਤੀ ਜਾ ਰਹੀ ਹੈ। ਇਸ ਦਾ ਚੋਣਾਂ ’ਤੇ ਅਸਰ ਪਵੇਗਾ ਜਾਂ ਨਹੀਂ, ਇਹ ਦੇਖਣਾ ਬਾਕੀ ਹੈ। ਪੱਛਮੀ ਬੰਗਾਲ, ਝਾਰਖੰਡ, ਪੰਜਾਬ, ਤੇਲੰਗਾਨਾ, ਛੱਤੀਸਗੜ੍ਹ, ਕੇਰਲ, ਮਿਜ਼ੋਰਮ, ਮੇਘਾਲਿਆ

(ਬਾਕੀ ਸਫ਼ਾ 30 ’ਤੇ)



# ਸਾਈਬਰ ਬੁਲਿੰਗ ਅਤੇ ਭਾਰਤ ਦਾ ਕਾਨੂੰਨ

## ਡਿਜੀਟਲ ਦੁਨੀਆਂ ਦੇ ਪਸਾਰ ਅਤੇ ਇੰਟਰਨੈੱਟ ਦੀ ਵਧਦੀ ਵਰਤੋਂ ਕਾਰਨ ਸਾਈਬਰ ਬੁਲਿੰਗ ਦੀਆਂ ਘਟਨਾਵਾਂ 'ਚ ਹੋਇਆ ਵਾਧਾ

ਧਮਕੀ ਦੇਣਾ, ਪ੍ਰੇਸ਼ਾਨ ਕਰਨਾ, ਬਲੈਕਮੇਲ ਕਰਨਾ, ਪਿੱਛਾ ਕਰਨਾ, ਅਸ਼ਲੀਲ ਸਮੱਗਰੀ ਜਿਵੇਂ ਕਿ ਟੈਕਸਟ ਸੁਨੇਹੇ, ਫੋਟੋਆਂ, ਆਡੀਓ ਵੀਡੀਓ ਆਦਿ ਇੰਟਰਨੈੱਟ ਰਾਹੀਂ ਭੇਜਣਾ ਸਾਈਬਰ ਬੁਲਿੰਗ ਭਾਵ ਧੱਕੇਸ਼ਾਹੀ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਡਿਜੀਟਲ ਦੁਨੀਆਂ ਦੇ ਪਸਾਰ ਅਤੇ ਇੰਟਰਨੈੱਟ ਦੀ ਵਧਦੀ ਵਰਤੋਂ ਕਾਰਨ ਪਿਛਲੇ ਕੁਝ ਸਾਲਾਂ ਤੋਂ ਅਜਿਹੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਅਜਿਹੇ 'ਚ ਸਾਰਿਆਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ।

ਕੈਨੇਡੀਅਨ ਅਧਿਆਪਕ ਬਿਲ ਬੇਲਸੀ ਸਾਈਬਰ ਬੁਲਿੰਗ ਸ਼ਬਦ ਦੀ ਵਰਤੋਂ ਕਰਨ ਵਾਲੇ ਪਹਿਲੇ ਵਿਅਕਤੀ ਸਨ। ਇਸ ਦਾ ਮੁੱਖ ਮਕਸਦ ਵਿਅਕਤੀ ਨੂੰ ਮਾਨਸਿਕ ਤੌਰ 'ਤੇ ਨੁਕਸਾਨ ਪਹੁੰਚਾਉਣਾ ਹੈ। ਸਾਈਬਰ ਬੁਲਿੰਗ ਨਾਲ ਸਬੰਧਿਤ ਅਪਰਾਧ ਮੋਬਾਈਲ ਫੋਨ, ਕੰਪਿਊਟਰ, ਲੈਪਟਾਪ ਆਦਿ ਇਲੈਕਟ੍ਰਾਨਿਕ ਉਪਕਰਨਾਂ ਰਾਹੀਂ ਕੀਤੇ ਜਾਂਦੇ ਹਨ।



ਸਾਈਬਰ ਬੁਲਿੰਗ ਨਾਲ ਸਬੰਧਿਤ ਮਾਮਲਿਆਂ ਵਿੱਚ, ਆਈਟੀ ਐਕਟ ਦੇ ਨਾਲ-ਨਾਲ ਭਾਰਤੀ ਦੰਡ ਸੰਹਿਤਾ (ਆਈਪੀਸੀ) ਦੀਆਂ ਧਾਰਾਵਾਂ ਵਿੱਚ ਸਜ਼ਾ ਦੀ ਵਿਵਸਥਾ ਹੈ। ਪਛਾਣ ਦੀ ਚੋਰੀ ਜਾਂ ਗੁਪਤਤਾ ਦੀ ਉਲੰਘਣਾ ਦੇ ਮਾਮਲੇ ਵਿੱਚ, ਸੂਚਨਾ ਤਕਨਾਲੋਜੀ ਐਕਟ (ਸੋਧਿਆ) 2008 ਦੀ ਧਾਰਾ 43, ਧਾਰਾ 66-ਸੀ, ਧਾਰਾ 66-ਈ, ਆਈਪੀਸੀ ਦੀ ਧਾਰਾ 419 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅਜਿਹੇ ਵਿੱਚ 3 ਸਾਲ ਤੱਕ ਦੀ ਕੈਦ ਅਤੇ ਇੱਕ ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ।

### ਪੋਰਨੋਗ੍ਰਾਫੀ ਅਤੇ ਜਿਨਸੀ ਪਰੇਸ਼ਾਨੀ

ਇੰਟਰਨੈੱਟ ਜਾਂ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਜਿਨਸੀ ਪਰੇਸ਼ਾਨੀ ਅਤੇ ਪੋਰਨੋਗ੍ਰਾਫੀ ਵੀ ਸਾਈਬਰ ਬੁਲਿੰਗ ਦਾ ਇੱਕ ਰੂਪ ਹੈ। ਅਜਿਹੇ ਮਾਮਲਿਆਂ ਵਿੱਚ ਸੂਚਨਾ ਤਕਨਾਲੋਜੀ ਐਕਟ (ਸੋਧ) 2008 ਦੀ ਧਾਰਾ 66 ਅਤੇ 67, ਆਈਪੀਸੀ ਦੀਆਂ ਧਾਰਾਵਾਂ 292, 293, 294 ਅਤੇ 500 ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਦੋਸ਼ੀ ਪਾਏ ਜਾਣ 'ਤੇ ਦੋਸ਼ੀ ਨੂੰ 5 ਸਾਲ ਤੱਕ ਦੀ ਕੈਦ ਅਤੇ 10 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

### ਔਨਲਾਈਨ ਸਟਾਕਿੰਗ

ਸਾਈਬਰ ਸਟਾਕਿੰਗ, ਜਿਸ ਨੂੰ ਇੰਟਰਨੈਟ ਰਾਹੀਂ ਔਨਲਾਈਨ ਸਟਾਕਿੰਗ ਜਾਂ ਪਿੱਛਾ ਕਰਨਾ ਜਾਂ ਨਿਗਰਾਨੀ ਵੀ ਕਿਹਾ ਜਾਂਦਾ ਹੈ। ਇਸ ਵਿੱਚ ਇੰਟਰਨੈੱਟ, ਈਮੇਲ ਜਾਂ ਇਲੈਕਟ੍ਰਾਨਿਕ ਸੰਚਾਰ ਸਾਧਨਾਂ ਰਾਹੀਂ ਪਿੱਛਾ ਕਰਨਾ, ਪਿੱਛਾ ਕਰਨਾ, ਕਿਸੇ ਔਰਤ ਜਾਂ ਮਰਦ ਨਾਲ ਉਸ ਦੀ ਇੱਛਾ ਦੇ ਵਿਰੁੱਧ ਸੰਪਰਕ ਕਰਨਾ ਸ਼ਾਮਲ ਹੈ। ਆਈਪੀਸੀ ਦੀ ਧਾਰਾ 354-ਸੀ ਅਤੇ 354-ਡੀ ਦੇ ਤਹਿਤ ਸਾਈਬਰ ਸਟਾਕਿੰਗ ਨੂੰ ਅਪਰਾਧ ਮੰਨਿਆ ਗਿਆ ਹੈ।



ਇੰਟਰਨੈੱਟ ਜਾਂ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਬਲੈਕ ਮੇਲਿੰਗ ਜਾਂ ਅਪਰਾਧਿਕ ਧਮਕੀ ਵੀ ਸਾਈਬਰ ਬੁਲਿੰਗ ਦਾ ਇੱਕ ਰੂਪ ਹੈ। ਦੂਜੇ ਪਾਸੇ ਜੇਕਰ ਧਮਕੀ ਕਿਸੇ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ ਤਾਂ ਦੋਸ਼ੀ ਲਈ ਉਮਰ ਕੈਦ ਦੀ ਵਿਵਸਥਾ ਹੈ। ਪਹਿਲੀ ਸਜ਼ਾ ਲਈ 3 ਸਾਲ ਅਤੇ ਦੂਜੇ ਦੋਸ਼ੀ ਲਈ 5 ਸਾਲ ਤੱਕ ਦੀ ਕੈਦ ਦੀ ਵਿਵਸਥਾ ਕੀਤੀ ਗਈ ਹੈ।

### ਸ਼ਿਕਾਇਤ ਕਿਵੇਂ ਅਤੇ ਕਿੱਥੇ ਕਰੀਏ

ਰਾਸ਼ਟਰੀ ਪੱਧਰ ਦੇ ਸਾਈਬਰ ਮਾਹਿਰਾਂ ਨੇ ਕਿਹਾ ਕਿ ਸਾਈਬਰ ਬੁਲਿੰਗ ਨਾਲ ਸਬੰਧਿਤ ਮਾਮਲਿਆਂ ਵਿੱਚ ਤੁਸੀਂ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ 'ਤੇ ਜਾ ਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਔਰਤਾਂ ਵੀ ਆਪਣੀ ਪਛਾਣ ਜ਼ਾਹਰ ਕੀਤੇ ਬਿਨਾਂ ਇੱਥੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੀਆਂ ਹਨ। ਤੁਸੀਂ ਪੋਰਟਲ 'ਤੇ ਆਪਣੀ ਸ਼ਿਕਾਇਤ ਦੀ ਸਥਿਤੀ ਨੂੰ ਵੀ ਟਰੈਕ ਕਰ ਸਕਦੇ ਹੋ।

ਸਾਈਬਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੇ ਨਾਲ ਹੀ ਤੁਸੀਂ ਆਪਣੇ ਨਜ਼ਦੀਕੀ ਪੁਲਿਸ ਸਟੇਸ਼ਨ 'ਚ ਹਾਜ਼ਰ ਹੋ ਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਥਾਣੇ 'ਚ ਮਦਦ ਨਹੀਂ ਮਿਲ ਰਹੀ ਹੈ, ਤਾਂ ਤੁਸੀਂ ਜ਼ਿਲ੍ਹੇ 'ਚ ਅਪਰਾਧ ਸ਼ਾਖਾ ਦੇ ਦਫ਼ਤਰ ਜਾ ਕੇ ਵੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਜੇਕਰ ਕਿਸੇ ਨੇ ਫੋਟੋਆਂ ਅਤੇ ਵੀਡੀਓਜ਼ ਅਪਲੋਡ ਕੀਤੀਆਂ ਹਨ, ਤਾਂ ਸ਼ਿਕਾਇਤ ਤੋਂ ਬਾਅਦ ਉਸ ਆਈ.ਡੀ. ਨੂੰ ਬਲਾਕ ਕਰਨ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾਵੇਗਾ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪ੍ਰਧਾਨ ਮੰਤਰੀ ਮੋਦੀ ਨੂੰ ਦਲਾਲ ਮੀਡੀਆ ਤੋਂ ਆਪਣਾ ਵਜੂਦ ਬਚਾਉਣ ਦੀ ਲੋੜ



ਰਵੀਸ਼ ਕੁਮਾਰ











14 ਜੂਨ ਤੋਂ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ। ਇਹ ਵੀਡੀਓ ਰਿਪਬਲਿਕ ਇੰਡੀਆ ਦੀ ਐਂਕਰ ਸ਼ਵੇਤਾ ਦਾ ਹੈ। ਸ਼ਵੇਤਾ ਸਟੂਡੀਓ ਵਿੱਚ ਛੱਤਰੀ ਲੈ ਕੇ ਐਂਕਰਿੰਗ ਕਰ ਰਹੀ ਹੈ। ਬੈਕਗ੍ਰਾਉਂਡ ਵਿੱਚ ਵਿਸ਼ਾਲ ਸਕਰੀਨ ਉੱਤੇ ਇੱਕ ਹੋਰ ਵੀਡੀਓ ਚੱਲ ਰਿਹਾ ਹੈ, ਜਿਸ ਵਿੱਚ ਇੱਕ ਹਨੇਰੀ ਵਗ ਰਹੀ ਹੈ। ਵੀਡੀਓ ਵਿੱਚ ਤੇਜ਼ ਹਵਾ ਚੱਲ ਰਹੀ ਹੈ ਅਤੇ ਸ਼ਵੇਤਾ ਸਟੂਡੀਓ ਵਿੱਚ ਹਿੱਲ ਰਹੀ ਹੈ। ਇਹ ਦੇਖ ਕੇ ਲੋਕ ਹੱਸ ਰਹੇ ਹਨ ਪਰ ਵੀਡੀਓ ਵਿੱਚ ਸ਼ਵੇਤਾ ਗੰਭੀਰਤਾ ਨਾਲ ਹਿੱਲ ਰਹੀ ਹੈ। ਇਹ ਹੈ ਨਰਿੰਦਰ ਮੋਦੀ ਦੇ ਅੱਜ ਦੇ ਭਾਰਤ ਦਾ ਦ੍ਰਿਸ਼ ਅਤੇ ਉਹਨਾਂ ਦੇ ਦੌਰ ਦਾ ਮੀਡੀਆ।

. ਜੇਕਰ ਇਸ ਤਰ੍ਹਾਂ ਹੀ ਹੋਣਾ ਸ਼ੁਰੂ ਹੋਣ ਲਗਾ ਤਾਂ ਜਲਦੀ ਹੀ ਮੋਦੀ ਦੇ ਸਮਰਥਕ ਸਿਨੇਮਾ ਹਾਲ ਵਿੱਚ ਗੋਲੀਬਾਰੀ ਦੇ ਸੀਨ ਉਪਰ ਕੁਰਸੀ ਉਖਾੜ ਕੇ ਮੌਕੇ ’ਤੇ ਕਵਚ ਬਣਾ ਦੇਣਗੇ। ਕਵਚ ਨੂੰ ਛਾਤੀ ਨਾਲ ਲਗਾਉਂਦੇ ਹੋਏ, ਉਹ ਪਰਦੇ ਦੇ ਸਾਹਮਣੇ ਜਾਣਗੇ ਅਤੇ ਨਿਸ਼ਾਨੇਬਾਜ਼ ਨੂੰ ਫੜਨ ਲਈ ਪਰਦਾ ਖੁਦ ਪਾੜ ਦੇਣਗੇ। ਇਹ ਹੈ ਅੱਜ ਦੇ ਭਾਰਤ ਦੀ ਮਾਨਸਿਕਤਾ ਅਤੇ ਬੌਧਿਕ ਪੱਧਰ। ਨਹੀਂ ਤਾਂ ਗੋਦੀ ਮੀਡੀਆ ਨਾਲੋਂ ਜ਼ਿਆਦਾ ਆਮ ਦਰਸ਼ਕ ਇਸ ਦੀ ਆਲੋਚਨਾ ਕਰਦਾ। ਐਂਕਰ ਸ਼ਵੇਤਾ ਦੀ ਆਲੋਚਨਾ ਹੋ ਰਹੀ ਹੈ ਅਤੇ ਇਸ ਦੇ ਮਾਲਕ ਦੀ ਵੀ। ਸਾਰੀ ਦੁਨੀਆਂ ਦੇ ਸਾਹਮਣੇ ਉਸ ਦਾ ਮਜ਼ਾਕ ਉੱਡ ਰਿਹਾ ਹੈ।

ਇਹ ਵੀਡੀਓ ਦੇਖ ਕੇ ਬਹੁਤ ਦੁੱਖ ਹੋਇਆ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਸ਼ਵੇਤਾ ਦਾ ਮਜ਼ਾਕ ਉਡਾਓ। ਇਹ ਸ਼ਵੇਤਾ ਦੀ ਚੋਣ ਨਹੀਂ ਹੋਵੇਗੀ। ਇਹ ਡਰਾਮਾ ਕਰਦੇ ਹੋਏ ਉਸ ਨੂੰ ਬੁਰਾ ਲੱਗਿਆ ਹੋਵੇਗਾ। ਡਰੀ, ਸਹਿਮੀ ਆਪਣੀ ਨੌਕਰੀ ਦੀ ਚਿੰਤਾ ਵਿੱਚ, ਉਹ ਸਕਰੀਨ ਦੇ ਨੇੜੇ ਜਾ ਕੇ ਹਿੱਲਣ ਡੁੱਲਣ ਲੱਗੀ ਹੋਵੇਗੀ। ਜਿਸ ਟੀਮ ਨੇ ਇਹ ਰਿਕਾਰਡ ਕੀਤਾ ਹੋਵੇਗਾ ਉਹ ਇਹ ਸਭ ਦੇਖਕੇ ਹੱਸ-ਹੱਸ ਕੇ ਕਮਲੀ ਹੋ ਗਈ ਹੋਵੇਗੀ। ਇਸ ਵੀਡੀਓ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਸੀ ਕਿ ਸ਼ਵੇਤਾ ਅਤੇ ਪਤਾ ਨਹੀਂ ਕਿੰਨੇ ਨੌਜਵਾਨ ਦੋਸਤ ਇਨ੍ਹਾਂ ਚੈਨਲਾਂ ਵਿੱਚ ਗੁਲਾਮਾਂ ਵਾਂਗ ਕੰਮ ਕਰ ਰਹੇ ਹਨ। ਉਹ ਤੜਫ ਰਹੇ ਹਨ ਕਿ ਕੋਈ ਉਹਨਾਂ ਨੂੰ ਇਨ੍ਹਾਂ ਚੈਨਲਾਂ ਤੋਂ ਬਚਾ ਲਵੇ ਪਰ ਹੁਣ ਕੋਈ ਅਜਿਹਾ ਚੈਨਲ ਨਹੀਂ ਹੈ ਜਿੱਥੇ ਇਹ ਨੌਜਵਾਨ ਜਾ ਕੇ ਢੰਗ ਦੀ ਨੌਕਰੀ ਕਰ ਸਕਣ। ਹਰ ਚੈਨਲ ਨੂੰ ਤਬਾਹ ਕੀਤਾ ਜਾ ਚੁਕਾ ਹੈ। ਮੈਂ ਮੰਨਦਾ ਹਾਂ ਕਿ ਸ਼ਵੇਤਾ ਵਰਗਾ ਯੂਥ ਪੱਤਰਕਾਰੀ ਦੀ ਪੜ੍ਹਾਈ ਸਿਰਫ਼ ਪੱਤਰਕਾਰੀ ਲਈ ਹੀ ਕਰਦਾ ਹੋਵੇਗਾ । ਆਪਣੇ ਲਈ ਚੰਗੀ ਰਿਪੋਰਟ ,ਚੰਗੀ ਐਂਕਰਿੰਗ ਦਾ ਸੁਪਨਾ ਦੇਖਦਾ ਹੋਵੇਗਾ। 2014 ਦੇ ਬਾਅਦ ਇਸ ਪੇਸ਼ੇ ਨੂੰ ਹੀ ਖਤਮ ਕਰ ਦਿੱਤਾ ਗਿਆ ਹੈ। ਜਦੋਂ ਉਹ ਆਪਣੀ ਪੜ੍ਹਾਈ ਪੂਰੀ ਕਰਕੇ ਬਾਹਰ ਆਏ ਹੋਣਗੇ , ਤਾਂ ਇਹ ਕਿੰਨਾ ਵੱਡਾ ਦੁਖਾਂਤ ਹੋਵੇਗਾ ਕਿ ਉਹਨਾਂ ਲਈ ਉਸ ਪੜ੍ਹਾਈ ਨੂੰ ਜੀਣ ਲਈ ਕੋਈ ਪੇਸ਼ਾ ਅਤੇ ਸੰਸਥਾ ਨਹੀਂ ਬਚੀ । ਇਹ ਇਸ ਤਰ੍ਹਾਂ ਹੈ ਜਦੋਂ ਤੁਸੀਂ ਐਮਬੀਏ ਕਰਨ ਤੋਂ ਬਾਅਦ ਬਾਹਰ ਆਉਂਦੇ ਹੋ ਅਤੇ ਸਾਰੀਆਂ ਕੰਪਨੀਆਂ ਦੇਸ ਵਿੱਚੋਂ ਗਾਇਬ ਹੋ ਜਾਂਦੀਆਂ ਹਨ।

ਇਹ ਵੀ ਸੱਚ ਹੈ ਕਿ ਹੁਣ ਬਹੁਤ ਸਾਰੇ ਨਵੇਂ-ਪੁਰਾਣੇ ਪੱਤਰਕਾਰ ਦਿਲ-ਦਿਮਾਗ ਨਾਲ ਮੋਦੀ-ਮੋਦੀ ਕਰਨ ਲੱਗ ਪਏ ਹਨ। ਮੁਸਲਿਮ ਵਿਰੋਧੀ ਪੱਤਰਕਾਰੀ ਨੇ ਉਸ ਨੂੰ ਉਸੇ ਪੱਖ ਦੀ ਕਿਸੇ ਕੱਟੜਪੰਥੀ ਪਾਰਟੀ ਦਾ ਕਾਰਕੁਨ ਬਣਾ ਦਿੱਤਾ ਹੈ। ਫਿਰ ਵੀ, ਮੈਂ ਇਹ ਯਕੀਨ ਕਰਨਾ ਚਾਹਾਂਗਾ ਕਿ ਸ਼ਵੇਤਾ ਨੂੰ ਰਿਕਾਰਡਿੰਗ ਕਰਦੇ ਸਮੇਂ ਇਹ ਚੰਗਾ ਨਹੀਂ ਲਗਾ ਹੋਵੇਗਾ। ਇਹ ਵੀਡੀਓ ਵਾਇਰਲ ਹੋਣ ’ਤੇ ਸ਼ਵੇਤਾ ਬਹੁਤ ਪਰੇਸ਼ਾਨ ਹੋਈ ਹੋਏਗੀ । ਇਹ ਉਸ ਵਿਸ਼ਵ ਗੁਰੂ ਭਾਰਤ ਦੀ ਲਫੰਡਰ ਪੱਤਰਕਾਰੀ ਕਾਰਨ ਵਾਪਰਿਆ ਹੈ, ਜਿਸ ਵਿੱਚ ਪ੍ਰਵੇਸ਼ ਕਰਨ ਲਈ ਇੱਕ ਹੀ ਦਰਵਾਜ਼ਾ ਹੈ, ਪਰ ਇਸ ਵਿੱਚੋਂ ਬਾਹਰ ਨਿਕਲਣ ਦੇ ਰਸਤੇ ਬੰਦ ਕਰ ਦਿੱਤੇ ਗਏ ਹਨ।

.ਇਕ ਸਮਾਂ ਸੀ ਅਤੇ ਅੱਜ ਵੀ ਹੈ ਜਦੋਂ ਬਹੁਤ ਸਾਰੇ ਠੱਗ , ਪੱਤਰਕਾਰ ਜਾਂ ਕਿਸੇ ਨਿਊਜ਼ ਚੈਨਲ ਦਾ ਆਈ.ਕਾਰਡ ਆਪਣੀ ਕਾਰ ’ਤੇ ਚਿਪਕਾ ਕੇ ਘੁੰਮ ਰਹੇ ਹਨ। ਹੁਣ ਉਹੀ ਕੰਮ ਨਿਊਜ ਚੈਨਲ ਵਾਲੇ ਕਰ ਰਹੇ ਹਨ। ਉਹ ਖੁਦ ਧੋਖਾਧੜੀ ਕਰਦੇ ਹਨ ਅਤੇ ਪਛਾਣ ਪੱਤਰ ਅਸਲੀ ਦੇ ਦਿੰਦੇ ਹਨ। ਹੁਣ ਸਭ ਨੇ ਮੰਨ ਲਿਆ ਹੋਵੇਗਾ ਕਿ ਜੇਕਰ ਪੱਤਰਕਾਰੀ ਕਰਨੀ ਹੈ ਤਾਂ ਪੱਤਰਕਾਰੀ ਦੇ ਨਾਂ ’ਤੇ ਹੀ ਕੰਮ ਕਰਨਾ ਪਵੇਗਾ। ਇਸ ਪੇਸ਼ੇ ਨੂੰ 2014 ਤੋਂ ਬਾਅਦ ਦੇਖਕੇ ਮੈਨੂੰ ਦੁਖ ਹੁੰਦਾ ਹੈ। ਸਾਨੂੰ ਕਿੰਨੇ ਮੌਕੇ ਮਿਲੇ। ਬਹੁਤ ਤਾਰੀਫ਼ਾਂ ਹੁੰਦੀਆਂ ਸਨ। ਐਡੀਟਰ ਅਤੇ ਕੈਮਰਾਪਰਸਨ ਨਾਲ ਬਹਿਸ ਹੁੰਦੀ ਸੀ ਕਿ ਜੇ ਤੁਸੀਂ ਸਹੀ ਸ਼ਾਟ ਨਹੀਂ ਲਿਆ ਤਾਂ ਤੁਸੀਂ ਸਹੀ ਢੰਗ ਨਾਲ ਐਡਿਟ ਨਹੀਂ ਕੀਤਾ। ਦੋਵਾਂ ਮਿਲ ਕੇ ਰਿਪੋਰਟਰ ਦੀ ਕਲਾਸ ਲਗਾ ਦਿੰਦੇ ਸਨ ਕਿ ਤੁਸੀਂ ਠੀਕ ਤਰ੍ਹਾਂ ਨਾਲ ਪ੍ਰਤੀਕ੍ਰਿਆ ਨਹੀਂ ਦਿੱਤੀ, ਨਹੀਂ ਤਾਂ ਫਰੇਮ ਸਹੀ ਸੀ। ਹਾਲਤ ਇਹ ਸੀ ਕਿ ਦੂਜੇ ਚੈਨਲ ਦੇ ਸੰਪਾਦਕ ਅਤੇ ਸਾਥੀ ਰਿਪੋਰਟਰ ਅਗਲੇ ਦਿਨ ਕਹਾਣੀ ਬਾਰੇ ਗੱਲ ਕਰਦੇ ਸਨ। ਇਨ੍ਹਾਂ ਚੈਨਲਾਂ ਵਿੱਚ ਕੰਮ ਕਰਨ ਵਾਲੇ ਪੱਤਰਕਾਰ ਹੁਣ ਕੀ ਗੱਲ ਕਰਦੇ ਹੋਣਗੇ ? ਸ਼ਾਇਦ ਕਿਸੇ ਚੰਗੇ ਬ੍ਰਾਂਡ ਦੀ ਸ਼ਰਾਬ ਪੀਣ ਦੀ ਗਲ ਕਰਦੇ ਹੋਣਗੇ ? ਸ਼ਾਇਦ ਗਊ ਮੂਤਰ ਦੀ ਪਾਰਟੀ ਦੀ ਗਲ ਕਰਦੇ ਹੋਣਗੇ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਇੱਕ ਐਂਕਰ ਗਊ ਮੂਤਰ ਦੇ ਗੁਣ ਦੱਸਦਾ ਹੈ। ਪਰ ਉਹ ਆਪ ਨਹੀਂ ਪੀਂਦਾ। ਇਹ ਮਾਣ ਵਾਲੀ ਗੱਲ ਹੈ ਕਿ ਇਸ ਦੇਸ਼ ਵਿੱਚ ਗੁਟਖੇ ਦੀ ਸਪਲਾਈ ਬੰਦ ਨਹੀਂ ਹੋਈ ਹੈ। ਕੈਂਸਰ ਹੁੰਦਾ ਹੈ, ਫਿਰ ਵੀ ਲੋਕ ਗੁਟਖਾ ਖਾ ਰਹੇ ਹਨ। ਇਹ ਪੱਤਰਕਾਰੀ ਨਹੀਂ ਜਾਣਦੇ ਹਨ ਪਰ ਉਹੀ ਕਰ ਰਹੇ ਹਨ ਜੋ ਉਪਰਲੇ ਚਾਹੁੰਦੇ ਹਨ। ਉਹ ਆਪ ਨਹੀਂ ਕਰ ਰਹੇ, ਉਹਨਾਂ ਤੋਂ ਕਰਵਾਇਆ ਜਾ ਰਿਹਾ ਹੈ।

ਮੈਨੂੰ ਪੂਰਾ ਯਕੀਨ ਹੈ ਕਿ ਸ਼ਵੇਤਾ ਅਤੇ ਉਸ ਦੇ ਪਰਿਵਾਰਕ ਮੈਂਬਰ ਇਸ ਵਾਇਰਲ ਵੀਡੀਓ ਨੂੰ ਦੇਖਣਾ ਔਖਾ ਲਗ ਰਿਹਾ ਹੋਵੇਗਾ। ਜਿਸ ਤਰ੍ਹਾਂ ਮੋਦੀ ਦੀ ਲੋਕਪ੍ਰਿਅਤਾ ਦੱਸੀ ਜਾਂਦੀ ਹੈ, ਮੈਂ ਮੰਨ ਕੇ ਚਲਦਾ ਹਾਂ ਕਿ ਸ਼ਵੇਤਾ ਦੇ ਘਰ ਵੀ ਮੋਦੀ-ਮੋਦੀ ਹੁੰਦਾ ਹੋਵੇਗਾ। ਕੀ ਉਸ ਦੇ ਮਾਪੇ ਇਸ ਮੋਦੀ ਯੁੱਗ ਵਿੱਚ ਆਪਣੀ ਧੀ ਨੂੰ ਪੱਤਰਕਾਰ ਦੀ ਭੂਮਿਕਾ ਵਿੱਚ ਦੇਖ ਸਕਣ ਲਈ ਰਾਜ਼ੀ ਹੋਣਗੇ ? ਕੀ ਸ਼ਵੇਤਾ ਆਪਣੇ ਮਾਤਾ-ਪਿਤਾ ਨਾਲ ਨਜ਼ਰ ਮਿਲਾ ਸਕੇਗੀ ਕਿ ਉਸਨੇ ਬਹੁਤ ਵਧੀਆ ਐਂਕਰਿੰਗ ਕੀਤੀ ਹੈ । ਤੁਸੀਂ ਤਾਂ ਹੱਸਦੇ ਹੋਵੋਗੇ ਕਿ ਸਾਡੇ ਮੋਦੀ ਜੀ ਨੇ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦੇ ਨਾਂ ’ਤੇ ਤੁਹਾਨੂੰ ਪੱਤਰਕਾਰਾਂ ਨੂੰ ਜਗਤ ਦਾ ਕਪਟੀ ਬਣਾ ਦਿੱਤਾ ਹੈ।

ਜੇਕਰ ਅਸੀਂ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਹਾਂ, ਤਾਂ ਉਸ ਦੇਸ਼ ਦੇ ਚੈਨਲ ਦੀ ਇਹ ਹਾਲਤ ਕਿਉਂ ਡਗਮਗਾਈ ਹੋਈ ਹੈ। ਇਹ ਸਭ ਸੱਠ ਸਾਲ ਪਹਿਲਾਂ ਦੀਆਂ ਫਿਲਮਾਂ ਵਿੱਚ ਹੁੰਦਾ ਸੀ ਕਿ ਪਿੱਛੇ ਸੜਕ ਦਾ ਸੀਨ ਚੱਲ ਰਿਹਾ ਹੁੰਦਾ ਸੀ ਅਤੇ ਸਟੂਡੀਓ ਦੇ ਸੈੱਟ ਉੱਤੇ ਹੀਰੋ ਕਾਰ ਵਿੱਚ ਬੈਠਾ ਹੁੰਦਾ ਸੀ।

ਹੁਣ ਸਵਾਲ ਇਹ ਹੈ ਕਿ ਇਨ੍ਹਾਂ ਚੈਨਲਾਂ ਦੇ ਸੰਪਾਦਕ ਕਿਵੇਂ ਸਾਹਮਣਾ ਕਰਦੇ ਹਨ। ਜਿਸ ਸੰਪਾਦਕ ਨੇ ਸ਼ਵੇਤਾ ਤੋਂ ਅਜਿਹਾ ਕਰਵਾਇਆ, ਉਹ ਅੱਜ ਨਿਊਜ਼ ਰੂਮ ਵਿੱਚ ਛਾਤੀ ਤਾਣ ਕੇ ਕਿਵੇਂ ਘੁੰਮ ਰਿਹਾ ਹੋਵੇਗਾ। ਉਪਰਲੇ ਲੋਕਾਂ ਨੂੰ ਬਹੁਤੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਉਦਾਹਰਣ ਵਜੋਂ, ਜੇਕਰ ਤੁਸੀਂ ਕਿਸੇ ਦਲਾਲ ਨੂੰ ਮਿਲਦੇ ਹੋ, ਤਾਂ ਉਸ ਦੀ ਭਾਸ਼ਾ ਬਹੁਤ ਵਧੀਆ ਹੋਵੇਗੀ, ਕੱਪੜੇ ਚੰਗੇ ਹੋਣਗੇ, ਕਾਰ ਸ਼ਾਨਦਾਰ ਹੋਵੇਗੀ ਅਤੇ ਉਹ ਚੰਗੀ ਜਗ੍ਹਾ ’ਤੇ ਕੌਫੀ ਪਰੋਸੇਗਾ। ਕਈ ਅਫਸਰਾਂ ਦੇ ਨਾਂ ਲਵੇਗਾ, ਮੰਤਰੀਆਂ ਦੇ ਪੁੱਤ ਨੂੰ ਯਾਰ ਦੱਸੇਗਾ। ਕਿਸੇ ਉਦਯੋਗਪਤੀ ਦੇ ਇਥੇ ਵਿਆਹ ਵਿੱਚ ਦਿਖ ਜਾਵੇਗਾ। ਜਦ ਤਕ ਤੁਸੀਂ ਸੱਤਾ ਦੇ ਬਾਹਰੀ ਏਜੰਟਾਂ ਬਾਰੇ ਕੋਈ ਰਾਏ ਬਣਾਉਣ ਦੇ ਯੋਗ ਹੋ ਜਾਂਦੇ ਹੋ। ਤੁਸੀਂ ਉਨ੍ਹਾਂ ਦੀਆਂ ਗੱਲਾਂ ਵਿੱਚ ਗੁਆਚ ਜਾਂਦੇ ਹੋ। ਮਾੜਾ ਕਹਿਣਾ ਚਾਹੁੰਦੇ ਹੋ ਪਰ ਜਦੋਂ ਉਹ ਤੁਹਾਡਾ ਕੰਮ ਕਰਵਾ ਦੇਂਦਾ ਹੈ ਤਾਂ ਤੁਸੀਂ ਚੁੱਪ ਕਰ ਜਾਂਦੇ ਹੋ। ਉਸੇ ਤਰ੍ਹਾਂ ਗੋਦੀ ਮੀਡੀਆ ਚੈਨਲਾਂ ਦੇ ਦਲਾਲ, ਸੰਪਾਦਕ ਅਤੇ ਮਾਲਕ ਦਿਖਦੇ ਹਨ। ਉਸ ਨੂੰ ਸੁਣਨ ਵਾਲੇ ਲੋਕ ਵੀ ਜਾਣਦੇ ਹਨ ਕਿ ਉਹ ਪੱਤਰਕਾਰੀ ਨਹੀਂ ਕਰ ਰਹੇ। ਉਹ ਦਲਾਲੀ ਕਰ ਰਹੇ ਹਨ ਪਰ ਉਹਨਾਂ ਦੀ ਸ਼ਾਨ ਅਤੇ ਪ੍ਰਭਾਵ ਦੇਖ ਕੇ ਚੁੱਪ ਹੋ ਜਾਂਦੇ ਹਨ ਕਿ ਲੋੜ ਪਈ ਤਾਂ ਉਹ ਕਿਸੇ ਨੂੰ ਨੌਕਰੀ ਦੇ ਦੇਵੇਗਾ ਜਾਂ ਕੋਈ ਕੰਮ ਕਰਵਾ ਦੇਵੇਗਾ। ਇਸ ਲਈ ਚੋਟੀ ਦੇ ਸੰਪਾਦਕਾਂ ਨੂੰ ਪਛਾਣ ਦਾ ਸੰਕਟ ਨਹੀਂ ਹੁੰਦਾ। ਮਾੜੀ ਪੱਤਰਕਾਰੀ ਕਰਨ ਵਾਲੇ ਲੋਕ ਵੀ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਲੰਡਨ ਵਿੱਚ ਮਨਾਉਂਦੇ ਹਨ। ਨੌਜਵਾਨਾਂ ਨਾਲ ਜੋ ਵਾਪਰ ਰਿਹਾ ਹੈ ਉਹ ਬਹੁਤ ਹੀ ਦੁਖਦਾਈ ਹੈ। ਬੇਤਰਤੀਬੇ ਕੰਮ ਕਰਨ ਲਈ ਨਵੇਂ ਲੋਕ ਲਿਆਂਦੇ ਜਾ ਰਹੇ ਹਨ ਉਹਨਾਂ ਦਾ ਮਨ ਗਲਤ ਨੂੰ ਗਲਤ ਲਿਖਣਾ ਚਾਹੁੰਦਾ ਹੋਵੇਗਾ, ਪਰ ਉਹਨਾਂ ਨੂੰ ਨੌਕਰੀ ਕਾਰਨ ਚੁੱਪ ਹੀ ਰਹਿਣਾ ਪੈਂਦਾ ਹੈ। ਜੇਕਰ ਤੁਸੀਂ ਇਨਕਾਰ ਕਰਦੇ ਹੋ, ਤਾਂ ਤੁਸੀਂ ਨੌਕਰੀ ਗੁਆ ਦੇਖੋਗੇ ਅਤੇ ਨੌਕਰੀ ਲਈ ਕੋਈ ਹੋਰ ਵਧੀਆ ਚੈਨਲ ਨਹੀਂ ਹੈ। ਇਸ ਲਈ ਇਸ ਵੀਡੀਓ ਦੀ ਆਲੋਚਨਾ ਕਰਨ ਵਿੱਚ ਸ਼ਵੇਤਾ ਦਾ ਧਿਆਨ ਰੱਖੋ। ਉਸ ’ਤੇ ਏਨਾ ਨਾ ਹੱਸੋ ਕਿ ਉਹ ਮਾਨਸਿਕ ਤਣਾਅ ਵਿੱਚ ਚਲੀ ਜਾਵੇ। ਉਸ ਦੇ ਸੰਪਾਦਕ ਨੇ ਉਸ ਦੀ ਬੇਵਸੀ ਦਾ ਫਾਇਦਾ ਉਠਾਇਆ ਹੈ। ਅਸੀਂ ਸਾਰੇ ਸਿਖਾਉਂਦੇ ਹਾਂ ਸਿੱਖਦੇ ਹਾਂ ਕਿ ਔਰਤਾਂ ਨਾਲ ਕਿਹੋ ਜਿਹਾ ਵਿਹਾਰ ਕਰਨਾ ਹੈ। ਉਹਨਾਂ ਨੂੰ ਕਿਵੇਂ ਨਜਿੱਠਣਾ ਹੈ ਤਾਂ ਕਿ ਪੇਸ਼ੇਵਰ ਰਿਸ਼ਤੇ ਵਿੱਚ ਅਜ਼ਾਦੀ ਤੇ ਮਾਣ ਬਣਿਆ ਰਹੇ। ਇਸ ਬਾਰੇ ਇਸ ਦੇਸ਼ ਦੀਆਂ ਔਰਤਾਂ ਨੂੰ ਬਹੁਤ ਮਿਹਨਤ ਕਰਨੀ ਪਈ ਹੈ। ਨਾਰੀਵਾਦੀ ਧਾਰਨਾ ਇਹ ਵੀ ਕਹਿੰਦੀ ਹੈ ਕਿ ਕੋਈ ਵੀ ਨੌਕਰੀ ਦੇ ਨਾਂ ’ਤੇ ਸਰੀਰਕ ਫਾਇਦਾ ਨਹੀਂ ਉਠਾ ਸਕਦਾ। ਇਸ ਵਿੱਚ ਤੁਸੀਂ ਔਰਤ ਨਾਲ ਕਿਵੇਂ ਗੱਲ ਕਰਦੇ ਹੋ, ਕਿਸ ਆਵਾਜ਼ ਵਿੱਚ ਗੱਲ ਕਰਦੇ ਹੋ, ਇਹ ਸਭ ਆਉਂਦਾ ਹੈ।

ਮੈਂ ਸ਼ਵੇਤਾ ਦੇ ਇਸ ਵੀਡੀਓ ਦੇ ਸੰਦਰਭ ਵਿੱਚ ਜਿਨਸੀ ਉਤਪੀੜਨ ਦੀ ਪਰਿਭਾਸ਼ਾ ਨੂੰ ਵਿਸਤਾਰ ਹੁੰਦੇ ਦੇਖ ਰਿਹਾ ਹਾਂ। ਜਿਸ ਵੀ ਸੰਪਾਦਕ ਨੇ ਸ਼ਵੇਤਾ ਨੂੰ ਇਹ ਕੰਮ ਕਰਨ ਲਈ ਮਜਬੂਰ ਕੀਤਾ ਹੈ, ਉਸ ਨੇ ਸ਼ਵੇਤਾ ਦੀ ਪੇਸ਼ੇਵਰ ਇੱਜ਼ਤ ਨੂੰ ਢਾਹ ਲਾਈ ਹੈ। ਪੇਸ਼ੇਵਰ ਸਨਮਾਨ ਢਾਹ ਲਗਾਉਣਾ ਵੀ ਜਿਨਸੀ ਪਰੇਸ਼ਾਨੀ ਦਾ ਇੱਕ ਰੂਪ ਹੈ। ਇੱਕ ਔਰਤ ਪੇਸ਼ੇਵਰ ਦੀ ਹੋਂਦ ਕੇਵਲ ਉਸ ਦੇ ਸਰੀਰਕ ਸਨਮਾਨ ਨਾਲ ਨਹੀਂ, ਸਗੋਂ ਉਸ ਦੇ ਹੁਨਰ ਅਤੇ ਕੰਮ ਦੇ ਪ੍ਰਦਰਸ਼ਨ ਦੁਆਰਾ ਵੀ ਬਣਦੀ ਹੈ।

(ਬਾਕੀ ਸਫ਼ਾ 30 ’ਤੇ)

# 2023 ’ਚ 6500 ਅਮੀਰ ਵਿਅਕਤੀ ਛੱਡ ਸਕਦੇ ਹਨ ਭਾਰਤ

## ਪਿਛਲੇ ਸਾਲ 7500 ਅਮੀਰਾਂ ਨੇ ਛੱਡਿਆ ਸੀ ਭਾਰਤ

ਇਸ ਸਾਲ ਵੀ ਵੱਡੀ ਗਿਣਤੀ ’ਚ ਅਮੀਰ ਲੋਕ ਭਾਰਤ ਛੱਡ ਕੇ ਵਿਦੇਸ਼ ਜਾ ਰਹੇ ਹਨ। ਹੈਨਲੇ ਪ੍ਰਾਈਵੇਟ ਵੈਲਥ ਮਾਈਗ੍ਰੇਸ਼ਨ ਰਿਪੋਰਟ 2023 ਦੇ ਅਨੁਸਾਰ, ਸਾਲ 2023 ਵਿੱਚ 6500 ਉੱਚ ਜਾਇਦਾਦ ਵਾਲੇ ਅਮੀਰ ਵਿਅਕਤੀ ਦੇਸ਼ ਛੱਡ ਸਕਦੇ ਹਨ। ਹਾਲਾਂਕਿ ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਘੱਟ ਹੈ। ਪਿਛਲੇ ਸਾਲ 7500 ਅਮੀਰਾਂ ਨੇ ਭਾਰਤ ਛੱਡਿਆ ਸੀ। ਹੈਨਲੀ ਦੁਨੀਆਂ ਭਰ ਵਿੱਚ ਦੌਲਤ ਅਤੇ ਨਿਵੇਸ਼ ਪ੍ਰਵਾਸ ਦੀ ਨਿਗਰਾਨੀ ਕਰਦੀ ਹੈ। ਹਾਈ ਨੈੱਟ ਵਰਥ ਇੰਡੀਵਿਜੁਅਲਸ ਦੇਸ਼ ਛੱਡਣ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਵਿੱਚ ਦੂਜੇ ਨੰਬਰ ’ਤੇ ਹੈ। ਪਹਿਲਾ ਸਥਾਨ ਚੀਨ ਦਾ ਹੈ। ਸਾਲ 2023 ’ਚ ਚੀਨ ਤੋਂ 13,500 ਅਮੀਰ ਵਿਅਕਤੀ ਦੇਸ਼ ਛੱਡ ਸਕਦੇ ਹਨ। ਕਰੋੜਪਤੀ ਜਾਂ ਅਮੀਰ ਲੋਕ ਉਹ ਹੁੰਦੇ ਹਨ ਜਿਨ੍ਹਾਂ ਕੋਲ 1 ਮਿਲੀਅਨ ਜਾਂ ਇਸ ਤੋਂ ਵੱਧ ਦੀ ਨਿਵੇਸ਼ਯੋਗ ਦੌਲਤ ਹੁੰਦੀ ਹੈ।

### ਯੂ.ਕੇ. ਅਤੇ ਰੂਸ ਵਿੱਚ ਦੀ ਸਥਿਤੀ

ਅਮੀਰਾਂ ਦੇ ਦੇਸ਼ ਛੱਡਣ ਦੇ ਮਾਮਲੇ ਵਿੱਚ ਯੂ.ਕੇ. ਦੁਨੀਆਂ ਵਿੱਚ ਤੀਜੇ ਨੰਬਰ ’ਤੇ ਹੈ। ਇੱਥੋਂ 3200 ਅਮੀਰ ਲੋਕ ਦੇਸ਼ ਛੱਡ ਸਕਦੇ ਹਨ। ਇਸੇ ਤਰ੍ਹਾਂ ਰੂਸ ਦੇ 3000 ਅਮੀਰ ਲੋਕ ਦੇਸ਼ ਛੱਡ ਸਕਦੇ ਹਨ। ਇਹ ਚੌਥੇ ਸਥਾਨ ’ਤੇ ਹੈ। ਸਾਲ 2022 ਵਿੱਚ 8500 ਅਮੀਰ ਲੋਕ ਰੂਸ ਛੱਡ ਕੇ ਵਿਦੇਸ਼ ਚਲੇ ਗਏ।



ਕਿਉਂ ਛੱਡਦੇ ਹਨ ਅਮੀਰ ਲੋਕ ਦੇਸ਼ ?

ਹੁਣ ਸਵਾਲ ਇਹ ਹੈ ਕਿ ਅਮੀਰ ਲੋਕ ਆਪਣਾ ਦੇਸ਼ ਕਿਉਂ ਛੱਡਦੇ ਹਨ। ਇਹ ਟੈਕਸ ਕਾਨੂੰਨਾਂ ਦੀਆਂ ਗੁੰਝਲਾਂ ਕਾਰਨ ਹੈ। ਭਾਰਤ ਵਿੱਚ ਟੈਕਸ ਸਬੰਧੀ ਨਿਯਮਾਂ ਵਿੱਚ ਉਲਝਣਾਂ ਕਾਰਨ ਹਰ ਸਾਲ ਹਜ਼ਾਰਾਂ ਅਮੀਰ ਲੋਕ ਦੇਸ਼ ਛੱਡ ਜਾਂਦੇ ਹਨ।

### ਅਮੀਰਾਂ ਨੂੰ ਕਿਹੜਾ ਦੇਸ਼ ਪਸੰਦ ਹੈ ?

ਦੁਨੀਆਂ ਭਰ ਦੇ ਅਮੀਰ ਲੋਕ ਦੁਬਈ ਅਤੇ ਸਿੰਗਾਪੁਰ ਵਰਗੀਆਂ ਥਾਵਾਂ ਨੂੰ ਸਭ ਤੋਂ ਵੱਧ ਪਸੰਦ ਕਰ ਰਹੇ ਹਨ। ਅਮੀਰ ਲੋਕ ਉਨ੍ਹਾਂ ਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦਿੰਦੇ ਹਨ ਜਿੱਥੇ ਟੈਕਸ ਕਾਨੂੰਨ ਲੱਚਕਦਾਰ ਹਨ।

### ਸੋਸ਼ਲ ਮੀਡੀਆ ਯੂਜ਼ਰਸ ਨੇ ਵਿੱਤ ਮੰਤਰਾਲੇ ਨੂੰ ਘੇਰਿਆ

ਸੋਸ਼ਲ ਮੀਡੀਆ ਯੂਜ਼ਰਸ ਟੈਕਸ ਨਿਯਮਾਂ ’ਚ ਗੁੰਝਲਦਾਰਤਾ ਲਈ ਵਿੱਤ ਮੰਤਰਾਲੇ ਦੀ ਆਲੋਚਨਾ ਕਰਦੇ ਦੇਖੇ ਗਏ ਹਨ। ਅਨੁਭਵੀ ਆਈਟੀ ਕੰਪਨੀ ਇੰਫੋਸਿਸ ਦੇ ਸਾਬਕਾ ਬੋਰਡ ਮੈਂਬਰ ਟੀਵੀ ਮੋਹਨਦਾਸ ਪਾਈ ਨੇ ਵੀ ਟਵੀਟ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰਾਲੇ ਨੇ ਐਚ.ਐਨ.ਆਈਜ਼ ਦਾ ਜਿਊਣਾ ਮੁਸ਼ਕਿਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਟੈਕਸ ਨਿਯਮਾਂ ਨੂੰ ਸਰਲ ਬਣਾਇਆ ਜਾਣਾ ਚਾਹੀਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

21 ਜੂਨ ਤੋਂ 27 ਜੂਨ, 2023

## ਗੁਰਦੁਆਰਾ ਐਕਟ ਵਿੱਚ ਸੋਧ ਦਾ ਮਾਮਲਾ: ਬਿਆਨਾਂ ਦੇ ਰੌਲੇ ਦੀ ਅਸਲ ਜੜ੍ਹ ਤੋਂ ਵਿੱਥ

ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਵੱਲੋਂ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ- 2023' ਪਾਸ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇੱਕ ਪਰਿਵਾਰ ਦੇ ਪ੍ਰਭਾਵ ਹੇਠ ਪਿਛਲੇ 11 ਸਾਲਾਂ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਇੱਕ ਚੈਨਲ ਨੂੰ ਦਿੱਤੇ ਹੋਏ ਹਨ। ਇਸ ਅਧਿਕਾਰ ਨੂੰ ਇਕ ਪਰਿਵਾਰ ਦੇ ਕੰਟਰੋਲ ਤੋਂ ਮੁਕਤ ਕਰਨਾ ਇਸ ਬਿੱਲ ਦਾ ਮੰਤਵ ਹੈ। ਸਿੱਖ ਗੁਰਦੁਆਰਾ ਐਕਟ-1925 ਵਿੱਚ ਧਾਰਾ 125 ਤੋਂ ਬਾਅਦ ਧਾਰਾ 125-ਏ ਨੂੰ ਦਰਜ ਕੀਤਾ ਜਾਵੇਗਾ। ਗੁਰਬਾਣੀ ਦੇ ਪ੍ਰਸਾਰਨ ਲਈ ਬੋਰਡ (ਸ਼੍ਰੋਮਣੀ ਕਮੇਟੀ) ਦਾ ਫ਼ਰਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਜ਼, ਪਲੇਟਫ਼ਾਰਮਾਂ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਦਾ ਹੋਵੇਗਾ। ਐਕਟ ਇਹ ਯਕੀਨੀ ਬਣਾਏਗਾ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉੱਤੇ ਇਸ਼ਤਿਹਾਰਬਾਜ਼ੀ/ ਵਪਾਰੀਕਰਨ/ ਵਿਗਾੜ ਨਾ ਹੋਵੇ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਨੇ ਇਸ ਬਿੱਲ ਦਾ ਵਿਰੋਧ ਕੀਤਾ ਜਦੋਂ ਕਿ ਭਾਜਪਾ ਅਤੇ ਕਾਂਗਰਸ ਦੇ ਮੈਂਬਰ ਇਸ ਬਿੱਲ ਨੂੰ ਪੇਸ਼ ਕਰਨ ਮੌਕੇ ਗੈਰਹਾਜ਼ਰ ਰਹੇ। ਜਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦਾ ਗੁਰਬਾਣੀ ਦੇ ਪ੍ਰਸਾਰਨ ਨੂੰ ਲੈ ਕੇ ਪੀਟੀਸੀ ਚੈਨਲ ਕੀਤਾ ਇਕਰਾਰ 21 ਜੁਲਾਈ ਨੂੰ ਖ਼ਤਮ ਹੋ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲ਼ੀ ਨੇ ਸਦਨ ਵਿੱਚ ਇਸ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਸਿੱਖ ਮਾਮਲਿਆਂ ਵਿੱਚ ਸਰਕਾਰੀ ਦਖ਼ਲ ਨਾਲ ਗ਼ਲਤ ਪਿਰਤ ਦਾ ਮੁੱਢ ਬੱਝੇਗਾ। ਇਆਲ਼ੀ ਨੇ ਕਿਹਾ ਕਿ ਬੇਸ਼ੱਕ ਇਸ ਤੋਂ ਪਹਿਲਾਂ ਹੀ ਐਕਟ 'ਚ ਸੋਧਾਂ ਹੋਈਆਂ ਹਨ ਪ੍ਰੰਤੂ ਉਹ ਸ਼੍ਰੋਮਣੀ ਕਮੇਟੀ ਦੀ ਸਿਫ਼ਾਰਸ਼ 'ਤੇ ਕੀਤੀਆਂ ਗਈਆਂ ਸਨ। ਅਕਾਲੀ ਵਿਧਾਇਕ ਡਾ. ਸੁਖਵਿੰਦਰ ਕੁਮਾਰ ਨੇ ਵੀ ਇਸ ਬਿੱਲ ਨੂੰ ਧਾਰਮਿਕ ਮਾਮਲਿਆਂ 'ਚ ਬੇਲੋੜਾ ਦਾਖਲ ਦੱਸਿਆ। ਬਸਪਾ ਦੇ ਇਕਲੌਤੇ ਵਿਧਾਇਕ ਨਛੱਤਰਪਾਲ ਨੇ ਵੀ ਬਿੱਲ ਦਾ ਵਿਰੋਧ ਕਰਦਿਆਂ ਇਸ 'ਤੇ ਮੁੜ ਵਿਚਾਰ ਦੀ ਗੱਲ ਆਖੀ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਅਜਿਹਾ ਕਰ ਕੇ ਮਾਨ ਸਰਕਾਰ ਸਿੱਧੇ ਤੌਰ 'ਤੇ ਸਿੱਖ ਮਸਲਿਆਂ ਵਿੱਚ ਦਖ਼ਲ-ਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਫ਼ੈਸਲੇ ਲਈ ਸੁਖਬੀਰ ਸਿੰਘ ਬਾਦਲ ਵੀ ਬਰਾਬਰ ਦੇ ਜ਼ਿੰਮੇਵਾਰ ਹਨ ਕਿਉਂਕਿ ਉਨ੍ਹਾਂ ਵੱਲੋਂ ਸਿਰਫ਼ ਇੱਕ ਚੈਨਲ ਨੂੰ ਹੀ ਗੁਰਬਾਣੀ ਪ੍ਰਸਾਰਨ ਦੇ ਸਾਰੇ ਅਧਿਕਾਰ ਦਿੱਤੇ ਗਏ ਹਨ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦੇ ਸਬੰਧ ਵਿੱਚ ਸਿੱਖ ਕੌਮ ਦੀਆਂ ਭਾਵਨਾਵਾਂ ਵਿਰੁੱਧ ਤੇ ਸਿੱਖੀ ਨਿਯਮਾਂ, ਅਸੂਲਾਂ ਦਾ ਉਲੰਘਣ ਕਰਦੇ ਹੋਏ ਸਰਕਾਰ ਇਸ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਦੀ ਗੁਸਤਾਖ਼ੀ ਨਾ ਕਰੇ। ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਅਤੇ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਇਸ ਸਬੰਧ ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਨੂੰ ਮਿਲਣ ਸਮੇਤ ਹਰ ਤਰਾਂ ਦੀ ਚਾਰਾਜੋਈ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਆਲ ਇੰਡੀਆ ਐਕਟ ਹੈ ਤੇ ਇਸ ਵਿੱਚ ਸੋਧ ਕਰਨਾ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ ਹੈ।

ਅਕਾਲ ਤਖ਼ਤ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਰਕਾਰ ਨੂੰ ਆਖਿਆ ਹੈ ਕਿ ਇਸ ਬਾਰੇ ਵਿਧਾਨ ਸਭਾ ਵਿੱਚ ਮਤਾ ਪਾਸ ਕਰਨ ਦੀ ਕਾਰਵਾਈ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੀ ਹੋਵੇਗੀ। ਉਨ੍ਹਾਂ ਸ਼ੰਕਾ ਪ੍ਰਗਟਾਈ ਹੈ ਕਿ ਜੇ ਗੁਰਬਾਣੀ ਦੇ ਪ੍ਰਸਾਰਨ ਨੂੰ ਖੁੱਲ੍ਹਾ ਛੱਡ ਦਿੱਤਾ ਜਾਵੇਗਾ ਤਾਂ ਅਗਾਂਹ ਚੱਲ ਕੇ ਇਹ ਮਰਿਆਦਾ ਦਾ ਮੁੱਦਾ ਬਣੇਗਾ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤੇ ਹਨ ਕਿ ਪੰਜ ਸਿੰਘ ਸਾਹਿਬਾਨਾਂ ਵੱਲੋਂ ਗੁਰਬਾਣੀ ਦੇ ਕੀਰਤਨ ਦੇ ਪ੍ਰਸਾਰਨ ਬਾਰੇ ਕੀਤੇ ਹੁਕਮ ਨੂੰ ਤੁਰੰਤ ਲਾਗੂ ਕੀਤਾ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਆਪਣੀ ਅਗਲੀ ਰਣਨੀਤੀ ਉਲੀਕਣ ਵਾਸਤੇ 26 ਜੂਨ ਨੂੰ ਸਿੱਖ ਸੰਸਥਾ ਦੇ ਜਨਰਲ ਹਾਊਸ ਦਾ ਵਿਸ਼ੇਸ਼ ਇਜਲਾਸ ਸੱਦਿਆ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਇਹ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਇਸ ਸਬੰਧੀ ਰਾਸ਼ਟਰਪਤੀ ਤੇ ਰਾਜਪਾਲ ਨੂੰ ਮਿਲ ਕੇ ਕਾਨੂੰਨੀ ਚਾਰਾਜੋਈ ਵੀ ਕੀਤੀ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਸਿੱਖ ਗੁਰਦੁਆਰਾ ਐਕਟ ਵਿੱਚ ਸੂਬਾ ਸਰਕਾਰ ਆਪਣੇ ਤੌਰ 'ਤੇ ਕੋਈ ਵੀ ਸੋਧ ਨਹੀਂ ਕਰ ਸਕਦੀ, ਇਹ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀਆਂ ਸਿਫ਼ਾਰਸ਼ਾਂ ਨਾਲ ਹੀ ਹੋ ਸਕਦੀ ਹੈ।ਬਿਆਨਾਂ ਦਾ ਇਹ ਰੌਲਾ ਐਕਟ ਦੇ ਵਿੱਚ ਸੋਧ ਕਰਨ ਜਾਂ ਨਾ ਕਰਨ ਜਾਂ ਸੋਧ ਕੌਣ ਕਿਸ ਤਰ੍ਹਾਂ ਕਰ ਸਕਦਾ ਹੈ, ਮਹਿਜ ਇਸ ਦੇ ਦੁਆਲੇ ਹੀ ਹੈ। ਇਸ ਦਾ ਘੇਰਾ ਅਸਲ ਵੱਲ ਨੂੰ ਨਹੀਂ ਜਾ ਰਿਹਾ ਜਿੱਥੇ ਇਸ ਦੀ ਜੜ੍ਹ ਪਈ ਹੋਈ ਹੈ। 1925 ਦੇ ਗੁਰਦੁਆਰਾ ਐਕਟ ਰਾਹੀਂ ਅੰਗਰੇਜ਼ ਗੁਰਦੁਆਰਾ ਸਾਹਿਬਾਨ ਅਤੇ ਅਕਾਲ ਤਖਤ ਸਾਹਿਬ ਨੂੰ ਦੁਨਿਆਵੀ ਕਾਨੂੰਨ ਅਧੀਨ ਕਰਨ ਵਿੱਚ ਕਾਮਯਾਬ ਹੋ ਗਿਆ। ਗੁਰਮਤਾ ਵਿਧੀ ਰਾਹੀਂ ਗੁਰਮਤਿ ਆਸ਼ੇ ਅਤੇ ਪੰਥਕ ਰਿਵਾਇਤ ਅਨੁਸਾਰ ਸਾਂਝਾ ਫੈਸਲਾ ਲੈਣ ਦੀ ਥਾਵੇਂ ਸਿੱਖ ਸਬ-ਕਮੇਟੀਆਂ/ਅਗਜੈਕਟਿਵਾਂ ਵਾਲਾ ਪੱਛਮੀ ਅਫਸਰਸ਼ਾਹੀ/ਬਾਬੂਸ਼ਾਹੀ ਵਾਲਾ ਤਰੀਕਾ ਅਪਨਾਅ ਰਹੇ ਹਨ। ਜਿਸ ਕਾਰਨ ਗੁਰੂ ਬਰਕਤ ਤੋਂ ਸੱਖਣੇ ਪ੍ਰਬੰਧ ਰਾਹੀਂ ਵਕਤ ਦੀਆਂ ਹਕੂਮਤਾਂ ਜਾਂ ਸਿਆਸੀ ਵੋਟ-ਤੰਤਰੀ ਮੁਫਾਦਾਂ ਵਾਲੇ ਲੋਕ, ਜੋ ਮੌਜੂਦਾ ਪ੍ਰਬੰਧ ਉੱਤੇ ਕਾਬਜ਼ ਹਨ, ਆਪਣੀ ਮਨ ਮਰਜ਼ੀ ਦੇ ਫੈਸਲੇ ਵੀ ਸਿੱਖਾਂ ਸਿਰ ਮੜ੍ਹਦੇ ਆ ਰਹੇ ਹਨ। ਗੁਰਮਤਿ ਆਸ਼ੇ ਅਤੇ ਪੰਥਕ ਰਿਵਾਇਤ ਅਨੁਸਾਰ ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਕਿਸੇ ਦੁਨਿਆਵੀ ਤਖਤ, ਹਕੂਮਤਾਂ ਜਾਂ ਕਾਨੂੰਨਾਂ ਦੇ ਅਧੀਨ ਨਹੀਂ ਹੋ ਸਕਦੇ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰਨਾਂ ਆਗੂਆਂ ਵੱਲੋਂ ਵਾਰ-ਵਾਰ ਕਨੂੰਨ ਦੇ ਅੰਦਰ ਰਹਿ ਕੇ ਹੀ ਮਸਲੇ ਨੂੰ ਵੇਖਣਾ ਦਰਸਾਉਂਦਾ ਹੈ ਕਿ ਮੌਜੂਦਾ ਪ੍ਰਬੰਧਕ ਇਹ ਮੰਨਣ ਵਿੱਚ ਜ਼ਰਾ ਵੀ ਝਿਜਕ ਨਹੀਂ ਰੱਖ ਰਹੇ ਕਿ ਉਹਨਾਂ ਦੇ ਪ੍ਰਬੰਧ ਤਹਿਤ ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਦਾ ਨਿਜ਼ਾਮ ਦਿੱਲੀ ਦਰਬਾਰ ਦੇ ਕਾਨੂੰਨ ਦੇ ਅਧੀਨ ਹੈ। ਬਿਆਨਾਂ ਦੇ ਇਸ ਰੌਲੇ ਦੀ ਅਸਲ ਜੜ੍ਹ ਤੋਂ ਐਨੀ ਵਿੱਥ ਅਸਲ ਵਿੱਚ ਆਪਣੀ ਰਵਾਇਤ ਤੋਂ ਪਈ ਵਿੱਥ ਦਾ ਝਲਕਾਰਾ ਹੈ। ਗੁਰੂ ਭਲੀ ਕਰੇ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'

➢ ਅਨੇਕਾਂ ਵੱਡੀਆਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ ਪੰਜਾਬ

➢ ਪੰਜਾਬ ਦੀ ਵੰਡ ਕਾਰਨ ਆਰਥਿਕਤਾ ਤੇ ਸਾਂਝੀ ਰਹਿਤਲ ਨੂੰ ਵੱਜੀ ਭਾਰੀ ਸੱਟ




ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਕਿਹਾ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਪੁਰਾਤਨ ਸਮੇਂ ਦੌਰਾਨ ਭਾਰਤ ਉਪਰ ਵਿਦੇਸ਼ੀਆਂ ਵੱਲੋਂ ਕੀਤੇ ਜਾਂਦੇ ਹਮਲਿਆਂ ਨੂੰ ਪੰਜਾਬ ਨੇ ਹੀ ਮੂਹਰੇ ਹੋ ਕੇ ਰੋਕਿਆ ਭਾਵੇਂ ਕਿ ਪੰਜਾਬੀਆਂ ਨੂੰ ਇਸ ਦੀ ਵੱਡੀ ਕੀਮਤ ਵੀ ਤਾਰਨੀ ਪਈ ਹੈ। ਇਸ ਸਮੇਂ ਪੰਜਾਬ ਅਨੇਕਾਂ ਵੱਡੀਆਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ।

ਪੰਜਾਬ ਵਿੱਚ ਇਸ ਸਮੇਂ ਬੇਰੁਜ਼ਗਾਰੀ, ਖੇਤੀਬਾੜੀ ਲਈ ਉਪਜਾਊ ਜ਼ਮੀਨਾਂ ਦੀ ਘਾਟ, ਪਿੰਡਾਂ ਦਾ ਹੋ ਰਿਹਾ ਸ਼ਹਿਰੀਕਰਨ, ਨਸ਼ੇ, ਅਮਨ ਕਾਨੂੰਨ ਦੀ ਡਾਵਾਂਡੋਲ ਹੋ ਰਹੀ ਸਥਿਤੀ, ਹਰ ਦਿਨ ਹੋ ਰਹੀਆਂ ਲੁੱਟਾਂ- ਖੋਹਾਂ, ਭ੍ਰਿਸ਼ਟਾਚਾਰ, ਖ਼ੂਨ ਪੀਣੀਆਂ ਸੜਕਾਂ, ਹਰ ਪਾਸੇ ਬਣਿਆ ਆਪੋ-ਧਾਪੀ ਦਾ ਮਾਹੌਲ, ਆਪਸੀ ਨੇੜਤਾ ਦੀ ਥਾਂ ਈਰਖਾ ਬਾਜੀ ਦਾ ਭਾਰੂ ਹੋਣਾ, ਗੈਂਗਸਟਰਵਾਦ, ਹਰ ਤਰਾਂ ਦਾ ਪ੍ਰਦੂਸ਼ਣ, ਮਹਿੰਗਾਈ, ਪੀਣ ਵਾਲੇ ਪਾਣੀ ਦੀ ਘਾਟ, ਕਦੇ ਹੜ੍ਹ ਤੇ ਕਦੇ ਸੋਕਾ ਅਤੇ ਹੋਰ ਕਈ ਵੱਡੀਆਂ ਸਮੱਸਿਆਵਾਂ ਵਿਕਰਾਲ ਰੂਪ ਵਿੱਚ ਖੜੀਆਂ ਹਨ ਪਰ ਇਹਨਾਂ ਸਮੱਸਿਆਵਾਂ ਦੇ ਹਲ ਲਈ ਮੌਜੂਦਾ ਸਰਕਾਰ ਸਮੇਤ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਅਸਫ਼ਲ ਰਹੀਆਂ ਹਨ, ਜਿਸ ਕਾਰਨ ਪੰਜਾਬੀਆਂ ਨੂੰ ਇਹਨਾਂ ਸਭ ਝੰਜਟਾਂ ਤੋਂ ਮੁਕਤੀ ਵਿਦੇਸ਼ ਜਾਣ 'ਚ ਹੀ ਮਿਲਦੀ ਦਿਖਾਈ ਦੇ ਰਹੀ ਹੈ। ਆਮ ਪੰਜਾਬੀਆਂ ਨੂੰ ਸਮਝ ਨਹੀਂ ਆ ਰਹੀ ਕਿ ਜੇ ਪੰਜਾਬ ਵਿੱਚ ਇਹੋ ਵਰਤਾਰਾ ਚਲਦਾ ਰਿਹਾ ਤਾਂ ਪੰਜਾਬ ਅਤੇ ਪੰਜਾਬੀਆਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ।

ਇੱਕ ਪਾਸੇ ਦੁਬਈ ਅਤੇ ਹੋਰ ਅਰਬ ਦੇਸ਼ਾਂ ਵਿੱਚ ਫਸੀਆਂ ਪੰਜਾਬੀ ਮੁਟਿਆਰਾਂ ਦੀ ਦਰਦਭਰੀ ਜਿੰਦਗੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ, ਦੂਜੇ ਪਾਸੇ ਪੰਜਾਬ ਤੋਂ ਚੰਗੇਰੀ ਪੜ੍ਹਾਈ ਅਤੇ ਚੰਗੇ ਰੁਜ਼ਗਾਰ ਲਈ ਕੈਨੇਡਾ ਗਏ ਸੈਂਕੜੇ ਪੰਜਾਬੀ ਵਿਦਿਆਰਥੀਆਂ ਦੇ ਭਵਿੱਖ 'ਤੇ ਖ਼ਤਰੇ ਦੀ ਤਲਵਾਰ ਲਟਕੀ ਹੋਈ ਹੈ। ਇਸ ਤੋਂ ਇਲਾਵਾ ਨਕਲੀ ਲਾੜੀਆਂ ਅਤੇ ਅਸਲੀ ਵਿਆਹ ਕਰਵਾ ਕੇ ਸਹੁਰਿਆਂ ਦੇ ਖ਼ਰਚੇ 'ਤੇ ਕੈਨੇਡਾ ਜਾਣ ਵਾਲੀਆਂ ਅਤੇ ਉਥੇ ਜਾ ਕੇ ਵਿਆਹ ਤੋਂ ਮੁੱਕਰਨ ਵਾਲੀਆਂ ਅਸਲੀ ਲਾੜੀਆਂ ਦੇ ਕਾਰਨਾਮੇ ਵੀ ਸਾਹਮਣੇ ਆ ਰਹੇ ਹਨ। ਇਹਨਾਂ ਸਭ ਮਸਲਿਆਂ ਦਾ ਸੇਕ ਪੰਜਾਬ ਦੇ ਆਮ ਲੋਕਾਂ ਨੂੰ ਸਭ ਤੋਂ ਵੱਧ ਲੱਗ ਰਿਹਾ ਹੈ। ਅਜਿਹੇ ਲੋਕ ਇਨਸਾਫ਼ ਲੈਣ ਲਈ ਦਰ ਦਰ ਭਟਕ ਰਹੇ ਹਨ। ਪੰਜਾਬ ਵਿੱਚ ਆਮਦਨੀ ਦੇ ਸਰੋਤ ਲਗਾਤਾਰ ਸੁੰਗੜ ਰਹੇ ਹਨ ਪਰ ਪੰਜਾਬੀਆਂ ਦੇ ਖ਼ਰਚੇ ਲਗਾਤਾਰ ਵੱਧ ਰਹੇ ਹਨ। ਪੰਜਾਬੀ ਨੌਜਵਾਨਾਂ ਵਿੱਚ ਹੀਰੋਇਜ਼ਮ ਦੀ ਭਾਵਨਾ ਪ੍ਰਬਲ ਹੋਣ ਕਾਰਨ ਨੌਜਵਾਨ ਆਪਣੇ ਸ਼ੌਕ ਅਤੇ ਟੌਹਰ ਲਈ ਖੁੱਲ੍ਹਾ ਖਰਚ ਕਰਦੇ ਹਨ, ਜਿਸ ਕਾਰਨ ਅਕਸਰ ਪੰਜਾਬੀ ਕਰਜ਼ਾਈ ਹੋ ਰਹੇ ਹਨ।

### ਕਈ ਵਾਰ ਹੋਈ ਪੰਜਾਬ ਦੀ ਵੰਡ

ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਵਿੱਚ ਪੰਜਾਬ ਦੀਆਂ ਹੱਦਾਂ ਤੇ ਸਰਹੱਦਾਂ ਦੂਰ ਦੂਰ ਤਕ ਫੈਲੀਆਂ ਹੋਈਆ ਸਨ ਅਤੇ ਕਾਬਲ-ਕੰਧਾਰ ਵੀ ਪੰਜਾਬ ਦਾ ਹਿੱਸਾ ਹੁੰਦੇ ਸਨ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਵਿਸ਼ਾਲ ਸਾਮਰਾਜ ਦਾ ਸੂਰਜ ਅਸਤ ਹੋ ਗਿਆ। ਉਸ ਤੋਂ ਬਾਅਦ 1947 ਦੀ ਭਾਰਤ -ਪਾਕਿਸਤਾਨ ਵੰਡ ਦੌਰਾਨ ਪੰਜਾਬ ਵੀ ਵੰਡਿਆ ਗਿਆ। ਇਸ ਵੰਡ ਨਾਲ ਪਾਕਿਸਤਾਨ ਕੋਲ 62 ਫੀਸਦੀ ਪੰਜਾਬ ਚਲਾ ਗਿਆ। ਸਾਨੂੰ ਮਿਲਿਆ 38 ਫੀਸਦੀ ਪੰਜਾਬ। ਵੰਡ ਨੇ ਪੰਜਾਬ ਦੀ ਆਬਾਦੀ ਅਤੇ ਜ਼ਮੀਨੀ ਵੰਡ ਦਾ ਲੱਕ ਤੋੜ ਦਿੱਤਾ। ਇਸ ਨਾਲ ਸਾਡੀ ਆਰਥਿਕਤਾ ਤੇ ਸਾਂਝੀ ਰਹਿਤਲ ਨੂੰ ਭਾਰੀ ਸੱਟ ਵੱਜੀ। 1966 ਵਿੱਚ ਪੰਜਾਬ ਨੂੰ ਹੋਰ ਛੋਟਾ ਕਰ ਦਿੱਤਾ ਗਿਆ। ਪੰਜਾਬ ਵਿੱਚੋਂ ਹਰਿਆਣੇ ਨੂੰ 12 ਫੀਸਦੀ ਅਤੇ ਹਿਮਾਚਲ ਨੂੰ ਤਕਰੀਬਨ 8 ਫੀਸਦੀ ਇਲਾਕਾ ਮਿਲ ਗਿਆ। ਹੁਣ ਸਾਡਾ 18 ਫੀਸਦੀ ਦਾ ਪੰਜਾਬ ਹੈ। ਪੰਜਾਬ ਦੀ ਇਸ ਤਰੀਕੇ ਨਾਲ ਹੋਈ ਕੱਟ-ਵੱਢ ਨੇ ਅਖੀਰ ਆਪਣਾ ਰੰਗ ਤਾਂ ਦਿਖਾਉਣਾ ਹੀ ਸੀ।

1966 ਵਿੱਚ ਪੰਜਾਬ ਦੀ ਵੰਡ ਕਾਰਨ ਪੰਜਾਬ ਦਾ ਪਹਾੜੀ ਇਲਾਕਾ ਹਿਮਾਚਲ ਨੂੰ ਚਲਿਆ ਗਿਆ, ਉਥੇ ਸਿਆਸੀ, ਵਪਾਰਕ ਅਤੇ ਹੋਰ ਰੂਪਾਂ ਵਿੱਚ ਰਾਜਧਾਨੀ ਦਿੱਲੀ ਨਾਲ ਜੁੜਨ ਵਾਲਾ ਪੰਜਾਬ ਦਿੱਲੀ ਤੋਂ ਬਹੁਤ ਦੂਰ ਹੋ ਗਿਆ, ਜਿਸ ਕਾਰਨ ਪੰਜਾਬ ਦੀ ਸਨਅਤ, ਕਾਰੋਬਾਰ ਅਤੇ ਵਪਾਰਕ ਘਰਾਣੇ ਪੰਜਾਬ ਤੋਂ ਹਿਜਰਤ ਕਰ ਗਏ। ਇਸ ਸਮੇਂ ਦੌਰਾਨ ਹਰਿਆਣਾ ਦੇਸ਼ ਦੀ ਰਾਜਧਾਨੀ ਦਿੱਲੀ ਦੇ ਨਾਲ ਲੱਗਦਾ ਹੋਣ ਕਰਕੇ ਅਨੇਕਾਂ ਬਰਕਤਾਂ ਨੂੰ ਖੱਟ ਗਿਆ। ਜਿਸ ਕਰਕੇ ਪੰਜਾਬ ਲਈ ਹਰਿਆਣਾ ਦੇ ਰੂਪ ਵਿੱਚ ਵੱਡਾ ਸ਼ਰੀਕ ਪੈਦਾ ਹੋ ਗਿਆ। ਇਸ ਸਮੇਂ ਪੰਜਾਬ ਸਿਰਫ਼ ਖੇਤੀ ਪ੍ਰਧਾਨ ਸੂਬਾ ਹੈ, ਪਰ ਖੇਤੀਬਾੜੀ ਦੇ ਖੇਤਰ ਵਿੱਚ ਹਰੀ ਕ੍ਰਾਂਤੀ ਲਿਆਉਣ ਦੇ ਬਾਵਜੂਦ ਪੰਜਾਬ ਕੋਈ ਵੱਡੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ।

### ਖੇਤੀ ਆਧਾਰਿਤ ਸਨਅਤਾਂ ਲਗਾਉਣ ਦੀ ਲੋੜ

ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਪਰ ਪੰਜਾਬ ਵਿੱਚ ਖੇਤੀਬਾੜੀ ਨਾਲ ਸਬੰਧਿਤ ਸਨਅਤਾਂ ਅਤੇ ਉਦਯੋਗ ਲਗਾਉਣ ਵਿੱਚ ਪੰਜਾਬ ਦੀਆਂ ਵੱਖ ਵੱਖ ਸਮੇਂ ਰਾਜ ਕਰਦੀਆਂ ਰਹੀਆਂ ਸਰਕਾਰਾਂ ਅਸਫ਼ਲ ਰਹੀਆਂ, ਜਿਸ ਕਾਰਨ ਪੰਜਾਬ ਦੀ ਖੇਤੀਬਾੜੀ ਘਾਟੇ ਦਾ ਕੰਮ ਬਣਦੀ ਗਈ। ਇਸ ਤੋਂ ਇਲਾਵਾ ਵਧੇਰੇ ਉਤਪਾਦਨ ਦੇ ਲਾਲਚ ਵਿੱਚ ਪੰਜਾਬੀ ਕਿਸਾਨਾਂ ਵੱਲੋਂ ਕੀੜੇਮਾਰ ਦਵਾਈਆਂ ਅਤੇ ਰਸਾਇਣਿਕ ਖਾਦਾਂ ਦੀ ਕੀਤੀ ਜਾ ਰਹੀ ਵਧੇਰੇ ਵਰਤੋ ਕਾਰਨ ਪੰਜਾਬ ਦਾ ਪੌਣ ਪਾਣੀ ਪ੍ਰਦੂਸ਼ਿਤ ਹੋ ਗਿਆ, ਜਿਸ ਦਾ ਸ਼ਿਕਾਰ ਪੰਜਾਬੀ ਖੁਦ ਹੋ ਰਹੇ ਹਨ। ਇਸ ਤੋਂ ਇਲਾਵਾ ਪੰਜਾਬੀ ਨੌਜਵਾਨਾਂ ਵਿੱਚ ਜਲਦੀ ਅਮੀਰ ਹੋਣ ਦੇ ਵਕਤੀ ਦਿਖਾਵੇ ਅਤੇ ਹੀਰੋਇਜ਼ਮ ਨੇ ਕਈ ਬੁਰਾਈਆਂ ਨੂੰ ਜਨਮ ਦਿੱਤਾ ਹੈ। ਬਾਜ਼ਾਰਾਂ ਵਿੱਚ ਫ਼ੈਲ ਰਹੇ ਸ਼ੌਪਿੰਗ ਮਾਲ ਅਤੇ ਕਾਰਪੋਰੇਟ ਸੈਕਟਰ ਦਾ ਆਪਣਾ ਲਭਾਉਣਾ ਪੱਖ ਹੈ। ਇਸ ਕਰਕੇ ਚਾਰ-ਚੁਫੇਰੇ ਚਕਾਚੌਂਧ ਦੀ ਭਾਜੜ ਮੱਚੀ ਨਜ਼ਰ ਆਉਂਦੀ ਹੈ। ਅਸਲ ਵਿੱਚ ਲੋੜ ਤਾਂ ਇਸ ਗਲ ਦੀ ਹੈ ਕਿ ਪੰਜਾਬ 'ਚ ਖੇਤੀਬਾੜੀ ਨਾਲ ਸਬੰਧਿਤ ਸਨਅਤਾਂ ਅਤੇ ਉਦਯੋਗ ਲਗਾਏ ਜਾਣ, ਜਿਹਨਾਂ ਵਿੱਚ ਪੰਜਾਬੀਆਂ ਨੂੰ ਪਹਿਲ ਦੇ ਆਧਾਰ 'ਤੇ ਰੁਜ਼ਗਾਰ ਦਿੱਤਾ ਜਾਵੇ। ਪੰਜਾਬ ਵਿੱਚ ਜੇ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਤੋਂ ਅਨੇਕਾਂ ਤਰਾਂ ਦਾ ਸਮਾਨ ਬਣਾਉਣ ਦੀਆਂ ਸਨਅਤਾਂ ਲੱਗ ਜਾਣ ਤਾਂ ਖੇਤਾਂ ਵਿੱਚ ਨਾੜ ਅਤੇ ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਆਪਣੇ ਆਪ ਹੱਲ ਹੋ ਜਾਵੇਗੀ।

### ਪਰਵਾਸ ਕਿਸੇ ਮਸਲੇ ਦਾ ਹੱਲ ਨਹੀਂ

ਸੱਤਰ ਸਾਲ ਪਹਿਲਾਂ ਜਿਨ੍ਹਾਂ ਵਿਦੇਸ਼ੀ ਹਾਕਮਾਂ ਨੂੰ ਇੱਥੋਂ ਕੱਢਣ ਲਈ ਪੰਜਾਬੀਆਂ ਨੇ ਅਨੇਕਾਂ ਕੁਰਬਾਨੀਆਂ ਦਿੱਤੀਆਂ ਸਨ, ਪਰ ਅੱਜ ਦੀ ਅਸਲੀਅਤ ਇਹ ਹੈ ਕਿ ਪੰਜਾਬੀ ਉਨ੍ਹਾਂ ਹਾਕਮਾਂ ਦੇ ਮੁਲਕਾਂ ਵਿੱਚ ਪਨਾਹਗੀਰ ਹੋ ਜਾਣ ਲਈ ਤਰਲੋਮੱਛੀ ਹੋ ਰਹੇ ਹਨ। ਪੰਜਾਬੀ ਹੁਣ ਪਹਿਲਾਂ ਆਪਣੇ ਬੱਚਿਆਂ ਨੂੰ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਭੇਜਦੇ ਹਨ, ਫਿਰ ਉਹਨਾਂ ਦੇ ਪਿੱਛੇ ਪਿੱਛੇ ਖੁਦ ਵੀ ਵਿਦੇਸ਼ ਉਡਾਰੀ ਮਾਰ ਰਹੇ ਹਨ। ਪੰਜਾਬ ਵਿੱਚ ਹੁਣ ਐਨ.ਆਰ.ਆਈ. ਪੰਜਾਬੀਆਂ ਨੇ ਪੈਸਾ ਅਤੇ ਉਦਯੋਗ ਲਗਾਉਣ ਤੋਂ ਮੂੰਹ ਮੋੜ ਲਿਆ ਹੈ। ਹਰ ਸਾਲ ਪੰਜਾਬੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦਾ ਕਰੋੜਾਂ ਰੁਪਇਆ ਵੀ ਵਿਦੇਸ਼ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਵਿੱਤੀ ਸੰਕਟ ਵਿੱਚ ਘਿਰਦਾ ਜਾ ਰਿਹਾ ਹੈ।

ਪੰਜਾਬੀਆਂ ਨੂੰ ਜਦੋਂ ਇਹਨਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਸੁੱਝਦਾ, ਤਾਂ ਉਹ ਪੰਜਾਬ ਨੂੰ ਅਲਵਿਦਾ ਕਹਿ ਕੇ ਦਿੱਲੀ ਦੇ ਹਵਾਈ ਅੱਡੇ ਤੋਂ ਅਧਮੀਟੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਸੰਜੋ ਕੇ ਵਿਦੇਸ਼ਾਂ ਨੂੰ ਜਾਣ ਲਈ ਜਹਾਜ਼ ਚੜ ਰਹੇ ਹਨ। ਜਿਸ ਕਰਕੇ ਪੰਜਾਬ ਹੁਣ ਖਾਲੀ ਹੁੰਦਾ ਜਾ ਰਿਹਾ ਹੈ ਅਤੇ ਪੰਜਾਬ ਵਿੱਚ ਪੰਜਾਬੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ, ਜਦੋਂ ਕਿ ਦੂਜੇ ਰਾਜਾਂ ਤੋਂ ਪੰਜਾਬ ਵਿੱਚ ਆ ਕੇ ਰਹਿਣ ਵਾਲਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਪੰਜਾਬ ਦੇ ਹਰ ਪਿੰਡ/ਸ਼ਹਿਰ/ਕਸਬੇ ਵਿੱਚ ਅੱਧੇ ਤੋਂ ਜਿਆਦਾ ਘਰ ਅਜਿਹੇ ਹਨ, ਜਿਨ੍ਹਾਂ ਦੇ ਦਰਾਂ ਨੂੰ ਤਾਲਾ ਲੱਗਿਆ ਹੁੰਦਾ ਹੈ ਅਤੇ ਉਹਨਾਂ ਘਰਾਂ ਦੇ ਵਸਨੀਕ ਵਿਦੇਸ਼ ਉਡਾਰੀ ਮਾਰ ਗਏ ਹਨ। ਪਿੱਛੇ ਸੁੰਨੇ ਪਏ ਘਰ ਭੂਤ ਬੰਗਲੇ ਬਣਦੇ ਜਾ ਰਹੇ ਹਨ, ਜਿਨ੍ਹਾਂ ਉਪਰ ਕਦੇ ਵੀ ਕੋਈ ਵੀ ਕਬਜ਼ਾ ਕਰਨ ਦਾ ਯਤਨ ਕਰ ਰਿਹਾ ਹੈ। ਵਿਦੇਸ਼ ਜਾਣ ਦੀ ਚਕਾਚੌਂਧ ਵਿੱਚ ਪੰਜਾਬੀ ਆਪਣੀਆਂ ਜ਼ਮੀਨਾਂ ਸਸਤੇ ਭਾਅ ਵੇਚ ਕੇ ਵਿਦੇਸ਼ ਪੱਕੇ ਤੌਰ 'ਤੇ ਜਾ ਰਹੇ ਹਨ। ਪੰਜਾਬ ਨਾਲ ਉਹਨਾਂ ਦਾ ਮੋਹ ਭੰਗ ਹੁੰਦਾ ਦਿਖਾਈ ਦੇ ਰਿਹਾ ਹੈ। ਪੰਜਾਬੀਆਂ ਲਈ ਪਰਵਾਸ ਕਰਕੇ ਵਿਦੇਸ਼ ਜਾਣਾ ਗਲਤ ਨਹੀਂ ਹੈ, ਪਰ ਪੰਜਾਬੀਆਂ ਨੂੰ ਇਹ ਗਲ ਸਮਝ ਜਾਣੀ ਚਾਹੀਦੀ ਹੈ ਕਿ ਪਰਵਾਸ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ।

### ਪੰਜਾਬ ਦੇ ਵਿਕਾਸ 'ਚ ਯੋਗਦਾਨ ਪਾਉਣ ਐਨ.ਆਰ.ਆਈ.ਪੰਜਾਬੀ

ਪਰਵਾਸੀ ਪੰਜਾਬੀਆਂ ਨੂੰ ਆਪਣੀਆਂ ਜੜਾਂ ਪੰਜਾਬ ਨਾਲ ਜੋੜ ਕੇ ਰਖਣੀਆਂ ਚਾਹੀਦੀਆਂ ਹਨ। ਪੰਜਾਬੀ ਦੁਨੀਆਂ ਦੇ ਕਿਸੇ ਵੀ ਮੁਲਕ 'ਚ ਚਲੇ ਜਾਣ ਪਰ ਉਹਨਾਂ ਦੇ 'ਪੇਕੇ' ਪੰਜਾਬ 'ਚ ਹੀ ਹੁੰਦੇ ਹਨ। ਇਸ ਲਈ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਲਈ ਅਤੇ ਪੰਜਾਬ ਤੇ ਪੰਜਾਬੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹਲ ਲਈ ਉਪਰਾਲੇ ਕਰਨੇ ਚਾਹੀਦੇ ਹਨ। ਐਨ.ਆਰ. ਆਈ. ਪੰਜਾਬੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਕੇ ਪੰਜਾਬ 'ਚ ਸਨਅਤਾਂ ਅਤੇ ਹੋਰ ਕੰਮ ਧੰਦੇ ਆਰੰਭ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬੀਆਂ ਨੂੰ ਰੁਜ਼ਗਾਰ ਮਿਲੇ ਅਤੇ ਪੰਜਾਬ ਦਾ ਸਰਬਪੱਖੀ ਵਿਕਾਸ ਹੋਵੇ। ਐਨ. ਆਰ . ਆਈ. ਪੰਜਾਬੀਆਂ ਨੂੰ ਆਪਣੇ ਜੱਦੀ ਪਿੰਡਾਂ ਦੇ ਵਿਕਾਸ 'ਚ ਜਰੂਰ ਯੋਗਦਾਨ ਪਾਉਣਾ ਚਾਹੀਦਾ ਹੈ।

# ਮੋਦੀ ਸਰਕਾਰ ਖ਼ਿਲਾਫ਼ ਵਿਰੋਧੀ ਧਿਰ ਦੇ ਏਕੇ ਦਾ ਸਵਾਲ



ਗੁਰਮੀਤ ਸਿੰਘ ਪਲਾਹੀ
9815802070



ਵੈਸੇ ਤਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਮੇਂ-ਸਮੇਂ, ਮਿਥੇ ਹੋਏ ਭਾਰਤੀ ਸੰਵਿਧਾਨ ਦੇ ਪ੍ਰਤੀਕੂਲ ਮੌਕੇ ਦੇ ਹਾਕਮਾਂ ਵਲੋਂ ਵਿਰੋਧੀ ਧਿਰ ਨੂੰ ਦਬਾਉਣ ਲਈ ਲੋਕਤੰਤਰੀ ਕੀਮਤਾਂ ਦਾ ਹਨਨ ਕੀਤਾ ਜਾਂਦਾ ਰਿਹਾ। ਭਾਰਤੀ ਗਣਤੰਤਰ 'ਚ ਸੂਬਿਆਂ ਨੂੰ ਦਿੱਤੇ ਹੱਕਾਂ ਉੱਤੇ ਛਾਪਾ ਮਾਰ ਕੇ ਕੇਂਦਰੀ ਸਰਕਾਰਾਂ ਆਪਣਾ ਰੋਹਬ ਦਾਬ ਬਣਾਈ ਰੱਖਦੀਆਂ ਰਹੀਆਂ, ਪਰ ਦੇਸ਼ 'ਚ ਲਗਾਈ 1975 ਦੀ ਐਮਰਜੈਂਸੀ ਸਮੇਂ ਤਾਂ ਸੰਵਿਧਾਨ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਸਿੱਟੇ ਵਜੋਂ ਦੇਸ਼ 'ਚ ਰੋਹ ਜਾਗਿਆ। ਵਿਰੋਧੀ ਨੇਤਾ, ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ ਆਦਿ ਦੀ ਅਗਵਾਈ 'ਚ ਇਕੱਠੇ ਹੋਏ ਅਤੇ ਕੇਂਦਰ 'ਚ ਸਰਕਾਰ 'ਚ ਆਪਣੀ ਸਰਕਾਰ ਬਣਾਉਣ 'ਚ ਕਾਮਯਾਬ ਹੋਏ। ਇਹ ਸਫ਼ਲਤਾ ਤਦੇ ਸੰਭਵ ਹੋਈ, ਜੇਕਰ ਵਿਰੋਧੀ ਧਿਰ ਇੱਕ ਜੁੱਟ ਸੀ।

ਪਹਿਲਾਂ ਪ੍ਰਧਾਨ ਮੰਤਰੀ ਚੁਨਣ ਵੇਲੇ ਅਤੇ ਬਾਅਦ 'ਚ ਆਪਸੀ ਕਾਟੋ ਕਲੇਸ਼ ਕਾਰਨ ਵਿਰੋਧੀ ਧਿਰਾਂ ਇੱਕ ਜੁੱਟ ਨਾ ਰਹਿ ਸਕੀਆਂ, ਕਿਉਂਕਿ ਰਸਤੇ ਵੱਖੋ-ਵੱਖਰੇ ਸਨ, ਇਸ ਲਈ ਕਾਂਗਰਸ ਨੇ ਮੁੜ ਪਾਰਟੀਆਂ 'ਚ ਦੁਫੇੜ ਪਾ ਦਿੱਤਾ ਅਤੇ ਵਿਰੋਧੀ ਧਿਰ ਦੀ ਸਰਕਾਰ ਤੋੜ ਦਿੱਤੀ। ਮੁਰਾਰਜੀ ਡਿਸਾਈ, ਬਾਬੂ ਜਗਜੀਵਨ ਰਾਮ ਅਤੇ ਕਈ ਹੋਰ ਨੇਤਾ ਪ੍ਰਧਾਨ ਮੰਤਰੀ ਦੀ ਦੌੜ ਵਿੱਚ ਸਨ। ਮੁਰਾਰਜੀ ਡਿਸਾਈ ਆਪਣੀ ਮਰਜ਼ੀ ਦੇ ਮਾਲਕ ਸਨ, ਮਨਮਾਨੀਆਂ ਕਾਰਨ ਵਿਰੋਧੀ ਧਿਰ ਨੂੰ ਉਹ ਇਕੱਠੇ ਨਾ ਰੱਖ ਸਕੇ। ਦੂਜਾ ਵਿਰੋਧੀ ਧਿਰ 'ਚ ਸ਼ਾਮਲ ਧਿਰਾਂ ਦੀ, ਲੋਕ ਹਿੱਤ ਪ੍ਰਤੀ ਵੱਖਰੀ ਪਹੁੰਚ ਸੀ, ਸਮਾਜਵਾਦੀ ਖੇਮਾ ਕਿਸੇ ਹੋਰ ਢੰਗ ਨਾਲ ਦੇਸ਼ ਨੂੰ ਚਲਾਉਣਾ ਚਾਹੁੰਦਾ ਸੀ, ਪਰ ਦੂਜੀਆਂ ਧਿਰਾਂ ਨਿੱਜੀਕਰਨ ਅਤੇ ਕੇਂਦਰੀਕਰਨ ਦੀ ਪਾਲਿਸੀ ਅਪਨਾ ਕੇ ਦੇਸ਼ ਉੱਤੇ ਰਾਜ ਕਰਨ ਲਈ ਤਤਪਰ ਸਨ।

ਅੱਜ ਦੇਸ਼ 'ਚ ਸਥਿਤੀ ਸੁਖਾਵੀਂ ਨਹੀਂ। ਦੇਸ਼ ਦੇ ਹਾਕਮਾਂ ਉੱਤੇ ਇਲਜ਼ਾਮ ਲੱਗ ਰਹੇ ਹਨ ਕਿ ਉਹ ਦੇਸ਼ ਨੂੰ ਧੰਨ ਕੁਬੇਰਾਂ ਦੇ ਹੱਥ ਸੌਂਪ ਰਹੇ ਹਨ। ਉਹ ਦੇਸ਼ 'ਚ ਨਿੱਜੀਕਰਨ, ਕੇਂਦਰੀਕਰਨ ਦੀ ਨੀਤੀ ਲਾਗੂ ਕਰਨ ਦੇ ਰਾਹ ਉੱਤੇ ਹਨ। ਨਰੇਂਦਰ ਮੋਦੀ, ਬਾਰੇ ਉਹਨਾਂ ਦੇ ਪੈਰੋਕਾਰ ਕਹਿ ਰਹੇ ਹਨ ਕਿ ਮੋਦੀ ਹੈ ਤਾਂ ਮੁਮਕਿਨ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਮੋਦੀ ਸ਼ਾਸਨ ਦੇ 9 ਸਾਲਾਂ ਵਿੱਚ ਹੀ ਦੇਸ਼ 'ਚ ਤਰੱਕੀ ਹੋਈ ਹੈ। ਪਹਿਲਾਂ ਦੇਸ਼ 'ਚ ਵਿਕਾਸ ਨਹੀਂ ਹੋਇਆ।

ਮੌਜੂਦਾ ਸਰਕਾਰ 'ਤੇ ਦੋਸ਼ ਇਹ ਵੀ ਲੱਗਦੇ ਹਨ ਕਿ ਇਹ ਸਰਕਾਰ ਹਿੰਦੂਤਵ ਦਾ ਅਜੰਡਾ ਦੇਸ਼ 'ਤੇ ਲਾਗੂ ਕਰ ਰਹੀ ਹੈ। ਪਾਰਲੀਮੈਂਟ ਦੀ ਨਵੀਂ ਇਮਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਆਪ ਹੀ ਰਾਸ਼ਟਰਪਤੀ ਦੀ ਥਾਂ ਉਦਘਾਟਨ ਕਰਨ ਸਬੰਧੀ ਦੇਸ਼ ਦੀ ਵਿਰੋਧੀ ਧਿਰ ਦੇ ਨੇਤਾ ਇੱਕ ਮੁੱਠ ਹੋਏ ਹਨ। ਲਗਭਗ 22 ਵਿਰੋਧੀ ਪਾਰਟੀਆਂ ਨੇ ਉਦਘਾਟਨ ਸਮਾਰੋਹ ਦਾ ਬਾਈਕਾਟ ਕੀਤਾ ਹੈ। ਆਖ਼ਰ ਇਹ ਕਿਉਂ ਹੋਇਆ?

ਦੇਸ਼ 'ਚ ਗੈਰ ਲੋਕਤੰਤਰੀ ਕੰਮਾਂ 'ਚ ਵਾਧਾ ਹੋ ਰਿਹਾ ਹੈ। ਨਵੀਂ ਦਿੱਲੀ ਪ੍ਰਦੇਸ਼ ਉੱਤੇ ਆਪਣਾ ਗਲਬਾ ਬਣਾਈ ਰੱਖਣ ਲਈ ਸੁਪਰੀਮ ਕੋਰਟ ਵੱਲੋਂ ਦਿੱਤੀਆਂ ਹਦਾਇਤਾਂ ਦੇ ਬਾਵਜੂਦ ਦਿੱਲੀ ਦੇ ਮੌਜੂਦਾ ਲੈਫਟੀਨੈਂਟ ਗਵਰਨਰ ਦੀਆਂ ਸ਼ਕਤੀਆਂ ਬਣਾਈ ਰੱਖਣ ਲਈ ਜੋ ਨੋਟੀਫੀਕੇਸ਼ਨ ਜਾਰੀ ਕੀਤਾ ਹੈ ਉਹ ਕੇਜਰੀਵਾਲ ਦੀ ਚੁਣੀ ਹੋਈ ਸਰਕਾਰ ਦੀਆਂ ਤਾਕਤਾਂ ਸੀਮਤ ਕਰਨ ਵੱਲ ਵੱਡਾ ਕਦਮ ਹੈ।

ਦੇਸ਼ ਵਿੱਚ ਵਿਰੋਧੀ ਧਿਰਾਂ, ਕਿਧਰੇ ਨਾ ਕਿਧਰੇ, ਕਿਸੇ ਨ ਕਿਸੇ ਕਾਰਨ ਇੱਕਮੁੱਠ ਹੋ ਰਹੀਆਂ ਹਨ। ਉਹ ਸੂਬਾ ਜਿਥੋਂ ਜੈ ਪ੍ਰਕਾਸ਼ ਨਰਾਇਣ ਦੇ ਇੰਦਰਾ ਗਾਂਧੀ ਵਿਰੋਧੀ ਲਹਿਰ ਚਲਾਕੇ ਕੇਂਦਰ ਸਰਕਾਰ ਹਿਲਾ ਦਿੱਤੀ ਸੀ। ਉਥੋਂ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਿਰੋਧੀਆਂ ਨੂੰ ਇੱਕਮੁੱਠ ਕਰਨ ਦੇ ਰਾਹ ਹਨ। ਉਹ ਕਾਂਗਰਸ ਖੱਬੀਆਂ ਪਾਰਟੀਆਂ, ਇਲਾਕਾਈ ਪਾਰਟੀਆਂ ਨਾਲ ਤਾਲਮੇਲ ਕਰਕੇ ਇੱਕ ਮੋਰਚਾ ਬਣਾਉਣ ਲਈ ਪਹਿਲਕਦਮੀ ਕਰਦਿਆਂ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਚ ਜਾ ਕੇ ਸਾਂਝਾ ਪਲੇਟਫਾਰਮ ਬਣਾਉਣ ਲਈ ਤਜਵੀਜ਼ ਪੇਸ਼ ਕੀਤੀ ਜਾ ਰਹੀ ਹੈ।

ਕਾਂਗਰਸ ਵੱਲੋਂ ਉਸ ਭਾਜਪਾ ਨੂੰ ਆਪਣੇ ਤੌਰ 'ਤੇ ਵੱਡੀ ਟੱਕਰ ਦਿੱਤੀ ਜਾ ਰਹੀ ਹੈ, ਜਿਹੜੀ ਦੇਸ਼ ਨੂੰ ਕਾਂਗਰਸ ਮੁਕਤ ਕਰਨਾ ਚਾਹੁੰਦੀ ਹੈ। ਦੇਸ਼ ਵਿਆਪੀ ਮਾਰਚ ਕੱਢ ਕੇ ਰਾਹੁਲ ਗਾਂਧੀ ਨੇ ਕਾਂਗਰਸ ਨੂੰ ਮੁੜ ਥਾਂ ਸਿਰ ਕੀਤਾ ਹੈ ਅਤੇ ਦੇਸ਼ਾਂ, ਵਿਦੇਸ਼ਾਂ 'ਚ ਭਾਜਪਾ ਨੂੰ ਘੇਰ ਕੇ ਉਹਨਾਂ ਲਈ ਸਿਰ ਦਰਦੀ ਖੜੀ ਕਰ ਦਿੱਤੀ ਹੈ। ਪਿਛਲੇ ਦਿਨੀਂ ਜਦ ਮਲਿਕ ਅਰਜੁਨ ਖੜਗੇ ਕਾਂਗਰਸ ਪ੍ਰਧਾਨ, ਜੋ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਹਨ, ਦਾ ਨਾਂਅ ਕਾਂਗਰਸ ਵੱਲੋਂ ਅਗਲੇ ਪ੍ਰਧਾਨ ਮੰਤਰੀ ਬਣਾਉਣ ਲਈ ਤੁਰਿਆ ਤਾਂ ਦੇਸ਼ ਦੀ ਸਿਆਸਤ 'ਚ ਤਰਥੱਲੀ ਮੱਚ ਗਈ। ਭਾਜਪਾ ਸੁਚੇਤ ਹੋਈ ਅਤੇ ਉਸੇ ਵੇਲੇ ਬਸਪਾ ਨੇ ਐਲਾਨ ਕਰ ਦਿੱਤਾ ਕਿ ਮਾਇਆਵਤੀ ਦੇਸ਼ ਦੀ ਪ੍ਰਧਾਨ ਮੰਤਰੀ ਬਨਣ ਲਈ ਦੌੜ ਵਿੱਚ ਹੈ ਅਤੇ ਉਹਨਾਂ ਦੀ ਪਾਰਟੀ ਸਮੁੱਚੇ ਦੇਸ਼ 'ਚ ਇਕੱਲਿਆਂ ਚੋਣ ਲੜੇਗੀ।

ਅੱਜ ਦੇਸ਼ ਵਿੱਚ ਅਸੰਤੋਸ਼ ਹੈ। ਦੱਖਣ ਵਿੱਚ ਭਾਜਪਾ ਵਿਧਾਨ ਸਭਾ ਚੋਣਾਂ, ਬਾਵਜੂਦ ਆਪਣੇ ਕ੍ਰਿਸ਼ਮਈ ਨੇਤਾ ਨਰਿੰਦਰ ਮੋਦੀ ਦੇ ਵੱਡੇ ਭਾਸ਼ਣਾਂ ਅਤੇ ਇਕੱਠ ਦੇ, ਚੋਣਾਂ ਬੁਰੀ ਤਰ੍ਹਾਂ ਹਾਰ ਗਈ ਹੈ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਹੋਣ ਵਾਲੀਆਂ ਵਿਧਾਨ ਸਭਾਈ ਚੋਣਾਂ, ਜੋ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਣੀਆਂ ਹਨ, ਰਾਜਸਥਾਨ, ਤੇਲੰਗਾਨਾ, ਮੀਜ਼ੋਰਮ ਵੀ ਵਿਧਾਨ ਸਭਾ ਚੋਣਾਂ ਦੀ ਉਡੀਕ 'ਚ ਹਨ, ਜਿਨ੍ਹਾਂ ਦੀ ਮਿਆਦ 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਹੈ। ਇਹਨਾਂ ਚੋਣਾਂ 'ਚ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਦੀ ਕਾਰਗੁਜ਼ਾਰੀ 2024 ਦੀਆਂ ਚੋਣਾਂ 'ਤੇ ਪ੍ਰਭਾਵ ਪਾਏਗੀ, ਜਿਸ ਵਾਸਤੇ ਵਿਰੋਧੀ ਧਿਰ ਇੱਕ ਜੁੱਟ ਹੋ ਕੇ ਭਾਜਪਾ ਨੂੰ ਟੱਕਰ ਦੇਣਾ ਚਾਹੁੰਦੀ ਹੈ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵਿਰੋਧੀ ਧਿਰ ਇਕੱਠੀ ਹੋਏਗੀ? ਕਿਹੜੇ ਮੁੱਦਿਆਂ ਨੂੰ ਲੈ ਕੇ ਸਾਂਝਾ ਫਰੰਟ ਬਣਾਏਗੀ? ਕੀ ਖੱਬੀਆਂ, ਸਮਾਜਵਾਦੀ ਧਿਰਾਂ ਨਾਲ 'ਸਾਂਝੇ ਘੱਟੋ-ਘੱਟ ਪ੍ਰੋਗਰਾਮ' ਲਾਗੂ ਕਰਨ ਦੇ ਮੁੱਦੇ 'ਤੇ ਆਮ ਰਾਏ ਹੋ ਸਕੇਗੀ। ਕੀ ਕੌਮੀ ਹਿੱਤ ਲਈ ਪਾਰਟੀਆਂ ਆਪਣੇ ਸੌੜੇ ਹਿੱਤ ਤਿਆਗ ਦੇਣਗੀਆਂ ਅਤੇ ਦੇਸ਼ ਨੂੰ ਦਰਪੇਸ਼, ਬੇਰੁਜ਼ਗਾਰੀ ਗਰੀਬਾਂ, ਭ੍ਰਿਸ਼ਟਾਚਾਰ, ਭੁੱਖਮਰੀ, ਨਿੱਜੀਕਰਨ, ਸੰਘੀ ਢਾਂਚੇ ਦੀ ਰੱਖਿਆ, ਸੂਬਿਆਂ ਦੇ ਵੱਧ ਅਧਿਕਾਰ, ਮਨੁੱਖੀ ਅਧਿਕਾਰਾਂ ਆਦਿ ਮੁੱਦਿਆਂ ਸੰਵਿਧਾਨ ਚ ਮਿਲੇ ਮੌਲਿਕ ਅਧਿਕਾਰਾਂ ਆਦਿ ਮੁੱਦਿਆਂ ਨੂੰ ਬਿਲਕੁਲ ਉਸੇ ਤਰ੍ਹਾਂ ਪਬਲਿਕ ਵਿੱਚ ਲੈ ਕੇ ਜਾਣ 'ਚ ਕਾਮਯਾਬ ਹੋਣਗੀਆਂ ਜਿਵੇਂ 1974-77 ਚ ਲੋਕ ਰੋਹ ਭਖਿਆ, ਮਘਿਆ ਸੀ ਕਿਉਂਕਿ ਦੇਸ਼ ਦੀ ਪਾਰਲੀਮੈਂਟ 'ਚ ਇਹ ਮੁੱਦੇ ਉਠਾਏ ਜਾਣ ਦੀ ਹਾਕਮ ਧਿਰ ਆਗਿਆ ਹੀ ਨਹੀਂ ਦਿੰਦਾ ਕਿਉਂਕਿ ਉਹ ਭਾਰੀ ਬਹੁਮਤ 'ਚ ਹੈ ਅਤੇ ਵਿਰੋਧੀ ਧਿਰ ਵੀ ਵੱਖਰੀ ਹੋਣ ਕਾਰਨ ਖ਼ਾਸ ਕਰਕੇ ਲੋਕ ਸਭਾ 'ਚ ਆਪਣੀ ਕਾਰਗੁਜ਼ਾਰੀ ਨਹੀਂ ਦਿਖਾ ਪਾ ਰਹੀ।

ਇਸ ਲਈ ਇਸ ਵੇਲੇ ਵਿਰੋਧੀ ਧਿਰ ਕੋਲ ਇੱਕੋ ਇੱਕ ਰਾਹ ਲੋਕ ਅਦਾਲਤ ਹੈ। ਜਿੰਦੀ ਕਚਹਿਰੀ 'ਚ ਵਿਰੋਧੀ ਧਿਰ ਪੱਖ ਰੱਖ ਸਕਦੀ ਹੈ ਕਿ ਕਿਵੇਂ ਪਿਛਲੇ 9 ਸਾਲਾਂ 'ਚ ਦੇਸ਼ ਕਰਜ਼ਾਈ 'ਤੇ ਕਰਜ਼ਾਈ ਹੋ ਰਿਹਾ ਹੈ ਅਤੇ ਉਸ ਉੱਤੇ ਕਰਜ਼ਾ 155 ਲੱਖ ਕਰੋੜ ਹੈ ਜੋ 2014 'ਚ 55 ਲੱਖ ਕਰੋੜ ਸੀ। ਦੇਸ਼ 'ਚ ਗਰੀਬੀ ਵਧੀ ਹੈ। ਬੇਰੁਜ਼ਗਾਰੀ 'ਚ ਵਾਧਾ ਹੋਇਆ ਹੈ। ਘੱਟ ਗਿਣਤੀਆਂ ਦਾ ਭਵਿੱਖ ਦਾਅ 'ਤੇ ਲਗਾਇਆ ਜਾ ਚੁੱਕਾ ਹੈ ਦੇਸ਼ 'ਚ। ਦੇਸ਼ 'ਚ ਵਿਰੋਧੀ ਆਵਾਜ਼ਾਂ ਦਬਾਈਆਂ ਜਾ ਰਹੀਆਂ ਹਨ। ਮਨਮਰਜ਼ੀ ਦੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਪਿਛਲੇ ਸਾਲ ਜਦੋਂ ਦੇਸ਼ ਦੀ ਸੁਪਰੀਮ ਕੋਰਟ ਨੇ ਦੇਸ਼ ਧ੍ਰੋਹ ਵਾਲੇ ਕਾਨੂੰਨ ਬਾਰੇ ਕੁਝ ਔਖੇ ਸਵਾਲ ਪੁੱਛੇ ਤਾਂ ਕੇਂਦਰ ਨੇ ਕਿਹਾ ਸਰਕਾਰ ਨਜ਼ਰਸਾਨੀ ਕਰੇਗੀ। ਜਾਪਣ ਲੱਗ ਪਿਆ ਸੀ ਕਿ ਅੰਗਰੇਜ਼ਾਂ ਨੇ ਜਿਹੜੇ 1870 ਵਿਚਾਰਧਾਰਾ 12-ਏ ਵਾਲਾ ਕਾਨੂੰਨ ਬਣਾਇਆ ਸੀ, ਕੇਂਦਰ ਇਸ ਕਾਨੂੰਨ ਦੇ ਖ਼ਾਤਮੇ ਵੱਲ ਤੁਰ ਪਈ ਹੈ। ਪਰ ਦੇਸ਼ ਦੇ ਇਕਲੌਤੇ ਕਾਨੂੰਨ ਕਮਿਸ਼ਨ ਨੇ ਕਿਹਾ ਕਿ ਇਹ ਕਾਨੂੰਨ ਸਖ਼ਤ ਕਰੋ। ਦੇਸ਼ ਧਰੋਹੀ ਜੇਲ੍ਹ ਸੁੱਟੋ। ਹੈਰਾਨੀ ਹੈ ਕਿ ਮੋਦੀ ਰਾਜ ਤੋਂ ਪਹਿਲਾਂ ਵਿਰਲਾ ਟਾਂਵਾਂ ਦੇਸ਼ ਧ੍ਰੋਹੀ ਲੱਭਦਾ ਸੀ, ਪਰ ਮੋਦੀ ਰਾਜ ਵੇਲੇ ਥਾਓ-ਥਾਈ ਦੇਸ਼ ਧ੍ਰੋਹੀ ਲੱਭ ਗਏ। ਇਹੋ ਜਿਹੇ ਕਾਨੂੰਨਾਂ ਦਾ ਜੇਕਰ ਵਿਰੋਧ ਨਹੀਂ ਹੁੰਦਾ ਤਾਂ ਤਸੱਵਰ ਕਰੋ ਕਿ ਹਰ ਨੌਜਵਾਨ ਜੇਲ੍ਹਾਂ 'ਚ ਸੜੇਗਾ।

ਅੱਜ ਵਿਰੋਧੀ ਧਿਰ ਲਈ ਦੇਸ਼ ਦੀ ਜਨਤਾ ਕੋਲ ਜਾਣ ਦੇ ਹਾਲਾਤ ਬਹੁਤ ਸਾਜ਼ਗਾਰ ਹਨ। ਲੋਕਾਂ 'ਚ ਅਸੰਤੋਸ਼ ਹੈ। ਨੋਟਬੰਦੀ, ਧਾਰਾ 370, ਸੀ.ਆਈ.ਏ. ਕਾਨੂੰਨ, ਕਰੋਨਾ 'ਚ ਬਦ-ਇੰਤਜ਼ਾਮੀ ਆਦਿ ਸਰਕਾਰ ਦੀਆਂ ਨਾਕਾਮੀਆਂ ਦੀ ਦਾਸਤਾਨ ਸਾਹਮਣੇ ਹੈ। ਆਰਥਿਕ ਪ੍ਰਬੰਧ ਚਲਾਉਣ ਲਈ ਦੂਰ ਦ੍ਰਿਸ਼ਟੀ ਦੀ ਘਾਟ ਅਤੇ ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਨੂੰ ਆਪਣੇ ਹਿੱਤ 'ਚ ਵਰਤਣ ਨਾਲ ਲੋਕਾਂ 'ਚ ਨਿਰਾਸ਼ਤਾ ਹੈ।

ਇਸ ਨਿਰਾਸ਼ਤਾ, ਇਸ ਰੋਸ ਨੂੰ ਵਿਰੋਧੀ ਧਿਰਾਂ ਆਪਣੇ ਢੰਗ ਨਾਲ ਵਰਤ ਸਕਦੀਆਂ ਹਨ, ਜਿਵੇਂ ਕਾਂਗਰਸ ਨੇ ਹਮਲਾਵਰ ਰੁੱਖ ਅਪਣਾ ਵਰਤਿਆ ਹੈ।

ਬਿਨ੍ਹਾਂ ਸ਼ੱਕ ਬਿਹਾਰ ਦੇ ਨਿਤੀਸ਼ ਕੁਮਾਰ ਤ੍ਰਿਮੂਲ ਕਾਂਗਰਸ ਦੀ ਮਮਤਾ ਬੈਨਰਜੀ, ਆਮ ਆਦਮੀ ਪਾਰਟੀ ਦੇ ਕੇਜਰੀਵਾਲ, ਕਾਂਗਰਸ ਦੇ ਮਲਿਕ ਅਰਜੁਨ ਖੜਗੇ ਜਾਂ ਰਾਹੁਲ ਗਾਂਧੀ ਜਾਂ ਕੋਈ ਹੋਰ ਪ੍ਰਧਾਨ ਮੰਤਰੀ ਬਨਣ ਦੀ ਕਤਾਰ ਵਿੱਚ ਹੋਣਗੇ, ਪਰ ਦੇਸ਼ ਦੀ ਵਾਂਗਡੋਰ ਸੰਭਾਲਣ ਦੇ ਸਮਰੱਥ ਉਹੀ ਨੇਤਾ ਜਾਂ ਪਾਰਟੀ ਅੱਗੇ ਆ ਸਕੇਗੀ, ਜਿਹੜੀ ਉਜਾੜੇ ਵੱਲ ਵੱਧ ਰਹੇ ਦੇਸ਼ ਦੀ ਜਨਤਾ ਲਈ ਕੋਈ ਆਸ ਦੀ ਕਿਰਨ ਵਿਖਾਏਗੀ।

# ਖੇਤੀ ਨਾਲ ਜੁੜੇ ਮੁੱਦਿਆਂ ਵੱਲ ਧਿਆਨ ਦੇਵੇ ਪੰਜਾਬ ਸਰਕਾਰ

ਪਲਵਿੰਦਰ ਸੋਹਲ



ਪੰਜਾਬ ਦੀ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਨੂੰ ਇਕ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ। ਲੋਕਾਂ ਦੇ ਵੱਡੇ ਫਤਵੇ ਨਾਲ ਬਣੀ ਇਸ ਸਰਕਾਰ ਤੋਂ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਬਹੁਤ ਵੱਡੀਆਂ ਆਸਾਂ ਤੇ ਉਮੀਦਾਂ ਹਨ। ਬਦਲਾਅ ਦੇ ਨਾਅਰੇ ਨਾਲ ਹੋਂਦ 'ਚ ਆਈ ਇਸ ਸਰਕਾਰ ਤੋਂ ਲੋਕ ਹਰੇਕ ਖੇਤਰ ਵਿੱਚ ਅਤੇ ਪੰਜਾਬ ਦੇ ਹਰੇਕ ਮੁੱਦੇ 'ਤੇ ਨਿਵੇਕਲੀ ਅਤੇ ਦੂਸਰੀਆਂ ਸਿਆਸੀ ਧਿਰਾਂ ਨਾਲੋਂ ਵੱਖਰੀ ਪਹੁੰਚ ਦੀ ਉਮੀਦ ਰੱਖ ਰਹੇ ਹਨ। ਪੰਜਾਬ ਦੇ ਹਰੇਕ ਤਰ੍ਹਾਂ ਦੇ ਆਰਥਿਕ, ਸਮਾਜਿਕ, ਧਾਰਮਿਕ ਅਤੇ ਸਿਆਸੀ ਮੁੱਦਿਆਂ ਨੂੰ ਨਜਿੱਠਣ ਲਈ ਦ੍ਰਿੜ੍ਹ ਇੱਛਾਸ਼ਕਤੀ, ਸਾਫ਼-ਸਪੱਸ਼ਟ ਨੀਅਤ ਤੇ ਨੀਤੀ ਦੀ ਲੋੜ ਹੈ। ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀ ਹੈ। ਪੰਜਾਬ ਦੇ ਮਿਹਨਤੀ ਲੋਕਾਂ ਨੇ ਸਖ਼ਤ ਮਿਹਨਤ ਨਾਲ ਦੇਸ਼ ਦੇ ਅੰਨ ਭੰਡਾਰ ਭਰੇ ਹਨ ਪਰ ਬੜੀ ਵੱਡੀ ਸਿਤਮਜ਼ਰੀਫ਼ੀ ਹੈ ਕਿ ਦੇਸ਼ ਦਾ 'ਅੰਨ ਦਾ ਕਟੋਰਾ' ਪੰਜਾਬ ਪਿਛਲੇ ਤਿੰਨ ਦਹਾਕਿਆਂ 'ਚ ਆਰਥਿਕ ਪੱਖੋਂ ਬਹੁਤ ਪਛੜ ਗਿਆ ਹੈ।

ਪੰਜਾਬ ਦੇ ਸਿਰ ਕਰਜ਼ੇ ਦਾ ਬੋਝ ਬਹੁਤ ਵੱਧ ਗਿਆ ਹੈ ਅਤੇ ਪੰਜਾਬ ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ ਸੰਕਟਾਂ ਦਾ ਸ਼ਿਕਾਰ ਹੋ ਗਿਆ ਹੈ। ਹਥਲੇ ਲੇਖ ਵਿੱਚ ਅਸੀਂ ਸਿਰਫ ਪੰਜਾਬ ਦੀ ਖੇਤੀਬਾੜੀ ਦੇ ਸੰਕਟ ਬਾਰੇ ਹੀ ਗੱਲ ਕਰਾਂਗੇ। ਖੇਤੀ ਕਾਰਨ ਹੀ ਹਰੇ ਇਨਕਲਾਬ ਦੇ ਸ਼ੁਰੂਆਤੀ ਦੌਰ ਵਿੱਚ ਪੰਜਾਬ 'ਚ ਵਿਕਾਸ ਦੀ ਹਨੇਰੀ ਵਗੀ ਸੀ। ਪੰਜਾਬ ਪ੍ਰਤੀ ਵਿਅਕਤੀ ਆਮਦਨ ਵਿਚ ਦੇਸ਼ ਦੇ ਮੋਹਰੀ ਰਾਜਾਂ 'ਚ ਸ਼ਾਮਿਲ ਹੋ ਗਿਆ ਸੀ ਪਰ ਅੱਜ ਦੇ ਹਾਲਾਤ ਡਰਾਉਣੇ ਹਨ। ਪੰਜਾਬ ਦੇ ਹਰੇਕ ਵਸਨੀਕ ਸਿਰ ਹੀ ਕਰਜ਼ੇ ਦਾ ਬੋਝ ਹੈ। ਖੇਤੀ ਘਾਟੇ ਵਾਲਾ ਕਿੱਤਾ ਬਣ ਗਿਆ ਹੈ ਅਤੇ ਕਿਸਾਨ ਕਰਜ਼ਾਈ ਹੋ ਕੇ ਖ਼ੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਇਨ੍ਹਾਂ ਹਾਲਤ ਲਈ ਪੰਜਾਬ ਦੀ ਖੇਤੀ ਨੂੰ ਪੇਸ਼ ਆ ਰਹੇ ਸੰਕਟ ਜ਼ਿੰਮੇਵਾਰ ਹਨ। ਫ਼ਸਲਾਂ ਦੇ ਕਈ ਸਾਲਾਂ ਤੋਂ ਘਟ ਰਹੇ ਝਾੜ (ਪੈਦਾਵਾਰ), ਵਧ ਰਹੀਆਂ ਲਾਗਤਾਂ, ਮੌਸਮੀ ਤਬਦੀਲੀਆਂ, ਕੁਦਰਤੀ ਕਰੋਪੀਆਂ (ਹੜ੍ਹ, ਸੋਕਾ ਆਦਿ) ਅਤੇ ਖੇਤੀ ਲਈ ਅਤਿ ਜ਼ਰੂਰੀ ਪਾਣੀ ਦਾ ਪੰਜਾਬ ਦੇ ਲਗਭਗ 90 ਫ਼ੀਸਦੀ ਖੇਤਰ 'ਚ ਖ਼ਤਰਨਾਕ ਹੱਦ ਤੱਕ ਮੁੱਕਣ ਦੇ ਕਿਨਾਰੇ ਪੁੱਜ ਜਾਣਾ, ਪੰਜਾਬ ਦੇ ਖੇਤੀ ਸੰਕਟ ਲਈ ਕਈ ਕਾਰਨ ਜ਼ਿੰਮੇਵਾਰ ਹਨ। ਬੜਾ ਸਮਾਂ ਪਹਿਲਾਂ ਹੀ ਪੰਜਾਬ ਦੀ ਕਿਰਸਾਨੀ ਅਤੇ ਕਿਸਾਨ ਨੂੰ ਇਸ ਸੰਕਟ 'ਚੋਂ ਕੱਢਣ ਲਈ ਸਰਕਾਰੀ ਤੌਰ 'ਤੇ ਵੱਡੇ ਯਤਨਾਂ ਅਤੇ ਮਦਦ ਦੀ ਲੋੜ ਸੀ ਪਰ ਅਜਿਹਾ ਕੋਈ ਵੀ ਯਤਨ ਸਹੀ ਨੀਅਤ ਅਤੇ ਨੀਤੀ ਨਾਲ ਨਹੀਂ ਹੋਇਆ ਅਤੇ ਮੌਜੂਦਾ ਹਾਲਾਤ ਪੈਦਾ ਹੋ ਗਏ। ਇਸ ਸਮੇਂ ਵੱਡੀ ਲੋੜ ਹੈ ਕਿ ਪੰਜਾਬ ਸਰਕਾਰ ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਕੋਈ ਸਾਫ ਅਤੇ ਸਪੱਸ਼ਟ ਨੀਤੀ ਬਣਾ ਕੇ ਸਿਰਤੋੜ ਯਤਨ ਕਰੇ। ਪਰ ਨਵੀਂ ਸਰਕਾਰ ਦੇ ਇਕ ਸਾਲ ਦੇ ਕਾਰਜਕਾਲ 'ਚ ਇਸ ਤਰ੍ਹਾਂ ਦੇ ਯਤਨਾਂ ਦੀ ਅਤੇ ਨੀਤੀ ਦੀ ਘਾਟ ਸਪੱਸ਼ਟ ਤੌਰ 'ਤੇ ਸਾਹਮਣੇ ਆਈ ਹੈ ਅਤੇ ਸਿਰਫ਼ ਵੱਡੇ ਮੀਡੀਆ ਪ੍ਰਚਾਰ ਦੇ ਬਾਵਜੂਦ ਖੇਤੀ ਮੁੱਦਿਆਂ 'ਤੇ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਦਾਹਰਨ ਵਜੋਂ ਪਿਛਲੇ ਸਾਲ ਝੋਨੇ ਦੀ ਬਿਜਾਈ ਸਮੇਂ ਪੰਜਾਬ 'ਚ ਪਾਣੀ ਦੇ ਵੱਡੇ ਸੰਕਟ ਕਾਰਨ ਝੋਨੇ ਦੀ ਸਿੱਧੀ ਬਿਜਾਈ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਤੀ ਏਕੜ 1500 ਰੁਪਏ ਦੀ ਰਾਸ਼ੀ ਦਾ ਐਲਾਨ ਖ਼ੁਦ ਮੁੱਖ ਮੰਤਰੀ ਨੇ ਕੀਤਾ ਅਤੇ ਆਪਣੇ ਜੱਦੀ ਪਿੰਡ ਸਤੌਜ, ਜ਼ਿਲ੍ਹਾ ਸੰਗਰੂਰ ਤੋਂ ਇਸ ਦੀ ਸ਼ੁਰੂਆਤ ਕੀਤੀ ਸੀ ਅਤੇ ਇਸ ਦਾ ਪ੍ਰਚਾਰ ਵੀ ਕੀਤਾ ਸੀ ਪਰ ਸਿੱਧੀ ਬਿਜਾਈ ਲਈ ਤਕਨੀਕੀ ਜਾਣਕਾਰੀ, ਮਸ਼ੀਨਾਂ, ਨਹਿਰੀ ਪਾਣੀ ਅਤੇ ਬਿਜਲੀ ਦਾ ਪ੍ਰਬੰਧ ਸਰਕਾਰ ਵਲੋਂ ਬਿਲਕੁਲ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਵੱਡੀ ਸਿਤਮਜਰੀਫ਼ੀ ਇਹ ਹੈ ਕਿ 1500 ਰੁਪਏ ਦੀ ਰਾਸ਼ੀ ਵੀ ਕਾਫ਼ੀ ਦੇਰ ਬਾਅਦ ਕਿਸਾਨਾਂ ਨੂੰ ਪ੍ਰਾਪਤ ਹੋਈ। ਪਰ ਸਰਕਾਰ ਇਸ ਗੱਲ ਦਾ ਪ੍ਰਚਾਰ ਕਰਕੇ ਸਿਆਸੀ ਲਾਹਾ ਖੱਟਣ ਦੀ ਕੋਸ਼ਿਸ਼ ਜ਼ਰੂਰ ਕਰ ਰਹੀ ਹੈ। ਇਸੇ ਤਰ੍ਹਾਂ ਫਸਲੀ ਵਿਭਿੰਨਤਾ ਨੂੰ ਮੁੱਖ ਰੱਖ ਕੇ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਸਰਕਾਰ ਨੇ ਮੂੰਗੀ ਦੀ ਫ਼ਸਲ ਨੂੰ ਉਤਸ਼ਾਹਿਤ ਕਰਨ ਲਈ ਇਸ ਦੀ ਸਰਕਾਰੀ ਖਰੀਦ ਅਤੇ ਆਪਣੇ ਵਲੋਂ ਸਮਰਥਨ ਮੁੱਲ ਲਗਭਗ (7000 ਰੁਪਏ) ਦਾ ਐਲਾਨ ਬੜੇ ਵੱਡੇ ਪ੍ਰਚਾਰ ਨਾਲ ਕੀਤਾ ਪਰ ਜਿਹੜੇ ਕਿਸਾਨਾਂ ਨੇ ਮੱਕੀ ਬੀਜੀ ਸੀ, ਉਨ੍ਹਾਂ ਨੂੰ ਇਹ 4000 ਰੁਪਏ ਕੁਇੰਟਲ ਦੇ ਮੁੱਲ 'ਤੇ ਪ੍ਰਾਈਵੇਟ ਵਪਾਰੀਆਂ ਨੂੰ ਤਰਲੇ ਮਾਰ-ਮਾਰ ਵੇਚਣੀ ਪਈ। ਪਰ ਸਰਕਾਰੀ ਪ੍ਰਚਾਰ ਅਜੇ ਤੱਕ ਜਾਰੀ ਹੈ। ਮਾਲਵੇ 'ਚ ਨਰਮੇ ਦੀ ਫ਼ਸਲ ਨੂੰ ਪਈ ਗੁਲਾਬੀ ਸੁੰਡੀ ਅਤੇ ਹੁਣ ਝੋਨੇ ਦੀ ਪਰਮਲ ਦੀ ਕਿਸਮ ਪੀ.ਆਰ. 121 ਨੂੰ ਪਏ ਚਾਈਨਾ ਵਾਇਰਸ (ਸਾਊਥ ਬਲੈਕ ਰਾਈਸ ਡਵਾਰਫ) ਦੀ ਭਿਆਨਕ ਬਿਮਾਰੀ ਨੇ ਵੀ ਕਿਰਸਾਨੀ ਦਾ

(ਬਾਕੀ ਸਫ਼ਾ 31 'ਤੇ)



# ਤਲਾਕਸ਼ੁਦਾ ਹੋਣ ਦਾ ਦੁਖਾਂਤ

## ਪੀੜ੍ਹਤ ਔਰਤਾਂ ਪ੍ਰਤੀ ਸਮਾਜ ਦਾ ਨਜ਼ਰੀਆ ਬਦਲਣ ਦੀ ਲੋੜ




ਜਗਮੋਹਨ ਸਿੰਘ
9463819174

ਜਦੋਂ ਕੋਈ ਭਰ ਜੋਬਨ ਮੁਟਿਆਰ ਗਹਿਣਿਆਂ ਨਾਲ ਲੱਦੀ, ਸ਼ਗਨਾਂ ਦੇ ਗੀਤ ਸੁਣਦੀ, ਰੰਗੀਨ ਸੁਪਨੇ ਲੈਂਦੀ ਲਾਵਾਂ-ਫੇਰਿਆਂ ਤੋਂ ਬਾਅਦ ਪਹਿਲੀ ਵਾਰ ਸਹੁਰੇ ਘਰ ਪਹੁੰਚਦੀ ਹੈ ਤਾਂ ਉਸ ਦੇ ਮਨ ਵਿੱਚ ਕਈ ਤਰ੍ਹਾਂ ਦੇ ਅਰਮਾਨ ਹੁੰਦੇ ਹਨ, ਵਲਵਲੇ ਹੁੰਦੇ ਹਨ, ਆਪਣੇ ਕੰਤ ਪ੍ਰਤੀ ਸਮਰਪਣ ਦੀ ਭਾਵਨਾ ਹੁੰਦੀ ਹੈ, ਉਸ ਨੂੰ ਆਪਣਾ ਕੰਤ ਸਾਰੀ ਦੁਨੀਆਂ ਨਾਲੋਂ ਸੋਹਣਾ ਜਾਪਦਾ ਹੈ , ਪਰ ਜਦੋਂ ਅਜਿਹੀ ਕਿਸੇ ਮੁਟਿਆਰ ਦਾ ਕੰਤ ਥੋੜੇ ਸਮੇਂ ਬਾਅਦ ਹੀ ਨਿੱਕੀ ਨਿੱਕੀ ਗਲ ਉਪਰ ਹੀ ਉਸ ਨੂੰ ਮਾੜਾ ਬੋਲਣ ਲੱਗ ਜਾਂਦਾ ਹੈ, ਸੱਸ ਤੇ ਨਨਾਣ ਵੀ ਗੱਲ ਗੱਲ ਵਿੱਚ ਦਾਜ ਵਿੱਚ ਆਏ ਸਮਾਨ ਵਿੱਚ ਨੁਕਸ ਕੱਢਣ ਲੱਗਦੇ ਹਨ। ਵਿਆਹ ਮੌਕੇ ਦਰਵੇਸ਼ ਮਹਿਸੂਸ ਹੁੰਦਾ ਸਹੁਰਾ ਹੀ ਜਦੋਂ ਘੱਟ ਦਾਜ ਲਿਆਉਣ ਦਾ ਤਾਨਾ ਮਾਰਨ ਲੱਗ ਜਾਂਦਾ ਹੈ ਤਾਂ ਉਸ ਨਵਵਿਆਹੁਤਾ ਮੁਟਿਆਰ ਦੀਆਂ ਅੱਖਾਂ ਅੱਗੇ ਇਕ ਵਾਰ ਤਾਂ ਹਨੇਰਾ ਜਿਹਾ ਹੀ ਆ ਜਾਂਦਾ ਹੈ, ਇਹ ਤਾਨੇ ਮਿਹਣੇ ਸੁਣ ਕੇ ਉਸ ਦੇ ਸਿਰ ਨੂੰ ਘੁਮੇਰ ਜਿਹੀ ਚੜ੍ਹਨ ਲੱਗ ਪੈਂਦੀ ਹੈ।

ਅਜਿਹੀ ਨਵਵਿਆਹੁਤਾ ਮੁਟਿਆਰ ਨੂੰ ਜਿਹੜਾ ਕੰਤ ਵਿਆਹ ਵੇਲੇ ਕਿਸੇ ਦੇਸ਼ ਦਾ ਸ਼ਹਿਜ਼ਾਦਾ ਲੱਗਦਾ ਹੁੰਦਾ ਹੈ, ਉਹੀ ਕੰਤ ਜਦੋਂ ਦਾਜ ਲਈ ਕੁੱਟ ਮਾਰ ਕਰਨ ਲੱਗਦਾ ਹੈ, ਤਾਂ ਉਸ ਨੂੰ ਜਾਪਦਾ ਹੈ ਕਿ ਜਿਵੇਂ ਇਹ ਢੱਕੀਆਂ ਦੇ ਉਹਲੇ ਵਸੇ ਕਿਸੇ ਪਿੰਡ ਦਾ ਕੋਈ ਅਨਪੜ੍ਹ ਗੰਵਾਰ ਵਿਅਕਤੀ ਹੋਵੇ, ਜਿਸ ਦੀ ਡੰਗਰਾਂ ਨਾਲ ਰਹਿੰਦੇ ਦੀ ਅਕਲ ਵੀ ਡੰਗਰਾਂ ਵਰਗੀ ਹੋ ਗਈ ਹੋਵੇ। ਜਦੋਂ ਸਹੁਰੇ ਘਰ ਵਿੱਚ ਨੂੰਹ ਨਾਲ ਦਾਜ ਅਤੇ ਹੋਰ ਕਾਰਨਾਂ ਕਾਰਨ ਕੁੱਟਮਾਰ ਤੇ ਹੋਰ ਤੰਗ ਪਰੇਸ਼ਾਨ ਦੀਆਂ ਘਟਨਾਵਾਂ ਵੱਧ ਜਾਂਦੀਆਂ ਹਨ ਤਾਂ ਉਹ ਆਪਣੇ ਬਾਬਲ ਦੇ ਘਰ ਆ ਬੈਠਦੀ ਹੈ ਤੇ ਫਿਰ ਤਲਾਕ ਲੈ ਲੈਂਦੀ ਹੈ। ਤਲਾਕ ਤੋਂ ਬਾਅਦ ਵੀ ਵੱਡੀ ਗਿਣਤੀ ਔਰਤਾਂ ਕਾਫ਼ੀ ਪਰੇਸ਼ਾਨ ਰਹਿੰਦੀਆਂ ਹਨ ਕਿਉਂਕਿ ਸਮਾਜ ਵਿੱਚ ਅਜੇ ਵੀ ਤਲਾਕਸ਼ੁਦਾ ਔਰਤ ਨੂੰ ਬਣਦਾ ਮਾਣ ਸਤਿਕਾਰ ਨਹੀਂ ਮਿਲਣ ਲੱਗਿਆ।

ਤਲਾਕਸ਼ੁਦਾ ਔਰਤ ਭਾਵੇਂ ਕਿੰਨੇ ਵੀ ਅਮੀਰ ਘਰ ਨਾਲ ਸਬੰਧਿਤ ਕਿਉਂ ਨਾ ਹੋਵੇ, ਉਸ ਨੂੰ ਵੀ ਸਮਾਜ ਵਿੱਚ ਕਈ ਤਰਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗਰੀਬ ਤੇ ਮੱਧ ਵਰਗੀ ਮਾਪਿਆਂ ਦੀ ਤਲਾਕਸ਼ੁਦਾ ਧੀ ਦਾ ਜੀਵਨ ਵੀ ਕਈ ਵਾਰ ਤਲਾਕ ਤੋਂ ਬਾਅਦ ਵੀ ਨਰਕਮਈ ਹੀ ਹੁੰਦਾ ਹੈ। ਜਿਵੇਂ ਗਰੀਬ ਦੀ ਵਹੁਟੀ ਨੂੰ ਸਾਰੇ ਹੀ ਭਾਬੀ ਕਹਿੰਦੇ ਹਨ, ਉਵੇਂ ਹੀ ਗਰੀਬ ਦੀ ਤਲਾਕਸ਼ੁਦਾ ਧੀ ਉਪਰ ਸਾਰੇ ਹੀ ਆਪੋ ਆਪਣਾ ਰੋਹਬ ਤੇ ਸਰਪੰਚੀ ਝਾੜਦੇ ਰਹਿੰਦੇ ਹਨ। ਬਿਨਾ ਕਸੂਰ ਹੁੰਦੇ ਹੋਏ ਵੀ ਤਲਾਕਸ਼ੁਦਾ ਔਰਤ ਨੂੰ ਗੁਨਾਹਗਾਰ ਸਮਝਿਆ ਜਾਂਦਾ ਹੈ। ਜੇ ਤਲਾਕਸ਼ੁਦਾ ਔਰਤ ਆਪਣੇ ਪਤੀ ਤੋਂ ਕਾਨੂੰਨ ਰਾਹੀਂ ਕੋਈ ਖਰਚਾ ਲੈਂਦੀ ਹੈ ਤਾਂ ਉਸ ਨੂੰ ਪੈਸਿਆਂ ਦੀ ਭੁੱਖੀ ਕਿਹਾ ਜਾਂਦਾ ਹੈ ਅਤੇ ਉਸ ਦੇ ਪਰਿਵਾਰ ਨੂੰ ਧੀ ਦੀ ਕਮਾਈ ਖਾਣ ਵਾਲੇ ਕਿਹਾ ਜਾਂਦਾ ਹੈ। ਤਲਾਕਸ਼ੁਦਾ ਔਰਤ ਜੇ ਤਲਾਕ ਸਮੇਂ ਬੱਚੇ ਆਪਣੇ ਕੋਲ ਰੱਖ ਲਵੇ ਤਾਂ ਸਾਰੇ ਕਹਿੰਦੇ ਹਨ ਕਿ ਬੱਚਿਆਂ ਨੂੰ ਵੀ ਤਾਨੇ ਮਿਹਣੇ ਸੁਣਨੇ ਪੈਂਦੇ ਹਨ ਪਰ ਜੇ ਤਲਾਕਸ਼ੁਦਾ ਔਰਤ ਬੱਚੇ ਆਪਣੇ ਪਤੀ ਕੋਲ ਹੀ ਛੱਡ ਦੇਵੇ ਤਾਂ ਕਿਹਾ ਜਾਂਦਾ ਹੈ ਕਿ ਉਸਨੇ ਤਾਂ ਆਪਣੇ ਬੱਚਿਆਂ ਉਪਰ ਵੀ ਤਰਸ ਨਹੀਂ ਖਾਧਾ। ਤਲਾਕਸ਼ੁਦਾ ਔਰਤ ਨੂੰ ਉਸ ਦੀਆਂ ਭਰਜਾਈਆਂ ਪੇਕਿਆਂ ਉਪਰ ਬੋਝ ਹੀ ਸਮਝਦੀਆਂ ਹਨ ਤੇ ਹਰ ਗਲ ਉਪਰ ਹੀ ਉਸ ਨੂੰ ਤਾਨੇ ਮਿਹਣੇ ਮਾਰਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਜੇ ਤਲਾਕਸ਼ੁਦਾ ਔਰਤ ਨੌਕਰੀ ਕਰਦੀ ਹੋਵੇ ਤਾਂ ਭਰਜਾਈਆਂ ਆਨੀ ਬਹਾਨੀ ਉਸ ਤੋਂ ਉਸ ਦੀ ਤਨਖਾਹ ਲੈਂਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਭਰਜਾਈਆਂ ਦੀਆਂ ਲੋੜਾਂ ਪੂਰੀਆਂ ਕਰਦੇ ਹੋਏ ਤਲਾਕਸ਼ੁਦਾ ਔਰਤਾਂ ਕੋਲ ਆਪਣੇ ਲਈ ਕੁਝ ਵੀ ਨਹੀਂ ਬਚਦਾ ਪਰ ਫਿਰ ਵੀ ਭਰਜਾਈਆਂ ਦਾ ਮੂੰਹ ਵਿੰਗਾ ਹੀ ਰਹਿੰਦਾ ਹੈ।



ਅੱਜ ਦੇ ਆਧੁਨਿਕ ਕਹੇ ਜਾਂਦੇ ਸਮਾਜ ਵਿੱਚ ਵੀ ਤਲਾਕਸ਼ੁਦਾ ਔਰਤ ਦਾ ਸਮਾਜ ਵਿੱਚ ਵਿਚਰਨਾ ਮੁਸ਼ਕਿਲ ਹੋ ਜਾਂਦਾ ਹੈ। ਅੰਦਰ ਬਾਹਰ ਉਸ ਉਪਰ ਪਹਿਰੇ ਰੱਖੇ ਜਾਂਦੇ ਹਨ ਅਤੇ ਕਈ ਤਰਾਂ ਦੀਆਂ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਤਲਾਕਸ਼ੁਦਾ ਔਰਤਾਂ ਦੀ ਤਾਂ ਜਿੰਦਗੀ ਹੀ ਬਦਲ ਜਾਂਦੀ ਹੈ। ਹਾਰ ਸ਼ਿੰਗਾਰ ਤਾਂ ਉਹਨਾਂ ਦਾ ਹਮੇਸ਼ਾ ਲਈ ਛੁੱਟ ਹੀ ਜਾਂਦਾ ਹੈ । ਉਹ ਗੂੜ੍ਹੇ ਰੰਗ ਦੇ ਸੂਟ ਪਾਉਣ ਲਈ ਵੀ ਤਰਸ ਜਾਂਦੀਆਂ ਹਨ। ਅਜਿਹੀਆਂ ਔਰਤਾਂ ਰੰਗਾਂ ਨਾਲ ਖੇਡਣ ਦੀ ਉਮਰੇ ਰੰਗਹੀਣ ਜੀਵਨ ਬਿਤਾਉਣ ਲਈ ਮਜਬੂਰ ਹੋ ਜਾਂਦੀਆਂ ਹਨ। ਇਹ ਵੀ ਇੱਕ ਸੱਚਾਈ ਹੈ ਕਿ ਤਲਾਕਸ਼ੁਦਾ ਔਰਤਾਂ ਲਈ ਸਮਾਜ ਵਿੱਚ ਤਾਂ ਕੀ ਥਾਂ ਹੋਣੀ ਸੀ, ਸਗੋਂ ਉਹ ਆਪਣੇ ਪਰਿਵਾਰ ਵਿੱਚ ਹੀ ਬੇਗਾਨੀਆਂ ਜਿਹੀਆਂ ਹੋ ਕੇ ਰਹਿ ਜਾਂਦੀਆਂ ਹਨ। ਉਹਨਾਂ ਨੂੰ ਪਰਿਵਾਰ ਵਿੱਚ ਹਮੇਸ਼ਾ ਅਣਗੌਲਿਆਂ ਰੱਖਿਆ ਜਾਂਦਾ ਹੈ ਅਤੇ ਅਕਸਰ ਹੀ ਉਹਨਾਂ ਨੂੰ ਪਰਿਵਾਰ ਵਿੱਚ ਹੋਣ ਵਾਲੇ ਸਮਾਗਮਾਂ ਤੋਂ ਦੂਰ ਹੀ ਰੱਖਣ ਦਾ ਯਤਨ ਕੀਤਾ ਜਾਂਦਾ ਹੈ। ਜਿਹੜੀਆਂ ਤਲਾਕਸ਼ੁਦਾ ਔਰਤਾਂ ਦੀ ਆਮਦਨ ਦਾ ਕੋਈ ਸਾਧਨ ਨਹੀਂ ਹੁੰਦਾ, ਉਹ ਦੂਜਿਆਂ ਦੇ ਸਹਾਰੇ ਹੀ ਦਿਨ ਕੱਟੀ ਕਰਨ ਲਈ ਮਜਬੂਰ ਹੁੰਦੀਆਂ ਹਨ। ਅਜਿਹੀਆਂ ਔਰਤਾਂ ਤਾਂ ਕਈ ਵਾਰ ਚੰਗੀ ਰੋਟੀ ਖਾਣ ਨੂੰ ਵੀ ਤਰਸ ਜਾਂਦੀਆਂ ਹਨ। ਭਾਵੇਂ ਅੱਜ ਦੁਨੀਆਂ ਨੇ ਬਹੁਤ ਤਰੱਕੀ ਕਰ ਲਈ ਹੈ ਅਤੇ ਚੰਦ ਉਪਰ ਕੋਠੀਆਂ ਪਾਉਣ ਦੀ ਗੱਲ ਦੀ ਸੱਥਾਂ ਵਿੱਚ ਚਰਚਾ ਚੱਲਦੀ ਹੈ, ਪਰ ਲੋਕਾਂ ਦੀ ਸੋਚ ਵਿੱਚ ਅਜੇ ਆਧੁਨਿਕਤਾ ਨੇ ਪ੍ਰਵੇਸ਼ ਨਹੀਂ ਕੀਤਾ, ਲੋਕਾਂ ਦੀ ਸੋਚ ਅਜੇ ਵੀ ਸਦੀਆਂ ਪੁਰਾਣੀ ਹੈ। ਹੁਣ ਭਾਵੇਂ ਪਿੰਡਾਂ ਵਿੱਚ ਵੀ ਆਲੀਸ਼ਾਨ ਕੋਠੀਆਂ ਬਣ ਗਈਆਂ ਹਨ ਪਰ ਇਹਨਾਂ ਕੋਠੀਆਂ ਦੇ ਵਸਨੀਕਾਂ ਦੀ ਸੋਚ ਦਾ ਅਜੇ ਕੋਈ ਖਾਸ ਵਿਕਾਸ ਨਹੀਂ ਹੋਇਆ ਕਹਿਣ ਦਾ ਭਾਵ ਇਹ ਹੈ ਕਿ ਤਲਾਕਸ਼ੁਦਾ ਔਰਤਾਂ ਸੰਬੰਧੀ ਅਜੇ ਵੀ ਲੋਕਾਂ ਦੀ ਸੋਚ ਪਹਿਲਾਂ ਵਰਗੀ ਹੀ ਹੈ। ਅਜੇ ਵੀ ਤਲਾਕਸ਼ੁਦਾ ਔਰਤ ਨੂੰ ਮੱਥੇ ਲੱਗਣਾ ਬਦ-ਸ਼ਗਨੀ ਸਮਝਿਆ ਜਾਂਦਾ ਹੈ । ਆਂਢ -ਗੁਆਂਢ ਦੀਆਂ ਸੁਹਾਗਣ ਔਰਤਾਂ ਆਪਣੇ ਬੱਚਿਆਂ ਨੂੰ ਤਲਾਕਸ਼ੁਦਾ ਔਰਤ ਦੇ ਘਰ ਜਾਣ ਤੋਂ ਰੋਕਦੀਆਂ ਹਨ। ਕਈ ਸੁਹਾਗਣਾਂ ਤਾਂ ਖੁਦ ਔਰਤ ਹੁੰਦੇ ਹੋਏ ਤਲਾਕਸ਼ੁਦਾ ਔਰਤ ਪ੍ਰਤੀ ਬੜੀ ਮਾੜੀ ਸ਼ਬਦਾਵਲੀ ਵਰਤਦੀਆਂ ਹਨ। ਤਲਾਕਸ਼ੁਦਾ ਔਰਤਾਂ ਨੂੰ ਅਕਸਰ ਹੀ ਛੁੱਟੜ ਆਖਿਆ ਜਾਂਦਾ ਹੈ। ਕਈ ਵਾਰ ਤਲਾਕਸ਼ੁਦਾ ਔਰਤ ਦਾ ਜਦੋਂ ਮੁੜ ਵਿਆਹ ਕੀਤਾ ਜਾਂਦਾ ਹੈ ਤਾਂ ਉਸ ਦਾ ਦੂਜਾ ਪਤੀ ਵੀ ਜਾਂ ਤਾਂ ਤਲਾਕਸ਼ੁਦਾ ਹੁੰਦਾ ਹੈ ਜਾਂ ਫਿਰ ਦਹਾਜੂ ਹੁੰਦਾ ਹੈ। ਤਲਾਕਸ਼ੁਦਾ ਔਰਤ ਦੇ ਪੁਨਰ-ਵਿਆਹ ਮੌਕੇ ਬੱਚਿਆਂ ਨਾਲ ਵੀ ਅਣਹੋਣੀ ਜਿਹੀ ਹੀ ਵਾਪਰ ਜਾਂਦੀ ਹੈ । ਉਹਨਾਂ ਨੂੰ ਆਪਣੀ ਮਾਂ ਦੇ ਨਵੇਂ ਪਤੀ ਨੂੰ ਪਿਤਾ ਕਹਿਣਾ ਪੈਂਦਾ ਹੈ ਅਤੇ ਇਸ ਨਵੇਂ ਪਿਤਾ ਦੇ ਪਹਿਲੇ ਵਿਆਹ ਦੇ ਬੱਚਿਆਂ ਨੂੰ ਆਪਣੇ ਭੈਣ - ਭਰਾ ਮੰਨਣਾ ਪੈਂਦਾ ਹੈ । ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਤਲਾਕਸ਼ੁਦਾ ਔਰਤ ਦੇ ਪੁਨਰ-ਵਿਆਹ ਤੋਂ ਬਾਅਦ ਪੈਦਾ ਹੋਏ ਬੱਚੇ ਆਪਣੀ



(ਬਾਕੀ ਸਫ਼ਾ 31 'ਤੇ)

## ਤਲਾਕਸ਼ੁਦਾ ਮਰਦਾਂ ਦੇ ਦੁੱਖ



ਹੁਣ ਜੇ ਤਲਾਕਸ਼ੁਦਾ ਮਰਦਾਂ ਦੀ ਗਲ ਨਾ ਕੀਤੀ ਤਾਂ ਗਲ ਅਧੂਰੀ ਰਹੇਗੀ। ਤਲਾਕਸ਼ੁਦਾ ਮਰਦਾਂ ਦੀ ਜਿੰਦਗੀ ਵਿੱਚ ਵੀ ਉਹੋ ਜਿਹੀਆਂ ਹੀ ਔਕੜਾਂ ਆਉਂਦੀਆਂ ਹਨ, ਜਿਨ੍ਹਾਂ ਦਾ ਸਾਹਮਣਾ ਤਲਾਕਸ਼ੁਦਾ ਔਰਤਾਂ ਨੂੰ ਕਰਨਾ ਪੈਂਦਾ ਹੈ। ਤਲਾਕਸ਼ੁਦਾ ਮਰਦਾਂ ਨੂੰ ਕਈ ਵਾਰ ਬੇਕਸੂਰ ਹੁੰਦੇ ਹੋਏ ਵੀ ਕਸੂਰਵਾਰ ਠਹਿਰਾਅ ਦਿੱਤਾ ਜਾਂਦਾ ਹੈ। ਗਲਤ ਕਿਸਮ ਦੀ ਪਤਨੀ ਉਸ ਨੂੰ ਅਦਾਲਤਾਂ ਤੇ ਪੰਚਾਇਤਾਂ ਵਿੱਚ ਬਹੁਤ ਖੱਜਲ ਖੁਆਰ ਕਰਦੀ ਹੈ ਤੇ ਉਸ ਉਪਰ ਝੂਠੇ ਕੇਸ ਪਾ ਦਿੰਦੀ ਹੈ। ਤਲਾਕ ਹੋਣ ਤੋਂ ਬਾਅਦ ਤਲਾਕਸ਼ੁਦਾ ਮਰਦ ਦੀ ਗਿਣਤੀ ਸ਼ਰੀਫ਼ ਵਿਅਕਤੀਆਂ ਵਿੱਚ ਘੱਟ ਹੀ ਹੁੰਦੀ ਹੈ। ਹਰ ਕੋਈ ਹੀ ਉਸ ਨੂੰ ਆਪਣੇ ਸਮਾਗਮਾਂ ਤੋਂ ਦੂਰ ਰੱਖਣ ਦਾ ਯਤਨ ਕਰਦਾ ਹੈ। ਦਫ਼ਤਰ ਵਿੱਚ ਤਲਾਕਸ਼ੁਦਾ ਮਰਦ ਨੂੰ ਆਪਣੇ ਕੰਮ ਸਾਥੀਆਂ ਤੋਂ ਕਈ ਤਰਾਂ ਦੇ ਤਾਨੇ ਮਿਹਣੇ ਸੁਣਨੇ ਪੈ ਜਾਂਦੇ ਹਨ। ਜੇ ਕੋਈ ਉਸ ਤੋਂ ਗਲਤੀ ਹੋ ਜਾਵੇ ਤਾਂ ਉਸ ਦਾ ਅਫਸਰ ਝੱਟ ਕਹਿ ਦਿੰਦਾ ਹੈ ਕਿ ਯਾਰ ਤੂੰ ਤਾਂ ਨਿਕੰਮਾ ਬੰਦਾ ਹੈ ਤਾਂ ਹੀ ਤਾਂ ਤੇਰੀ ਜ਼ਨਾਨੀ ਭੱਜ ਗਈ ਹੈ।

ਤਲਾਕਸ਼ੁਦਾ ਮਰਦ ਨੂੰ ਰੋਟੀ ਵੀ ਆਪ ਪਕਾਉਣੀ ਪੈਂਦੀ ਹੈ ਅਤੇ ਭਾਂਡੇ ਵੀ ਖੁਦ ਮਾਂਜਣੇ ਪੈਂਦੇ ਹਨ। ਇਸ ਤੋਂ ਇਲਾਵਾ ਕੱਪੜੇ ਧੋਣੇ ਤੇ ਸਫਾਈ ਵੀ ਆਪ ਹੀ ਕਰਨੀ ਪੈਂਦੀ ਹੈ। ਜੇ ਪਤਨੀ ਬੱਚੇ ਉਸ ਕੋਲ ਛੱਡ ਗਈ ਹੋਵੇ ਤਾਂ ਬਚਿਆਂ ਦੇ ਬਾਪ ਹੋਣ ਦੇ ਨਾਲ ਹੀ ਮਾਂ ਦਾ ਫਰਜ਼ ਵੀ ਨਿਭਾਉਣਾ ਪੈਂਦਾ ਹੈ। ਬਚਿਆਂ ਦੀ ਜਿੰਦਗੀ ਕਰਕੇ ਉਹ ਦੂਜਾ ਵਿਆਹ ਕਰਵਾਉਣ ਤੋਂ ਡਰਦਾ ਹੈ ਤੇ ਬੱਚਿਆਂ ਲਈ ਆਪਣੀ ਜਿੰਦਗੀ ਕੁਰਬਾਨ ਕਰ ਦਿੰਦਾ ਹੈ।



# ਗੁਹਾਰਾ ਲਗਾਉਣ ਦੀ ਕਲਾ ਹੋ ਰਹੀ ਹੈ ਅਲੋਪ

## ਪਾਂਡੂ ਦੇ ਸੰਗ ਲਿੱਪ-ਲਿੱਪ ਕੇ ਕੀਤੀ ਚਿੱਤਰਕਾਰੀ
## ਪਿੰਡ ਗੁਹਾਰਿਆਂ ਤੋਂ ਦਿਸ ਜਾਂਦਾ ਕਹਿੰਦੀ ਦੁਨੀਆਂ ਸਾਰੀ



ਆਧੁਨਿਕ ਜੀਵਨ ਸ਼ੈਲੀ ਨੇ ਮਨੁੱਖ ਨੂੰ ਅਨੇਕਾਂ ਸੁੱਖ ਸਹੂਲਤਾਂ ਦਿੱਤੀਆਂ ਹਨ ਅਤੇ ਆਧੁਨਿਕ ਮਸ਼ੀਨਰੀ ਕਾਰਨ ਦਿਨਾਂ ਦਾ ਕੰਮ ਘੰਟਿਆਂ ਵਿੱਚ ਹੋਣਾ ਆਰੰਭ ਹੋ ਗਿਆ ਹੈ। ਇਸ ਕਾਰਨ ਕਈ ਪੁਰਾਤਨ ਕਲਾਵਾਂ ਅਲੋਪ ਹੋ ਰਹੀਆਂ ਹਨ। ਅਜਿਹੀਆਂ ਅਲੋਪ ਹੋ ਰਹੀਆਂ ਕਲਾਵਾਂ ਵਿਚੋਂ ਹੀ ਇਕ ਕਲਾ ਹੈ ਪਾਥੀਆਂ ਦਾ ਗੁਹਾਰਾ ਲਗਾਉਣਾ।

ਗੁਹਾਰੇ ਨੂੰ ਕਈ ਇਲਾਕਿਆਂ 'ਚ ਗਹੀਰਾ ਅਤੇ ਕਈ ਹੋਰ ਇਲਾਕਿਆਂ 'ਚ ਗੀਰਾ ਵੀ ਕਹਿੰਦੇ ਹਨ। ਪੰਜਾਬੀ ਕਹਾਵਤ ਹੈ ਕਿ ਪਿੰਡ ਦਾ ਤਾਂ ਗੁਹਾਰਿਆਂ ਤੋਂ ਹੀ ਪਤਾ ਚਲ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਇਹ ਕਹਾਵਤ ਸੱਚਾਈ ਦੇ ਨੇੜੇ ਸੀ ਅ ਤੇ ਜਿਸ ਪਿੰਡ ਵਿੱਚ ਗੁਹਾਰੇ ਵਿਸ਼ੇਸ਼ ਕਲਾਕਾਰੀ ਨਾਲ ਬਣਾਏ ਜਾਂਦੇ ਸਨ, ਉਸ ਪਿੰਡ ਦੀ ਸ਼ਾਨ ਵੱਖਰੀ ਹੁੰਦੀ ਸੀ। ਕੁਝ ਦਹਾਕੇ ਪਹਿਲਾਂ ਤਕ ਤਾਂ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਪਾਥੀਆਂ ਦੇ ਗੁਹਾਰੇ ਲਗਾਏ ਜਾਂਦੇ ਸਨ ਪਰ ਹੁਣ ਇਹ ਕਲਾ ਹੋਲੀ ਹੋਲੀ ਅਲੋਪ ਹੁੰਦੀ ਜਾ ਰਹੀ ਹੈ, ਹਾਂ! ਅਜੇ ਵੀ ਪੰਜਾਬ ਦੇ ਕੁੱਝ ਪਿੰਡਾਂ 'ਚ ਪਾਥੀਆਂ ਦੇ ਗੁਹਾਰੇ ਲਗਾਏ ਜਾਂਦੇ ਹਨ। ਗੁਹਾਰਾ ਲਗਾਉਣ ਵੇਲੇ ਅਕਸਰ ਆਂਢਣਾਂ- ਗੁਆਂਢਣਾਂ ਵਿਚਾਲੇ ਸਭ ਤੋਂ ਵਧੀਆ ਗੁਹਾਰਾ ਲਗਾਉਣ ਦਾ ਮੁਕਾਬਲਾ ਵੀ ਅਕਸਰ ਹੁੰਦਾ ਰਹਿੰਦਾ ਸੀ।

### ਗੁਹਾਰਾ ਲਗਾਉਣ ਦੀ ਕਲਾ

ਖੁੱਲ੍ਹੇ ਅਸਮਾਨ ਥੱਲੇ ਇਕ ਨਿਸ਼ਚਿਤ ਵਿਧੀ ਅਨੁਸਾਰ ਗੋਲ ਘੇਰੇ ਵਿੱਚ ਸੁੱਕੀਆਂ ਪਾਥੀਆਂ ਦੇ ਉਪਰ ਖੜ੍ਹਵੇਂ ਲੋਟ ਪਾਥੀਆਂ ਲਾ ਕੇ ਕੁੱਪ ਦੀ ਸ਼ਕਲ ਦੇ ਬਣਾਏ ਆਕਾਰ ਨੂੰ ਗੁਹਾਰਾ ਕਹਿੰਦੇ ਹਨ। ਪਹਿਲੇ ਸਮਿਆਂ ਵਿੱਚ ਰੋਟੀ ਟੁੱਕ ਬਣਾਉਣ ਲਈ ਪਾਥੀਆਂ ਦੀ ਕਾਫ਼ੀ ਵਰਤੋਂ ਕੀਤੀ ਜਾਂਦੀ ਸੀ। ਹਾਰਿਆਂ ਵਿੱਚ ਦੁੱਧ ਕਾੜ੍ਹਨ ਲਈ, ਹਾਰੀਆਂ ਵਿੱਚ ਖਿਚੜੀ, ਦਾਲਾਂ ਧਰਨ ਲਈ, ਚੁਲ੍ਹਿਆਂ 'ਤੇ ਸਾਗ ਧਰਨ ਲਈ ਪਾਥੀਆਂ ਦੀ ਵਰਤੋਂ ਵਿਸ਼ੇਸ਼ ਤੌਰ 'ਤੇ ਕੀਤੀ ਜਾਂਦੀ ਸੀ। ਪਾਥੀਆਂ ਨਾਲ ਲੋਹੜੀ ਬਾਲੀ ਜਾਂਦੀ ਸੀ। ਲੋਹੜੀ ਮੰਗਣ ਵਾਲੀਆਂ ਵੀ ਗੁੜ ਦੇ ਨਾਲ ਪਾਥੀਆਂ ਮੰਗਦੀਆਂ ਹੁੰਦੀਆਂ ਸਨ। ਪਾਥੀਆਂ ਗੋਹੇ ਦੀਆਂ ਬਣਾਈਆਂ ਜਾਂਦੀਆਂ ਹਨ। ਘਰ ਵਿੱਚ ਜਿੰਨੀਆਂ ਵੀ ਮੱਝਾਂ, ਗਾਈਆਂ, ਬਲਦ, ਕੱਟੀਆਂ, ਵੱਛੀਆਂ ਪਸ਼ੂ ਹੁੰਦੇ ਸਨ ਉਨ੍ਹਾਂ ਦਾ ਕੁਝ ਗੋਹਾ ਪਾਥੀਆਂ ਪੱਥਣ ਲਈ ਇਕ ਥਾਂ ਕੱਠਾ ਕੀਤਾ ਜਾਂਦਾ ਸੀ। ਬਾਕੀ ਦੇ ਗੋਹੇ ਤੇ ਕੂੜ ਕਬਾੜ ਨੂੰ ਰੂੜੀ ਉਪਰ ਖਾਦ ਬਣਾਉਣ ਲਈ ਸਿੱਟ ਦਿੰਦੇ ਸਨ। ਸਾਉਣ, ਭਾਦੋਂ ਦੇ ਬਰਸਾਤ ਦੇ ਮਹੀਨਿਆਂ ਵਿੱਚ ਤਾਂ ਸਾਰਾ ਗੋਹਾ ਹੀ ਰੂੜੀ ਉਪਰ ਸਿੱਟਦੇ ਸਨ। ਪਾਥੀਆਂ ਪੱਥਣ ਲਈ ਜਿਸ ਥਾਂ ਗੋਹਾ ਸਿੱਟਿਆ ਜਾਂਦਾ ਹੈ, ਉਸ ਨੂੰ ਪਥਵਾੜਾ ਕਹਿੰਦੇ ਹਨ। ਜਦ ਗੋਹਾ ਕਾਫ਼ੀ ਮਾਤਰਾ ਵਿੱਚ ਕੱਠਾ ਹੋ ਜਾਂਦਾ ਸੀ ਤਾਂ ਘਰ ਦੀਆਂ ਕੁੜੀਆਂ, ਬਹੂਆਂ, ਬੁੜੀਆਂ ਆਪ ਹੀ ਪਾਥੀਆਂ ਪੱਥ ਲੈਂਦੀਆਂ ਸਨ ਜਾਂ ਗੁਆਂਢੀਆਂ ਜਾਂ ਲਾਗਣਾਂ ਦੀ ਮਦਦ ਨਾਲ ਪਾਥੀਆਂ ਪੱਥ ਲੈਂਦੀਆਂ ਸਨ।



ਪਾਥੀਆਂ ਪੱਥਣ ਵਾਲੀਆਂ ਜ਼ਨਾਨੀਆਂ ਪਹਿਲਾਂ ਗੋਹੇ ਦੇ ਢੇਰ ਵਿਚੋਂ ਕਈ ਪਾਥੀਆਂ ਪੱਥਣ ਜੋਗਾ ਗੋਹਾ ਲੈ ਕੇ ਚੰਗੀ ਤਰ੍ਹਾਂ ਮਿਕਸ ਕਰਦੀਆਂ ਸਨ। ਫੇਰ ਦੋਵਾਂ ਹੱਥਾਂ ਵਿੱਚ ਜਿੰਨਾ ਗੋਹਾ ਆ ਜਾਂਦਾ ਸੀ ਉਸ ਗੋਹੇ ਦੀ ਪਾਥੀ ਬਣਾ ਕੇ ਇਕ ਪਾਸੇ ਰੱਖੀ ਜਾਂਦੀ ਸੀ। ਇਸ ਤਰ੍ਹਾਂ ਗੋਹੇ ਦੇ ਸਾਰੇ ਢੇਰ ਦੀਆਂ ਪਾਥੀਆਂ ਪੱਥ ਲੈਂਦੀਆਂ ਸਨ। ਚਾਰ ਪੰਜ ਦਿਨਾਂ ਦੀ ਧੁੱਪ ਲੱਗਣ ਪਿਛੋਂ ਜਦ ਪਾਥੀਆਂ ਉਪਰੋਂ ਸੁੱਕ ਜਾਂਦੀਆਂ ਸਨ ਤਾਂ ਉਨ੍ਹਾਂ ਨੂੰ ਉਲਟਾ ਕੇ ਇਕ ਪਾਥੀ ਦੀ ਦੂਜੀ ਪਾਥੀ ਨਾਲ ਪਿੱਠ ਜੋੜ ਕੇ, ਜੋਟੇ ਬਣਾ ਕੇ ਸੁੱਕਣ ਲਈ ਖੜੀਆਂ ਕਰ ਦਿੱਤੀਆਂ ਜਾਂਦੀਆਂ ਸਨ। ਏਸ ਤਰ੍ਹਾਂ ਫੇਰ ਪਾਥੀਆਂ ਦਾ ਹੇਠਲਾ ਹਿੱਸਾ ਵੀ ਸੁੱਕ ਜਾਂਦਾ ਸੀ।

ਸੁੱਕੀਆਂ ਪਾਥੀਆਂ ਦਾ ਗੁਹਾਰਾ ਲਾਉਣ ਲਈ ਪਹਿਲਾਂ ਇਕ ਪਾਥੀ ਪੁੱਠੀ ਕਰ ਕੇ ਰੱਖੀ ਜਾਂਦੀ ਸੀ। ਫੇਰ ਉਸ ਪਾਥੀ ਉਪਰ ਗੁੜ, ਚੌਲ, ਹਲਦੀ, ਤੇਲ ਆਦਿ ਪਾ ਕੇ ਸ਼ਗਨ ਕਰ ਕੇ ਗੁਹਾਰਾ ਬਣਾਉਣਾ ਸ਼ੁਰੂ ਕੀਤਾ ਜਾਂਦਾ ਸੀ। ਫੇਰ ਸ਼ਗਨ ਵਾਲੀ ਪਾਥੀ ਦੇ ਦੁਆਲੇ ਗੋਲ ਦਾਇਰੇ ਵਿੱਚ ਓਨੇ ਕੁ ਗੇੜ ਦਿੱਤੇ ਜਾਂਦੇ ਸਨ ਜਿੰਨੀਆਂ ਕੁ ਪਾਥੀਆਂ ਦਾ ਗੁਹਾਰਾ ਬਣਾਉਣਾ ਹੁੰਦਾ ਸੀ। ਆਮ ਤੌਰ 'ਤੇ 8 ਤੋਂ 10 ਕੁ ਗੇੜਿਆਂ ਦੇ ਗੁਹਾਰੇ ਬਣਾਏ ਜਾਂਦੇ ਸਨ। ਫੇਰ ਇਨ੍ਹਾਂ ਗੇੜਿਆਂ ਉਪਰ ਖੜ੍ਹਵੇਂ ਲੋਟ ਪਾਥੀਆਂ ਦੇ ਗੇੜੇ ਦਿੱਤੇ ਜਾਂਦੇ ਸਨ। ਜਿੰਨੇ ਕੁ ਗੇੜੇ ਖੜ੍ਹ ਕੇ ਦਿੱਤੇ ਜਾ ਸਕਦੇ ਹੁੰਦੇ ਸਨ, ਉਹ ਖੜ੍ਹ ਕੇ ਦੇ ਦਿੰਦੇ ਸਨ। ਉਸ ਤੋਂ ਬਾਅਦ ਬਣੇ ਗੁਹਾਰੇ ਨਾਲ ਪੌੜੀ ਲਾ ਕੇ ਹੋਰ ਗੇੜੇ ਦਿੱਤੇ ਜਾਂਦੇ ਸਨ। ਗੁਹਾਰਿਆਂ ਦੀ 5 ਕੁ ਫੁੱਟ ਦੀ ਉਚਾਈ ਤੋਂ ਬਾਅਦ ਗੁਲਾਈ ਘੱਟ ਕਰਨੀ ਸ਼ੁਰੂ ਕੀਤੀ ਜਾਂਦੀ ਸੀ। ਹੌਲੀ ਹੌਲੀ ਇਹ ਗੁਲਾਈ ਘੱਟ ਕੇ ਟੀਸੀ 'ਤੇ ਜਾ ਕੇ ਸਿਰਫ਼ ਇਕ ਪਾਥੀ ਦੀ ਗੁਲਾਈ ਜੋਗੀ ਗੁਲਾਈ ਰਹਿ ਜਾਂਦੀ ਸੀ। ਆਮ ਤੌਰ 'ਤੇ ਗੁਹਾਰੇ 6 ਫੁੱਟ ਤੋਂ ਲੈ ਕੇ 8 ਕੁ ਫੁੱਟ ਤੱਕ ਉੱਚੇ ਬਣਾਏ ਜਾਂਦੇ ਸਨ। ਬਣੇ ਗੁਹਾਰੇ ਨੂੰ ਫੇਰ ਗੋਹੇ ਨਾਲ ਹੀ ਲਿੱਪ ਦਿੱਤਾ ਜਾਂਦਾ ਸੀ ਤਾਂ ਜੋ ਗੁਹਾਰੇ ਵਿੱਚ ਕੋਈ ਜੀਵ-ਜੰਤੂ, ਸੱਪ-ਸਲੂੰਡੀ ਨਾ ਵੜ ਸਕੇ। ਨਾ ਹੀ ਮੀਂਹ ਦਾ ਪਾਣੀ ਅੰਦਰ ਜਾਵੇ। ਕਈ ਜ਼ਨਾਨੀਆਂ ਗੁਹਾਰੇ ਨੂੰ ਨਜ਼ਰ ਲੱਗਣ ਤੋਂ ਬਚਾਉਣ ਲਈ ਗੁਹਾਰੇ ਦੇ ਸਿਰ ਉਪਰ ਬਣੀ ਤਿੱਖੀ ਨੋਕ ਉਪਰ ਕਾਲੀ ਤੌੜੀ ਮੂਧੀ ਮਾਰ ਦਿੰਦੀਆਂ ਸਨ। ਜਾਂ ਟੁੱਟਾ ਛਿੱਤਰ ਟੰਗ ਦਿੰਦੀਆਂ ਸਨ। ਇਸ ਤਰ੍ਹਾਂ ਗੁਹਾਰਾ ਬਣਦਾ ਸੀ। ਲੋੜ ਪੈਣ 'ਤੇ ਗੁਹਾਰੇ ਵਿਚੋਂ ਪਾਥੀਆਂ ਕੱਢੀਆਂ ਜਾਂਦੀਆਂ ਸਨ। ਗੁਹਾਰੇ ਵਿਚੋਂ ਪਾਥੀਆਂ ਲੈਣ ਲਈ ਵੀ ਇੱਕ ਖਾਸ ਤਰੀਕਾ ਵਰਤਿਆ ਜਾਂਦਾ ਸੀ। ਗੁਹਾਰੇ ਦੇ ਇਕ ਪਾਸੇ ਤੋਂ ਪਾਥੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਸਨ ਅਤੇ ਉਥੇ ਛੋਟਾ ਜਿਹਾ ਮੋਘਾ ਹੋ ਜਾਂਦਾ ਸੀ ਅਤੇ ਫਿਰ ਜਿਵੇਂ ਜਿਵੇਂ ਉਥੋਂ ਪਾਥੀਆਂ ਲੈ ਲਈਆਂ ਜਾਂਦੀਆਂ , ਉਵੇਂ ਗੁਹਾਰੇ ਵਿੱਚ ਬਣਿਆ ਮੋਘਾ ਵੱਡਾ ਹੋ ਜਾਂਦਾ ਸੀ। ਹੁਣ ਗੋਹੇ ਦੀਆਂ ਪਾਥੀਆਂ ਪੱਥਣ ਨਾਲੋਂ ਜ਼ਿਆਦਾ ਵਰਤੋਂ ਖਾਦ ਦੇ ਤੌਰ 'ਤੇ ਕੀਤੀ ਜਾਂਦੀ ਹੈ। ਇਸ ਲਈ ਜਿਥੇ ਪਹਿਲਾਂ ਹਰ ਪਿੰਡ ਦੁਆਲੇ ਲੱਗੇ ਗੁਹਾਰਿਆਂ ਦੀ ਭਰਮਾਰ ਹੁੰਦੀ ਸੀ, ਉਥੇ ਹੁਣ ਪਿੰਡਾਂ ਦੁਆਲੇ ਬਹਤ ਘੱਟ ਗੁਹਾਰੇ ਨਜ਼ਰ ਆਉਂਦੇ ਹਨ ।

### ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਦਾ ਸਫ਼ਰ

ਜ਼ਿਕਰਯੋਗ ਹੈ ਕਿ ਗੁਹਾਰਾ ਲਗਾਉਣ ਦੀ ਕਲਾ ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤਕ ਚਲਦੀ ਰਹਿੰਦੀ ਸੀ, ਪਰ ਹੁਣ ਪਿੰਡਾਂ 'ਚ ਕੱਚੇ ਘਰਾਂ ਦੀ ਥਾਂ ਪੱਕੇ ਘਰ ਅਤੇ ਮੱਝਾਂ,ਗਾਵਾਂ ਲਈ ਬਣਾਏ ਗਏ ਵੱਖਰੇ ਵਾੜੇ ਵਿੱਚ ਪਾਥੀਆਂ ਨੂੰ ਸੁੱਕਣ ਲਈ ਰੱਖ ਲਿਆ ਜਾਂਦਾ ਹੈ। ਇਸ ਵਾੜੇ ਉਪਰ ਟੀਨ ਦੀ ਜਾਂ ਪੱਕੀ ਛੱਤ ਹੋਣ ਕਾਰਨ ਹੁਣ ਪਾਥੀਆਂ ਦਾ ਗੁਹਾਰਾ ਬਣਾਉਣ ਦੀ ਲੋੜ ਨਹੀਂ ਪੈਂਦੀ। ਹੁਣ ਤਾਂ ਪਿੰਡਾਂ ਵਿੱਚ ਵੀ ਕੁਝ ਮਹਿਲਾਵਾਂ ਨੂੰ ਗੁਹਾਰਾ ਲਗਾਉਣ ਦੀ ਕਲਾ ਆਉਂਦੀ ਹੈ। ਕੁਝ ਮਹਿਲਾਵਾਂ ਨੇ ਗੁਹਾਰਾ ਲਗਾਉਣ ਨੂੰ ਆਪਣੀ ਰੋਜ਼ੀ ਰੋਟੀ ਦਾ ਸਾਧਣ ਵੀ ਬਣਾਇਆ ਗਿਆ ਹੈ। ਵੱਖ ਵੱਖ ਪਿੰਡਾਂ 'ਚ ਅਜਿਹੀਆਂ ਮਹਿਲਾਵਾਂ ਆਮ ਮਿਲ ਜਾਂਦੀਆਂ ਹਨ,ਜੋ ਕਿ ਲੋਕਾਂ ਦੇ ਘਰਾਂ 'ਚ ਗੋਹਾ ਕੂੜਾ ਚੁੱਕਣ ਦੇ ਇਲਾਵਾ ਗੁਹਾਰੇ ਵੀ ਲਗਾਉਂਦੀਆਂ ਹਨ। ਗੁਹਾਰਾ ਲਗਾਉਣ ਲਈ ਹਰ ਜ਼ਨਾਨੀ ਦਾ ਆਪੋ ਆਪਣਾ ਢੰਗ ਹੁੰਦਾ ਹੈ। ਆਮ ਤੌਰ 'ਤੇ ਗੁਹਾਰਾ ਵੇਖ ਕੇ ਹੀ ਪਿੰਡ ਵਾਸੀਆਂ ਨੂੰ ਪਤਾ ਚਲ ਜਾਂਦਾ ਹੈ ਕਿ ਇਹ ਬੰਸੋ ਨੇ ਲਗਾਇਆ ਹੈ ਜਾਂ ਬਿਸ਼ਨੀ ਨੇ, ਸ਼ਿੰਦੋ ਜਾਂ ਮਿੰਦੋ ਨੇ ਜਾਂ ਕਿਸੇ ਹੋਰ ਨੇ। ਅਸਲ ਵਿੱਚ ਗੁਹਾਰਾ ਲਗਾਉਣ ਵਾਲੀਆਂ ਜ਼ਨਾਨੀਆਂ ਦੇ ਹੱਥਾਂ ਦੀ ਛਾਪ ਵੱਖ ਵੱਖ ਹੁੰਦੀ ਹੈ ਅਤੇ ਗੁਹਾਰਾ ਲਗਾਉਣ ਲਈ ਉਹ ਵੱਖ- ਵੱਖ ਵਿਧੀਆਂ ਅਪਣਾਉਂਦੀਆਂ ਹਨ ਪਰ ਮੁੱਖ ਵਿਧੀ ਇਕ ਹੀ ਰਹਿੰਦੀ ਹੈ।

## ਗੁਹਾਰਾ

ਸੁੱਘੜ ਤੇ ਸੁੱਚਜੀ ਨਾਰ ਦੇ ਹੱਥਾਂ 'ਤੇ ਹੀ
ਅੱਗ ਦੀਆਂ ਸਹੇਲੀਆਂ
ਪਾਥੀਆਂ ਦੀ ਪੈਦਾਇਸ਼ ਹੋਈ
ਤੇ ਫੇਰ
ਰਕਾਣ ਹੱਥਾਂ ਨੇ ਆਪਣੇ ਨਖਰੇ ਵਰਗਾ
ਪਾਥੀਆਂ ਦਾ ਇੱਕ
ਨੁਕੀਲਾ ਅੰਬਰ ਨਾਲ ਗੱਲਾਂ ਕਰਦਾ
ਟਿੱਲਾ ਉਸਾਰਿਆ
ਜਿਸ ਨੂੰ ਉਹਨਾਂ ਲਿੱਪ ਸੰਵਾਰ ਕੇ
ਸ਼ਰਾਰੇ ਨਾਲ ਕੱਜ ਦਿੱਤਾ
ਪਾਥੀਆਂ ਦੇ ਇਸ ਅੰਬਾਰ ਨੂੰ
ਰਕਾਣ ਮੁਟਿਆਰ ਨੇ
ਗੁਹਾਰਾ ਆਖਿਆ।

ਕਲਸ ਤੇ ਕੁੱਖ ਵਰਗਾ ਸੁੱਚਾ
ਬਾਹਰ ਨਿਆਈਆਂ 'ਚ ਖਲੋਤਾ
ਗੁਹਾਰਾ ਤਾਂ ਪਿੰਡ ਦਾ ਭਾਗ ਹੁੰਦੈ
ਰੱਜਦੇ ਪੁੱਜਦੇ ਘਰ ਦੇ ਦਰਵਾਜ਼ੇ 'ਚ
ਬੈਠੇ ਬਜ਼ੁਰਗ ਵਰਗਾ ਗਹਿਰਾ ਹੁੰਦੈ

ਪਿੰਡ 'ਚ ਪੈਰ ਰੱਖਣ ਤੋਂ ਪਹਿਲਾਂ
ਰਾਹੀ ਗੁਹਾਰੇ ਨੂੰ ਹੀ ਮਿਲਦੈ
ਪਲ ਦੋ ਪਲ ਦੀ ਇਹ ਮੁਲਾਕਾਤ
ਪਿੰਡ ਦੇ ਮਿਜ਼ਾਜ ਦਾ ਰੰਗ
ਅਜਨਬੀ ਨੂੰ ਪਹਿਲਾਂ ਹੀ ਦੱਸ ਦਿੰਦੀ ਹੈ
ਮੇਜ਼ਬਾਨੀ ਦੇ ਮਿਆਰ ਦਾ ਅੰਦਾਜ਼ਾ
ਗੁਹਾਰੇ ਦੇ ਨੁਕੀਲੇ ਕਲਸ ਤੋਂ ਹੀ ਹੋ ਜਾਂਦੈ
ਸਿਆਣਾ, ਸੁੱਘੜ, ਅਡੋਲ ਗੁਹਾਰਾ.......

## ਬੱਚਿਆਂ ਨੂੰ ਜਾਣਕਾਰੀ ਨਾ ਹੋਣਾ



ਸ਼ਹਿਰਾਂ 'ਚ ਜਨਮੇ ਬੱਚਿਆਂ ਨੂੰ ਪੇਂਡੂ ਬੋਲਚਾਲ ਦੇ ਸ਼ਬਦਾਂ ਦੀ ਘੱਟ ਸਮਝ ਲੱਗਦੀ ਹੈ ਅਤੇ ਇਹ ਸ਼ਬਦ ਸ਼ਹਿਰੀ ਬੱਚਿਆਂ ਨੂੰ ਓਪਰੇ ਜਿਹੇ ਲੱਗਦੇ ਹਨ। ਸ਼ਹਿਰੀ ਬੱਚਿਆਂ ਨੂੰ ਮੱਝਾਂ, ਗਾਵਾਂ, ਪੱਠੇ ਲਿਆਉਣੇ, ਟਰੈਕਟਰ-ਟਰਾਲੀ, ਗੱਡਾ, ਧਾਰਾਂ ਚੋਣੀਆਂ, ਖੁਰਲੀ, ਕੱਟਾ-ਕੱਟੀ, ਵੱਛਾ-ਵੱਛੀ, ਪਤੀਲਾ, ਪੀੜ੍ਹੀ, ਭਰਿੰਡਾਂ ਨਵੇਂ ਜਾਂ ਅਣਜਾਣ ਸ਼ਬਦ ਲੱਗਦੇ ਹਨ। ਕਾਨਵੈਂਟ ਸਕੂਲਾਂ ਵਿੱਚ ਪੜ੍ਹਦੇ ਅੱਜ ਕੱਲ੍ਹ ਦੇ ਬੱਚਿਆਂ ਨੂੰ ਭਰਿੰਡ ਨਹੀਂ 'ਵਾਸਪ' ਹੀ ਪਤਾ ਹੈ। ਇਸੇ ਤਰਾਂ ਵੱਡੀ ਗਿਣਤੀ ਬੱਚਿਆਂ ਨੂੰ ਪਾਥੀਆਂ ਦੇ ਗੁਹਾਰੇ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ।





# ਅਰਬ ਸਾਗਰ ਕਿਉਂ ਬਣ ਰਿਹੈ ਵਿਨਾਸ਼ਕਾਰੀ ਤੂਫ਼ਾਨਾਂ ਦਾ ਕੇਂਦਰ

## ਕਿਉਂ ਆਉਂਦੇ ਨੇ 'ਬਿਪਰਜੋਏ' ਵਰਗੇ ਚੱਕਰਵਰਤੀ ਤੂਫ਼ਾਨ?

ਅਰਬ ਸਾਗਰ ਵਿੱਚ ਬਣੇ ਚੱਕਰਵਰਤੀ ਤੂਫ਼ਾਨ ਬਿਪਰਜੋਏ ਨੇ ਹੁਣ ਭਿਆਨਕ ਰੂਪ ਧਾਰਨ ਕਰ ਲਿਆ ਹੈ। ਬਿਪਰਜੋਏ ਭਾਰਤ ਪਹੁੰਚ ਗਿਆ ਹੈ ਅਤੇ ਆਪਣਾ ਅਸਰ ਵਿਖਾ ਰਿਹਾ ਹੈ। ਬਿਪਰਜੋਏ ਅਰਬ ਸਾਗਰ ਵਿੱਚ ਬਣਨ ਵਾਲਾ ਇਸ ਸਾਲ ਦਾ ਪਹਿਲਾ ਚੱਕਰਵਰਤੀ ਤੂਫ਼ਾਨ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਅਰਬ ਸਾਗਰ ਵਿੱਚ ਜਿੰਨੇ ਖ਼ਤਰਨਾਕ ਤੂਫ਼ਾਨ ਬਣਨੇ ਸ਼ੁਰੂ ਹੋਏ ਹਨ, ਉਹ ਪਹਿਲਾਂ ਨਹੀਂ ਬਣੇ ਸਨ।

ਭਾਰਤ ਅਤੇ ਦੁਨੀਆਂ ਭਰ ਦੇ ਤੱਟਵਰਤੀ ਖੇਤਰ ਹਮੇਸ਼ਾ ਚੱਕਰਵਰਤੀ ਤੂਫਾਨਾਂ ਨਾਲ ਜੂਝਦੇ ਰਹਿੰਦੇ ਹਨ। ਚੱਕਰਵਰਤੀ ਤੂਫਾਨਾਂ ਨੂੰ ਵੱਖ-ਵੱਖ ਸਥਾਨਾਂ ਅਨੁਸਾਰ ਵੱਖ-ਵੱਖ ਨਾਮ ਦਿੱਤੇ ਜਾਂਦੇ ਹਨ। ਚੱਕਰਵਾਤ, ਹਰੀਕੇਨ ਅਤੇ ਟਾਈਫੂਨ, ਇਹ ਤਿੰਨੋਂ ਚੱਕਰਵਰਤੀ ਤੂਫਾਨ ਹਨ। ਉੱਤਰੀ ਅਟਲਾਂਟਿਕ ਮਹਾਸਾਗਰ ਅਤੇ ਉੱਤਰ-ਪੂਰਬੀ ਪ੍ਰਸ਼ਾਂਤ ਮਹਾਸਾਗਰ ਵਿੱਚ ਆਉਣ ਵਾਲੇ ਚੱਕਰਵਰਤੀ ਤੂਫਾਨਾਂ ਨੂੰ ਹਰੀਕੇਨ ਕਿਹਾ ਜਾਂਦਾ ਹੈ। ਉੱਤਰ-ਪੱਛਮੀ ਪ੍ਰਸ਼ਾਂਤ ਮਹਾਸਾਗਰ ਵਿੱਚ ਚੱਕਰਵਰਤੀ ਤੂਫਾਨਾਂ ਨੂੰ ਟਾਈਫੂਨ ਕਿਹਾ ਜਾਂਦਾ ਹੈ ਅਤੇ ਦੱਖਣੀ ਪ੍ਰਸ਼ਾਂਤ ਅਤੇ ਹਿੰਦ ਮਹਾਸਾਗਰ ਵਿੱਚ ਆਉਣ ਵਾਲੇ ਤੂਫਾਨਾਂ ਨੂੰ ਚੱਕਰਵਾਤ ਕਿਹਾ ਜਾਂਦਾ ਹੈ। ਭਾਰਤ ਵਿੱਚ ਆਉਣ ਵਾਲੇ ਚੱਕਰਵਰਤੀ ਤੂਫਾਨ ਸਿਰਫ਼ ਦੱਖਣੀ ਪ੍ਰਸ਼ਾਂਤ ਅਤੇ ਹਿੰਦ ਮਹਾਸਾਗਰ ਤੋਂ ਆਉਂਦੇ ਹਨ, ਇਸ ਲਈ ਇਹਨਾਂ ਨੂੰ ਚੱਕਰਵਾਤ ਕਿਹਾ ਜਾਂਦਾ ਹੈ।

ਇਨ੍ਹਾਂ ਦੇ ਘੁੰਮਣ ਦੀਆਂ ਦਿਸ਼ਾਵਾਂ ਵੀ ਵੱਖਰੀਆਂ ਹਨ। ਧਰਤੀ ਦੇ ਉਪਰਲੇ ਅੱਧ ਵਿੱਚ ਆਉਣ ਵਾਲੇ ਚੱਕਰਵਰਤੀ ਤੂਫਾਨ ਅਰਥਾਤ ਉੱਤਰੀ ਗੋਲਿਸਫਾਇਰ ਘੜੀ ਦੀ ਦਿਸ਼ਾ ਵਿੱਚ ਭਾਵ ਕਲਾਕਵਾਈਜ਼ ਘੁੰਮਦੇ ਹਨ, ਜਦੋਂ ਕਿ ਦੱਖਣੀ ਗੋਲਾਰਧ ਵਿੱਚ ਆਉਣ ਵਾਲੇ ਤੂਫਾਨ ਘੜੀ ਦੀ ਦਿਸ਼ਾ ਦੇ ਉਲਟ ਯਾਨੀ ਐਂਟੀਕਲਾਕਵਾਈਜ਼ ਘੁੰਮਦੇ ਹਨ।



### ਚੱਕਰਵਾਤ ਸ਼ਬਦ ਦੀ ਕਹਾਣੀ

ਸਾਈਕਲੋਨ ਸ਼ਬਦ ਯੂਨਾਨੀ ਸ਼ਬਦ ਸਾਈਕਲੋਸ ਤੋਂ ਬਣਿਆ ਹੈ। ਸਾਈਕਲੋਸ ਦਾ ਅਰਥ ਹੈ ਕੁੰਡਲੀ ਵਾਲਾ ਸੱਪ। ਉਸੇ ਸਮੇਂ, ਸਾਈਕਲੋਨ ਸ਼ਬਦ ਦੀ ਖੋਜ ਹੈਨਰੀ ਪਿਡਿੰਗਟਨ ਦੁਆਰਾ ਕੀਤੀ ਗਈ ਸੀ, ਜੋ ਇੱਕ ਬ੍ਰਿਟਿਸ਼ ਅਫਸਰ ਸੀ। ਇਸ ਸ਼ਬਦ ਦੇ ਪਿੱਛੇ ਦੀ ਕਹਾਣੀ ਇਹ ਹੈ ਕਿ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਵਿੱਚ ਤੂਫ਼ਾਨ ਸੱਪਾਂ ਦੀ ਕੁੰਡਲੀ ਵਾਂਗ ਦਿਖਾਈ ਦਿੰਦੇ ਹਨ।

### ਚੱਕਰਵਾਤ ਦੀ ਖੋਜ

ਕਿਹਾ ਜਾਂਦਾ ਹੈ ਕਿ ਇੱਕ ਬ੍ਰਿਟਿਸ਼ ਪ੍ਰਾਈਵੇਟ ਕੰਪਨੀ ਨੇ 1800 ਵਿੱਚ ਸੁੰਦਰਬਨ ਵਿੱਚ ਇੱਕ ਬੰਦਰਗਾਹ ਬਣਾਈ ਸੀ, ਜਿਸ ਦਾ ਨਾਮ ਜਨਰਲ ਲਾਰਡ ਕੈਨਿੰਗ ਦੇ ਨਾਮ ਉੱਤੇ ਰੱਖਿਆ ਗਿਆ ਸੀ। ਇਸ ਦੇ ਨਾਲ ਹੀ ਹੈਨਰੀ ਪਿਡਿੰਗਟਨ ਨੇ ਉਸ ਨੂੰ ਚਿਤਾਵਨੀ ਦਿੱਤੀ ਕਿ ਖੇਤਰ ਵਿੱਚ ਇੱਕ ਚੱਕਰਵਾਤ ਬਣ ਰਿਹਾ ਹੈ, ਜੋ ਸਭ ਕੁਝ ਤਬਾਹ ਕਰ ਦੇਵੇਗਾ। ਬੰਦਰਗਾਹ ਦੇ ਬਣਨ ਤੋਂ ਚੌਦਾਂ ਸਾਲ ਬਾਅਦ, ਉਸ ਦੀ ਚਿਤਾਵਨੀ ਸੱਚ ਹੋ ਗਈ ਅਤੇ ਇੱਕ ਤੂਫ਼ਾਨ ਆਇਆ ਜਿਸ ਨੇ ਸਭ ਕੁਝ ਤਬਾਹ ਕਰ ਦਿੱਤਾ।

### ਚੱਕਰਵਰਤੀ ਤੂਫਾਨਾਂ ਵਿੱਚ ਵਾਧਾ

ਪਿਛਲੇ ਕਈ ਦਹਾਕਿਆਂ ਤੋਂ ਇਹ ਦੇਖਿਆ ਗਿਆ ਹੈ ਕਿ ਅਰਬ ਸਾਗਰ 'ਚ ਬਹੁਤ ਖਤਰਨਾਕ ਤੂਫਾਨ ਬਣਨਾ ਸ਼ੁਰੂ ਹੋ ਗਿਆ ਹੈ, ਜਦਕਿ ਪਹਿਲਾਂ ਅਜਿਹਾ ਨਹੀਂ ਸੀ। ਪਹਿਲਾਂ ਬੰਗਾਲ ਦੀ ਖਾੜੀ ਨੂੰ ਵਿਨਾਸ਼ਕਾਰੀ ਤੂਫ਼ਾਨਾਂ ਲਈ ਜ਼ਿਆਦਾ ਜ਼ਿੰਮੇਵਾਰ ਮੰਨਿਆ ਜਾਂਦਾ ਸੀ ਪਰ ਹੁਣ ਅਰਬ ਸਾਗਰ ਵਿੱਚ ਵੀ ਤੇਜ਼ ਤੂਫ਼ਾਨ ਬਣਨੇ ਸ਼ੁਰੂ ਹੋ ਗਏ ਹਨ। 1982 ਤੋਂ 2000 ਦਰਮਿਆਨ ਅਰਬ ਸਾਗਰ ਵਿੱਚ ਚੱਕਰਵਰਤੀ ਤੂਫਾਨਾਂ ਵਿੱਚ 52 ਫੀਸਦੀ ਵਾਧਾ ਹੋਇਆ ਹੈ।

ਅਰਬ ਸਾਗਰ 'ਚ ਚੱਕਰਵਰਤੀ ਤੂਫਾਨਾਂ ਦੇ ਵਧਣ ਪਿੱਛੇ ਜਲਵਾਯੂ ਪਰਿਵਰਤਨ ਨੂੰ ਇਕ ਕਾਰਨ ਮੰਨਿਆ ਜਾ ਰਿਹਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਪਿਛਲੇ ਕਈ ਦਹਾਕਿਆਂ ਵਿੱਚ ਚੱਕਰਵਾਤ ਵਿੱਚ ਵਾਧਾ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਜਲਵਾਯੂ ਤਬਦੀਲੀ ਕਾਰਨ ਸਮੁੰਦਰ ਬਹੁਤ ਪ੍ਰਭਾਵਿਤ ਹੋਇਆ ਹੈ। ਜਲਵਾਯੂ ਪਰਿਵਰਤਨ ਦੇ ਪ੍ਰਭਾਵ ਕਾਰਨ ਸਮੁੰਦਰ ਦਾ ਤਾਪਮਾਨ ਵਧ ਰਿਹਾ ਹੈ।

### ਅਰਬ ਸਾਗਰ ਵਿੱਚ ਤਾਜ਼ਾ ਚੱਕਰਵਾਤ

ਪ੍ਰਾਪਤ ਜਾਣਕਾਰੀ ਅਨੁਸਾਰ 1979 ਤੋਂ 2022 ਤੱਕ ਅਰਬ ਸਾਗਰ ਵਿੱਚ 11 ਚੱਕਰਵਰਤੀ ਤੂਫ਼ਾਨ ਬਣ ਚੁੱਕੇ ਹਨ। ਇਨ੍ਹਾਂ ਵਿੱਚੋਂ ਛੇ ਚੱਕਰਵਰਤੀ ਤੂਫ਼ਾਨ 2007 ਤੋਂ 2022 ਦਰਮਿਆਨ ਬਣੇ ਸਨ। ਇਸ ਦੇ ਨਾਲ ਹੀ ਅਰਬ ਸਾਗਰ 'ਚ ਵਿਨਾਸ਼ਕਾਰੀ ਚੱਕਰਵਰਤੀ ਤੂਫਾਨ 'ਨਿਸਰਗ' ਵੀ ਬਣਿਆ, 2020 'ਚ ਬਣੇ ਇਸ ਚੱਕਰਵਾਤ ਨੇ ਕਾਫ਼ੀ ਤਬਾਹੀ ਮਚਾਈ ਸੀ। ਇਸ ਦੇ ਨਾਲ ਹੀ ਅਰਬ ਸਾਗਰ 'ਚ 2019 'ਚ ਆਇਆ 'ਵਾਯੂ' ਤੂਫਾਨ ਵੀ ਚੱਕਰਵਾਤ ਬਣਿਆ ਸੀ।




### ਕਿਉਂ ਆਉਂਦੇ ਹਨ ਚੱਕਰਵਰਤੀ ਤੂਫ਼ਾਨ ?

ਧਰਤੀ ਦੇ ਵਾਯੂ-ਮੰਡਲ ਵਿੱਚ ਹਵਾ ਹੈ। ਸਮੁੰਦਰ ਦੇ ਨਾਲ-ਨਾਲ ਜ਼ਮੀਨ 'ਤੇ ਵੀ ਹਵਾ ਹੈ। ਹਵਾ ਹਮੇਸ਼ਾ ਉੱਚ ਦਬਾਅ ਤੋਂ ਘੱਟ ਦਬਾਅ ਵਾਲੇ ਖੇਤਰ ਵੱਲ ਵਹਿੰਦੀ ਹੈ। ਜਦੋਂ ਹਵਾ ਗਰਮ ਹੋ ਜਾਂਦੀ ਹੈ, ਇਹ ਹਲਕੀ ਹੋ ਜਾਂਦੀ ਹੈ ਅਤੇ ਵਧਣਾ ਸ਼ੁਰੂ ਹੋ ਜਾਂਦੀ ਹੈ। ਜਦੋਂ ਸਮੁੰਦਰ ਦਾ ਪਾਣੀ ਗਰਮ ਹੋ ਜਾਂਦਾ ਹੈ, ਤਾਂ ਉਸ ਦੇ ਉੱਪਰਲੀ ਹਵਾ ਵੀ ਗਰਮ ਹੋ ਜਾਂਦੀ ਹੈ ਅਤੇ ਵਧਣ ਲੱਗਦੀ ਹੈ। ਇਸ ਥਾਂ 'ਤੇ ਘੱਟ ਦਬਾਅ ਦਾ ਖੇਤਰ ਬਣਨਾ ਸ਼ੁਰੂ ਹੋ ਜਾਂਦਾ ਹੈ। ਇਸ ਘੱਟ ਦਬਾਅ ਵਾਲੇ ਖੇਤਰ ਨੂੰ ਭਰਨ ਲਈ ਆਲੇ-ਦੁਆਲੇ ਦੀ ਠੰਡੀ ਹਵਾ ਇਸ ਦਿਸ਼ਾ ਵੱਲ ਵਧਣੀ ਸ਼ੁਰੂ ਹੋ ਜਾਂਦੀ ਹੈ।

ਪਰ ਧਰਤੀ ਆਪਣੀ ਧੁਰੀ ਉੱਤੇ ਸਿਖਰ ਵਾਂਗ ਘੁੰਮਦੀ ਰਹਿੰਦੀ ਹੈ। ਇਸ ਕਾਰਨ ਇਹ ਹਵਾ ਸਿੱਧੀ ਦਿਸ਼ਾ ਵਿੱਚ ਨਹੀਂ ਆਉਂਦੀ ਅਤੇ ਘੁੰਮਣ ਲੱਗਦੀ ਹੈ ਅਤੇ ਇੱਕ ਚੱਕਰ ਵਿੱਚ ਉਸ ਥਾਂ ਵੱਲ ਵਧਦੀ ਹੈ। ਇਸ ਨੂੰ ਚੱਕਰਵਾਤ ਕਿਹਾ ਜਾਂਦਾ ਹੈ। ਚੱਕਰਵਾਤ ਹਵਾ ਤੇਜ਼ੀ ਨਾਲ ਘੁੰਮਦੀ ਹੈ ਇਸ ਲਈ ਇਸ ਦਾ ਮੱਧ ਬਿੰਦੂ ਹਮੇਸ਼ਾ ਖਾਲੀ ਰਹਿੰਦਾ ਹੈ ਕਿਉਂਕਿ ਘੁੰਮਦੀ ਹਵਾ ਉਸ ਬਿੰਦੂ ਦੇ ਦੁਆਲੇ ਘੁੰਮਦੀ ਹੈ ਪਰ ਉਸ ਬਿੰਦੂ ਤੱਕ ਨਹੀਂ ਪਹੁੰਚਦੀ। ਇਸ ਨੂੰ ਚੱਕਰਵਾਤ ਦੀ ਅੱਖ ਕਿਹਾ ਜਾਂਦਾ ਹੈ। ਹਵਾ ਜੋ ਗਰਮ ਹੋ ਜਾਂਦੀ ਹੈ ਅਤੇ ਉੱਪਰ ਉੱਠਦੀ ਹੈ ਉਸ ਵਿੱਚ ਨਮੀ ਹੁੰਦੀ ਹੈ। ਇਸ ਕਾਰਨ ਚੱਕਰਵਾਤ 'ਚ ਤੇਜ਼ ਹਵਾਵਾਂ ਦੇ ਨਾਲ-ਨਾਲ ਮੀਂਹ ਵੀ ਪੈਂਦਾ ਹੈ। ਚੱਕਰਵਾਤ ਗੋਲ ਚੱਕਰ ਵਿੱਚ ਅੱਗੇ ਵਧਦਾ ਹੈ ਅਤੇ ਜਦੋਂ ਇਹ ਸਮੁੰਦਰੀ ਤੱਟ ਨਾਲ ਟਕਰਾਉਂਦਾ ਹੈ ਤਾਂ ਇਹ ਕਮਜ਼ੋਰ ਹੋਣਾ ਸ਼ੁਰੂ ਹੋ ਜਾਂਦਾ ਹੈ। (ਬਾਕੀ ਸਫ਼ਾ 31 'ਤੇ)

## ਭਾਰਤ 'ਚ ਵੱਖ-ਵੱਖ ਸਮੇਂ ਆਏ ਵਿਨਾਸ਼ਕਾਰੀ ਤੂਫ਼ਾਨ

2021: ਮਈ ਦੇ ਮਹੀਨੇ ਟਾਊਟ ਤੂਫਾਨ ਕਾਰਨ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਗੁਜਰਾਤ ਵਿੱਚ ਮਾਰੇ ਗਏ ਸਨ। ਇਸ ਤੋਂ ਇਲਾਵਾ ਬੇਹੱਦ ਭਿਆਨਕ ਚੱਕਰਵਾਤ ਕਾਰਨ ਕਈ ਲੋਕ ਲਾਪਤਾ ਦੱਸੇ ਜਾ ਰਹੇ ਹਨ। ਟਾਊਟ ਤੂਫਾਨ 210 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਗੁਜਰਾਤ ਦੇ ਤੱਟ ਨਾਲ ਟਕਰਾ ਗਿਆ।

2019: ਮਈ ਵਿੱਚ ਚੱਕਰਵਾਤ ਫਾਨੀ ਨੇ ਲਗਭਗ 100 ਲੋਕਾਂ ਦੀ ਜਾਨ ਲੈ ਲਈ। ਚੱਕਰਵਾਤੀ ਤੂਫਾਨ ਫਾਨੀ ( ਪੰਜ ਸਾਲਾਂ ਵਿੱਚ ਭਾਰਤ ਵਿੱਚ ਆਉਣ ਵਾਲਾ ਸਭ ਤੋਂ ਸ਼ਕਤੀਸ਼ਾਲੀ ਚੱਕਰਵਾਤ), ਓਡੀਸ਼ਾ ਨਾਲ ਟਕਰਾਇਆ। ਕਿਹਾ ਜਾਂਦਾ ਹੈ ਕਿ ਜੇਕਰ ਚੱਕਰਵਾਤ ਦੀ ਮਾਰ ਤੋਂ ਪਹਿਲਾਂ 12 ਲੱਖ ਲੋਕਾਂ ਨੂੰ ਬਾਹਰ ਨਾ ਕੱਢਿਆ ਗਿਆ ਹੁੰਦਾ ਤਾਂ ਕਈ ਹੋਰ ਲੋਕਾਂ ਦੀ ਮੌਤ ਹੋ ਸਕਦੀ ਸੀ।



2014: ਅਕਤੂਬਰ ਦੇ ਮਹੀਨੇ ਬੰਗਾਲ ਦੀ ਖਾੜੀ ਤੋਂ ਉੱਠੇ ਹੁਦਹੁਦ ਤੂਫ਼ਾਨ ਅਤੇ ਇਸ ਦੇ ਪ੍ਰਭਾਵਾਂ ਨੇ ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਿੱਚ ਤਬਾਹੀ ਮਚਾਈ। ਇਸ ਨੇ ਬੰਗਾਲ, ਝਾਰਖੰਡ, ਬਿਹਾਰ, ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਵਿੱਚ ਵੀ ਵੱਡਾ ਪ੍ਰਭਾਵ ਪਾਇਆ। ਇਸ ਤੂਫਾਨ ਕਾਰਨ 25 ਲੋਕਾਂ ਦੀ ਮੌਤ ਹੋ ਗਈ ਸੀ।

2010: ਪੱਛਮੀ ਬੰਗਾਲ, ਬਿਹਾਰ ਅਤੇ ਅਸਾਮ ਵਿੱਚ 125 ਕਿਲੋਮੀਟਰ ਦੀ ਰਫ਼ਤਾਰ ਨਾਲ ਆਏ ਭਿਆਨਕ ਚੱਕਰਵਾਤ ਨੇ 120 ਲੋਕਾਂ ਦੀ ਜਾਨ ਲੈ ਲਈ ਅਤੇ 200 ਤੋਂ ਵੱਧ ਲੋਕ ਜ਼ਖਮੀ ਹੋ ਗਏ। ਇਸ ਚੱਕਰਵਾਤ ਨੇ ਅਪ੍ਰੈਲ ਦੇ ਮਹੀਨੇ ਦਸਤਕ ਦਿੱਤੀ ਸੀ।

1999: ਇੱਕ 'ਸੁਪਰ ਚੱਕਰਵਾਤੀ ਤੂਫ਼ਾਨ' ਨੇ 260 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾ ਦੇ ਨਾਲ ਪਾਰਾਦੀਪ ਨੇੜੇ ਉੜੀਸਾ ਤੱਟ ਨੂੰ ਪਾਰ ਕੀਤਾ, ਅਕਤੂਬਰ ਵਿੱਚ 9,885 ਦੀ ਮੌਤ ਹੋ ਗਈ ਅਤੇ 2,142 ਜ਼ਖ਼ਮੀ ਹੋਏ।

1998: ਇੱਕ ਬਹੁਤ ਗੰਭੀਰ ਚੱਕਰਵਾਤੀ ਤੂਫ਼ਾਨ 167 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾ ਨਾਲ ਪੋਰਬੰਦਰ ਨੇੜੇ ਗੁਜਰਾਤ ਤੱਟ ਨੂੰ ਪਾਰ ਕਰ ਗਿਆ। ਜੂਨ ਮਹੀਨੇ 'ਚ ਦਸਤਕ ਦੇਣ ਵਾਲੇ ਤੂਫਾਨ ਕਾਰਨ 1,173 ਲੋਕਾਂ ਦੀ ਮੌਤ ਹੋ ਗਈ ਸੀ ਅਤੇ 1,774 ਲੋਕ ਲਾਪਤਾ ਹੋ ਗਏ ਸਨ।

ਰਜਿੰਦਰ ਸਿੰਘ ਪੁਰੇਵਾਲ

# ਆਰ.ਐਸ.ਐਸ. ਦੀ ਰਾਜਨੀਤੀ ਦਾ ਕੇਂਦਰ ਬਿੰਦੂ ਮੋਦੀ ਬਨਾਮ ਹਿੰਦੂ ਰਾਸ਼ਟਰਵਾਦ ਦੀ ਮੁਹਿੰਮ





ਧਿਆਨ ਨਾਲ ਦੇਖੀਏ ਤਾਂ ਸਵਾਲ ਸਿਰਫ਼ ਮੋਦੀ ਦੇ ਕ੍ਰਿਸ਼ਮੇ ਅਤੇ ਹਿੰਦੂਤਵ ਦੀ ਅਪੀਲ ਦੇ ਕਮਜ਼ੋਰ ਹੋਣ ਦਾ ਹੀ ਨਹੀਂ ਹੈ। ਇਹ ਉਸ ਸੰਕਟ ਵੱਲ ਇਸ਼ਾਰਾ ਕਰ ਰਿਹਾ ਹੈ ਜਿਸ ਵਿੱਚੋਂ ਹਿੰਦੂਤਵ ਗੁਜ਼ਰ ਰਿਹਾ ਹੈ। ਪਰ ਅਜੇ ਇਹ ਸਪੱਸ਼ਟ ਹੋਣਾ ਬਾਕੀ ਹੈ ਕਿ ਇਹ ਸੰਕਟ ਕਿੰਨਾ ਵੱਡਾ ਹੈ ਅਤੇ ਹਿੰਦੂਤਵ ਦੇ ਇਸ ਸੰਕਟ 'ਤੇ ਸੰਘ ਪਰਿਵਾਰ ਦਾ ਕੀ ਨਜ਼ਰੀਆ ਹੈ? ਇਹ ਜਾਣਨਾ ਹਾਲੇ ਮੁਸ਼ਕਲ ਹੈ ਕਿ ਆਰਐਸਐਸ ਇਸ ਸੰਕਟ ਵਿੱਚੋਂ ਬਾਹਰ ਨਿਕਲਣ ਲਈ ਕੀ ਉਪਾਅ ਕਰ ਰਿਹਾ ਹੈ ? ਜੇਕਰ ਉਹ ਸੱਚਮੁੱਚ ਸੰਕਟ ਦੇਖ ਰਿਹਾ ਹੈ ਤਾਂ ਉਸ ਕੋਲ ਹਿੰਦੂਤਵ ਨੂੰ ਨਰਮ ਜਾਂ ਸਖ਼ਤ ਬਣਾਉਣ ਦੇ ਦੋ ਹੀ ਬਦਲ ਹਨ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਹਿੰਦੂਤਵ ਹੁਣ ਇੰਨੀ ਵੱਡੀ ਤਾਕਤ ਹੈ ਕਿ ਇਹ ਆਉਣ ਵਾਲੇ ਕਈ ਸਾਲਾਂ ਤੱਕ ਦੇਸ਼ ਦੀ ਰਾਜਨੀਤੀ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਰਹੇਗਾ।

ਭਾਰਤ ਦੀ ਰਾਜਨੀਤੀ ਇੱਕ ਨਵੇਂ ਮੋੜ 'ਤੇ ਆ ਗਈ ਹੈ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ, ਰਾਹੁਲ ਨੂੰ ਲੋਕ ਸਭਾ ਦੀ ਮੈਂਬਰਸ਼ਿਪ ਤੋਂ ਅਯੋਗ ਠਹਿਰਾਏ ਜਾਣ, ਕਰਨਾਟਕ ਦੇ ਚੋਣ ਨਤੀਜਿਆਂ ਅਤੇ ਨਵੇਂ ਸੰਸਦ ਭਵਨ ਵਿੱਚ ਸੇਂਗੋਲ ਰਾਜਦੰਡ ਲਗਾਉਣ ਵਰਗੀਆਂ ਘਟਨਾਵਾਂ ਤੋਂ ਬਾਅਦ ਭਾਰਤੀ ਰਾਜਨੀਤੀ ਨੂੰ ਇੱਕ ਅਹਿਮ ਮੋੜ 'ਤੇ ਲੈ ਆਂਦਾ ਹੈ, ਜਦੋਂ ਇਹ ਤੈਅ ਹੋਣਾ ਹੈ ਕਿ ਮੋਦੀ ਸਰਕਾਰ ਦੀ ਅਗਵਾਈ ਵਿੱਚ ਜਾਰੀ ਹਿੰਦੂ ਰਾਸ਼ਟਰ ਮੁਹਿੰਮ ਜਾਰੀ ਰਹੇਗੀ ਜਾਂ ਉਸ ਨੂੰ ਵਿਰੋਧੀ ਧਿਰ ਰੋਕ ਸਕੇਗੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਰਨਾਟਕ ਚੋਣਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਬਜਰੰਗ ਬਲੀ ਕਾਰਡ ਫੇਲ੍ਹ ਹੋ ਗਿਆ ਅਤੇ ਉਹਨਾਂ ਦੇ ਨਾਂ 'ਤੇ ਵੋਟਾਂ ਮੰਗਣ ਦੀ ਕੋਸ਼ਿਸ਼ ਵੀ ਕੰਮ ਨਹੀਂ ਆਈ। ਜ਼ਾਹਿਰ ਹੈ ਕਿ ਇਸ ਨੇ ਜਨਤਾ ਨੂੰ ਹੈਰਾਨ ਕਰ ਦਿੱਤਾ ਹੈ ਕਿ ਮੋਦੀ ਰਾਜਨੀਤੀ ਕਰਨਾਟਕ ਵਿੱਚ ਢਹਿ ਢੇਰ ਹੋਵੇਗੀ। ਕਈ ਰਾਜਨੀਤਕ ਚਿੰਤਕ ਤਾਂ ਇਹ ਵੀ ਮੰਨਣ ਲੱਗੇ ਹਨ ਕਿ ਮੋਦੀ ਦਾ ਕ੍ਰਿਸ਼ਮਾ ਕਮਜ਼ੋਰ ਹੋ ਗਿਆ ਹੈ। ਆਰਐਸਐਸ ਦੇ ਮੁੱਖ ਪੱਤਰ, ਦਿ ਆਰਗੇਨਾਈਜ਼ਰ ਵਿੱਚ ਇੱਕ ਲੇਖ ਨੇ ਇਸ ਮਾਮਲੇ ਨੂੰ ਹੋਰ ਭੜਕਾਇਆ ਹੈ। ਲੇਖ ਵਿੱਚ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਮੋਦੀ ਦਾ ਕ੍ਰਿਸ਼ਮਾ ਅਤੇ ਹਿੰਦੂਤਵ ਵਿਚਾਰਧਾਰਾ ਦੀ ਅਪੀਲ ਚੋਣ ਜਿੱਤਣ ਲਈ ਕਾਫ਼ੀ ਨਹੀਂ ਹਨ। ਬਹਿਸ ਉਦੋਂ ਵੀ ਰੁਕੀ ਨਹੀਂ ਸੀ ਜਦੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹਵਾਲੇ ਨਾਲ ਇਹ ਖ਼ਬਰ ਆਈ ਕਿ ਇੱਕ ਤਾਮਿਲ ਨੂੰ ਵੀ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਮਿਲਣਾ ਚਾਹੀਦਾ ਹੈ। ਵਿਰੋਧੀ ਧਿਰਾਂ ਤੇ ਰਾਜਨੀਤਕ ਚਿੰਤਕਾਂ ਵੱਲੋਂ ਇਨ੍ਹਾਂ ਗੱਲਾਂ ਦਾ ਇਹ ਮਤਲਬ ਕੱਢਿਆ ਜਾ ਰਿਹਾ ਹੈ ਕਿ ਭਾਜਪਾ ਅਤੇ ਆਰਐਸਐਸ ਨੂੰ ਮੋਦੀ ਦੀ ਲੋਕਪ੍ਰਿਅਤਾ ਵਿੱਚ ਗਿਰਾਵਟ ਦਾ ਅਹਿਸਾਸ ਹੋ ਗਿਆ ਹੈ ਅਤੇ ਉਹ ਬਦਲ ਲੱਭ ਰਹੇ ਹਨ।

ਧਿਆਨ ਨਾਲ ਦੇਖੀਏ ਤਾਂ ਸਵਾਲ ਸਿਰਫ਼ ਮੋਦੀ ਦੇ ਕ੍ਰਿਸ਼ਮੇ ਅਤੇ ਹਿੰਦੂਤਵ ਦੀ ਅਪੀਲ ਦੇ ਕਮਜ਼ੋਰ ਹੋਣ ਦਾ ਹੀ ਨਹੀਂ ਹੈ। ਇਹ ਉਸ ਸੰਕਟ ਵੱਲ ਇਸ਼ਾਰਾ ਕਰ ਰਿਹਾ ਹੈ ਜਿਸ ਵਿੱਚੋਂ ਹਿੰਦੂਤਵ ਗੁਜ਼ਰ ਰਿਹਾ ਹੈ। ਪਰ ਅਜੇ ਇਹ ਸਪੱਸ਼ਟ ਹੋਣਾ ਬਾਕੀ ਹੈ ਕਿ ਇਹ ਸੰਕਟ ਕਿੰਨਾ ਵੱਡਾ ਹੈ ਅਤੇ ਹਿੰਦੂਤਵ ਦੇ ਇਸ ਸੰਕਟ 'ਤੇ ਸੰਘ ਪਰਿਵਾਰ ਦਾ ਕੀ ਨਜ਼ਰੀਆ ਹੈ? ਇਹ ਜਾਣਨਾ ਹਾਲੇ ਮੁਸ਼ਕਲ ਹੈ ਕਿ ਆਰਐਸਐਸ ਇਸ ਸੰਕਟ ਵਿੱਚੋਂ ਬਾਹਰ ਨਿਕਲਣ ਲਈ ਕੀ ਉਪਾਅ ਕਰ ਰਿਹਾ ਹੈ ? ਜੇਕਰ ਉਹ ਸੱਚਮੁੱਚ ਸੰਕਟ ਦੇਖ ਰਿਹਾ ਹੈ ਤਾਂ ਉਸ ਕੋਲ ਹਿੰਦੂਤਵ ਨੂੰ ਨਰਮ ਜਾਂ ਸਖ਼ਤ ਬਣਾਉਣ ਦੇ ਦੋ ਹੀ ਬਦਲ ਹਨ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਹਿੰਦੂਤਵ ਹੁਣ ਇੰਨੀ ਵੱਡੀ ਤਾਕਤ ਹੈ ਕਿ ਇਹ ਆਉਣ ਵਾਲੇ ਕਈ ਸਾਲਾਂ ਤੱਕ ਦੇਸ਼ ਦੀ ਰਾਜਨੀਤੀ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਰਹੇਗਾ।

ਸਭ ਤੋਂ ਪਹਿਲਾਂ ਇਹ ਦੇਖਣ ਦੀ ਲੋੜ ਹੈ ਕਿ ਮੋਦੀ ਦੇ ਕ੍ਰਿਸ਼ਮੇ ਵਿੱਚ ਗਿਰਾਵਟ ਅਤੇ ਹਿੰਦੂਤਵ ਦੇ ਆਕਰਸ਼ਨ ਵਿੱਚ ਆ ਰਹੀ ਘਾਟ ਦੇ ਸੰਕਟ ਨਾਲ ਸੰਘ ਪਰਿਵਾਰ ਕਿਵੇਂ ਨਜਿੱਠ ਰਿਹਾ ਹੈ? ਆਰਗੇਨਾਈਜ਼ਰ ਦੇ ਲੇਖ ਵਿੱਚ ਇਸ ਨੂੰ ਮਾਮੂਲੀ ਦੱਸ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਸੰਭਾਵਨਾ ਨੂੰ ਵੀ ਰੱਦ ਕੀਤਾ ਹੈ ਕਿ ਕਰਨਾਟਕ ਦੇ ਨਤੀਜੇ 2024 ਦੀ ਚੋਣ ਦੌਰਾਨ ਕਾਂਗਰਸ ਦੀ ਰਾਜਨੀਤੀ ਦੇ ਹਿਤ ਦਾ ਸੰਕੇਤ ਹਨ। ਸੰਭਵ ਹੈ ਕਿ ਸੰਘ ਪਰਿਵਾਰ ਬਾਹਰੋਂ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਹਿੰਦੂਤਵ ਅੱਗੇ ਕੋਈ ਸੰਕਟ ਨਹੀਂ ਹੈ। ਪਰ ਅਸਲੀਅਤ ਇਹ ਹੈ ਕਿ ਉਹ ਇਸ ਨਾਲ ਲੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਵੇਖਣਾ ਬਾਕੀ ਹੈ ਕਿ ਕੀ ਇਸ ਸੰਕਟ ਨੂੰ ਦੂਰ ਕਰਨ ਲਈ ਸੰਘ ਪਰਿਵਾਰ ਦੀ ਯੋਜਨਾ ਵਿੱਚ ਉਦਾਰਵਾਦੀ ਵਿਚਾਰਾਂ ਦੀ ਕੋਈ ਥਾਂ ਹੈ? ਕੀ ਉਸ ਨੂੰ ਸੱਚਮੁੱਚ ਹਿੰਦੂਤਵ ਦੀਆਂ ਸੀਮਾਵਾਂ ਦਾ ਅਹਿਸਾਸ ਹੋ ਗਿਆ ਹੈ?

ਕਰਨਾਟਕ ਦੀਆਂ ਚੋਣ ਮੁਹਿੰਮਾਂ ਅਤੇ ਭਾਜਪਾ ਦੇ ਬਾਅਦ ਦੇ ਪ੍ਰੋਗਰਾਮਾਂ ਵਿੱਚ ਤਿੱਖੀ ਫਿਰਕਾਪ੍ਰਸਤੀ ਦੀ ਵਰਤੋਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਘ ਦਾ ਹਿੰਦੂਤਵ ਨੂੰ ਉਦਾਰ ਬਣਾਉਣ ਦਾ ਕੋਈ ਇਰਾਦਾ ਨਹੀਂ ਹੈ। ਕਰਨਾਟਕ ਚੋਣਾਂ ਵਿਚ ਬਜਰੰਗ ਬਲੀ ਕਾਰਡ ਦੀ ਅਸਫਲਤਾ ਤੋਂ ਬਾਅਦ ਵੀ ਗ੍ਰਹਿ ਮੰਤਰੀ ਅਤੇ ਭਾਜਪਾ ਦੇ ਹੋਰ ਨੇਤਾ ਆਪਣੇ ਭਾਸ਼ਣਾਂ ਵਿੱਚ ਜਿਨ੍ਹਾਂ ਗੱਲਾਂ 'ਤੇ ਚਰਚਾ ਕਰ



ਰਹੇ ਹਨ, ਉਨ੍ਹਾਂ ਵਿਚੋਂ ਤਿੰਨ ਤਲਾਕ, ਮੁਸਲਮਾਨਾਂ ਲਈ ਰਾਖਵਾਂਕਰਨ, ਪਾਕਿਸਤਾਨ ਖ਼ਿਲਾਫ਼ ਨਫ਼ਰਤ ਵਰਗੇ ਮੁੱਦੇ ਅਹਿਮ ਹਨ। ਮਹਾਰਾਸ਼ਟਰ , ਸ਼ਹਿਰਾਂ ਦੇ ਨਾਮ ਬਦਲਣ ਦੀ ਮੁਹਿੰਮ ਚਲਾਈ ਜਾ ਰਹੀ ਹੈ ਅਤੇ 'ਔਰੰਗਜ਼ੇਬ ਦੇ ਔਲਾਦ' ਵਰਗੇ ਮੁਸਲਮਾਨਾਂ ਖ਼ਿਲਾਫ਼ ਬਿਆਨ ਦਿੱਤੇ ਜਾ ਰਹੇ ਹਨ ਤੇ ਉੱਤਰਾਖੰਡ ਵਿੱਚ ਮਕਬਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਥਿਤ ਲਵ ਜੇਹਾਦ ਦਾ ਮੁੱਦਾ ਲਗਭਗ ਸਥਾਈ ਹੋ ਗਿਆ ਹੈ। ਬਿਹਾਰ ਦੇ ਮੁਸਲਿਮ ਬਹੁਲ ਸੀਮਾਂਚਲ ਵਿੱਚ ਤਣਾਅ ਵਧਾਉਣ ਲਈ ਕਈ ਪ੍ਰੋਗਰਾਮ ਕੀਤੇ ਜਾ ਰਹੇ ਹਨ। ਜ਼ਾਹਰ ਹੈ ਕਿ ਸੰਘ ਪਰਿਵਾਰ ਹਿੰਦੂਤਵ ਦੇ ਮੌਜੂਦਾ ਸੰਕਟ ਨੂੰ ਵਿਚਾਰਧਾਰਾ ਦੀ ਕਮਜ਼ੋਰੀ ਮੰਨਣ ਲਈ ਤਿਆਰ ਨਹੀਂ ਹੈ। ਉਹ ਕਿਸਾਨਾਂ ਅਤੇ ਨੌਜਵਾਨਾਂ ਦੀ ਹਾਲਤ ਦੀ ਬਿਲਕੁਲ ਵੀ ਪਰਵਾਹ ਨਹੀਂ ਕਰ ਰਿਹਾ। ਬੇਰੁਜ਼ਗਾਰੀ ਦੀ ਸਥਿਤੀ ਅਤੇ ਆਰਥਿਕਤਾ ਕਿੱਥੇ ਪਹੁੰਚ ਗਈ ਹੈ, ਸੰਘ ਪਰਿਵਾਰ ਇਸ ਦੀ ਵੀ ਪਰਵਾਹ ਨਹੀਂ ਕਰਦਾ। ਭਾਜਪਾ ਆਗੂ ਮਾਣ ਨਾਲ ਕਹਿੰਦੇ ਹਨ ਕਿ ਦੇਸ਼ ਦੇ 80 ਕਰੋੜ ਲੋਕ ਮੁਫ਼ਤ ਰਾਸ਼ਨ ਦੇ ਦਮ 'ਤੇ ਜਿਉਂਦੇ ਹਨ।

ਸੰਘ ਪਰਿਵਾਰ ਰਾਜਨੀਤੀ ਤੇ ਸਮਾਜ ਨੂੰ ਕਿਸ ਤਰ੍ਹਾਂ ਦੇਖਦਾ ਹੈ, ਇਸ ਦਾ ਪਤਾ ਆਰਗੇਨਾਈਜਰ ਅਖ਼ਬਾਰ ਦੇ ਇਸ ਲੇਖ ਤੋਂ ਮਿਲਦੀ ਹੈ। ਲੇਖ ਵਿੱਚ ਕਿਹਾ ਗਿਆ ਹੈ ਕਿ ਇਹ ਚਿੰਤਾਜਨਕ ਹੈ ਕਿ ਸੂਚਨਾ ਤਕਨਾਲੋਜੀ ਦਾ ਕੇਂਦਰ ਬਣ ਚੁੱਕੇ ਕਰਨਾਟਕ ਵਿੱਚ ਜਾਤੀ ਦੇ ਨਾਂ 'ਤੇ ਲੋਕਾਂ ਨੂੰ ਖੁੱਲ੍ਹੇ ਆਮ ਲਾਮਬੰਦ ਕੀਤਾ ਗਿਆ ਹੈ। ਲੇਖ ਵਿੱਚ ਭਾਸ਼ਾਈ ਅਤੇ ਧਾਰਮਿਕ ਪਛਾਣਾਂ ਦੀ ਸੰਸਥਾਗਤ ਵਰਤੋਂ 'ਤੇ ਵੀ ਨਾਰਾਜ਼ਗੀ ਪ੍ਰਗਟ ਕੀਤੀ ਗਈ ਹੈ ਅਤੇ ਇਸ ਰੁਝਾਨ ਨੂੰ ਚਿੰਤਾਜਨਕ ਕਰਾਰ ਦਿੱਤਾ ਗਿਆ ਸੀ। ਇਤਰਾਜ਼ ਕੀਤਾ ਗਿਆ ਹੈ ਕਿ ਮੁਸਲਮਾਨਾਂ ਅਤੇ ਚਰਚ ਨੇ ਖੁੱਲ੍ਹ ਕੇ ਕਾਂਗਰਸ ਨੂੰ ਜਿਤਾਉਣ ਲਈ ਕੰਮ ਕੀਤਾ ਹੈ। ਪਰ ਸੰਘ ਨੂੰ 'ਜੈ ਬਜਰੰਗ ਬਲੀ' ਦੇ ਨਾਅਰੇ ਧਾਰਮਿਕ ਪਛਾਣ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੈ। ਆਰਗੇਨਾਈਜਰ ਦਾ ਲੇਖ ਖੇਤਰਵਾਦ ਅਤੇ ਭਾਸ਼ਾਈ ਪਛਾਣ ਨੂੰ ਖ਼ਤਰਨਾਕ ਦੱਸਦਾ ਹੈ। ਇਹ ਲੇਖ ਦਰਸਾਉਂਦਾ ਹੈ ਕਿ ਸੰਘ ਪਰਿਵਾਰ ਆਤਮ-ਪੜਚੋਲ ਲਈ ਤਿਆਰ ਨਹੀਂ ਹੈ ਅਤੇ ਸਮਾਜਿਕ ਨਿਆਂ ਅਤੇ ਭਾਸ਼ਾਈ ਅਤੇ ਖੇਤਰੀ ਪਛਾਣ ਦੀਆਂ ਤਾਕਤਾਂ ਨੂੰ ਹਿੰਦੂਤਵ ਦੇ ਰਾਹ ਵਿਚ ਰੁਕਾਵਟ ਸਮਝਦਾ ਹੈ।

ਅਜਿਹਾ ਬਿਲਕੁਲ ਵੀ ਸੰਕੇਤ ਨਹੀਂ ਹੈ ਕਿ ਭਾਜਪਾ ਕਰਨਾਟਕ ਚੋਣਾਂ ਤੋਂ ਨਿਰਾਸ਼ ਹੋ ਕੇ ਆਪਣੀ ਰਣਨੀਤੀ ਬਦਲਣ ਜਾ ਰਹੀ ਹੈ ਜਾਂ ਸੰਘ ਪਰਿਵਾਰ ਰਾਜਨੀਤੀ ਅਤੇ ਸਮਾਜ ਪ੍ਰਤੀ ਆਪਣਾ ਨਜ਼ਰੀਆ ਬਦਲਣ ਜਾ ਰਿਹਾ ਹੈ। ਇਸੇ ਲੇਖ ਵਿੱਚ ਕਿਹਾ ਗਿਆ ਹੈ ਕਿ 2024 ਵਿੱਚ ਲੋਕ ਸਭਾ ਦੀਆਂ ਚੋਣਾਂ ਅਤੇ ਇਸ ਤੋਂ ਪਹਿਲਾਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ 2023 ਵਿੱਚ ਹੋਣ ਜਾ ਰਹੀਆਂ ਹਨ। ਸੰਘ ਪਰਿਵਾਰ ਵਿਰੋਧੀ ਧਿਰ, ਘੱਟ ਗਿਣਤੀਆਂ ਦੇ ਮੁੱਦਿਆਂ ਬਾਰੇ ਪ੍ਰਚਾਰ ਕਰਨ ਦੇ ਵਿਰੁੱਧ ਹੈ। ਉਹ ਇਸ ਨੂੰ ਹਿੰਦੂ ਵਿਰੋਧੀ ਸਮਝਦਾ ਹੈ।

ਸੰਘ ਪਰਿਵਾਰ ਦੀ ਵਿਚਾਰਧਾਰਕ ਕਠੋਰਤਾ ਦਾ ਅੰਦਾਜ਼ਾ ਆਰਗੇਨਾਈਜਰ ਦੇ ਹੀ ਇਕ ਹੋਰ ਸੰਪਾਦਕੀ ਤੋਂ ਲਗਾਇਆ ਜਾ ਸਕਦਾ ਹੈ। ਇਹ ਲੇਖ ਸੰਸਦ ਭਵਨ ਦੇ ਨਿਰਮਾਣ ਅਤੇ ਇਸ ਦੇ ਉਦਘਾਟਨ ਦੇ ਗੁਣ ਗਾਉਣ ਲਈ ਲਿਖਿਆ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਨੌਂ ਸਾਲਾਂ ਦੇ ਸ਼ਾਸਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਆਰਥਿਕ ਅਤੇ ਤਕਨੀਕੀ ਤਰੱਕੀ ਦੇ ਪ੍ਰੋਗਰਾਮਾਂ ਰਾਹੀਂ ਅਤੇ ਪੁਰਾਤਨਤਾ ਨਾਲ ਆਧੁਨਿਕਤਾ ਦਾ ਮਿਸ਼ਰਣ ਕਰਕੇ ਲੋਕਾਂ ਨੂੰ ਸਭਿਅਤਾ ਦੀ ਭਾਵਨਾ ਨਾਲ ਦੁਬਾਰਾ ਜੋੜਿਆ ਹੈ। ਲੇਖ ਵਿੱਚ ਦਸੇ ਗਏ ਤੱਥ ਦਰਸਾਉਂਦੇ ਹਨ ਕਿ ਸੰਘ ਪਰਿਵਾਰ ਲਈ ਸਭਿਅਤਾ ਨਾਲ ਜੁੜਨ ਦਾ ਕੀ ਮਤਲਬ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਗੰਗਾ ਆਰਤੀ ਤੋਂ ਲੈ ਕੇ ਅਯੁੱਧਿਆ ਮੰਦਰ ਦੇ ਪੁਨਰ ਨਿਰਮਾਣ, ਕਾਸ਼ੀ ਵਿਸ਼ਵਨਾਥ ਕਾਰੀਡੋਰ, ਮਹਾਂਕਾਲ



ਧਾਮ ਜਾਂ ਸੇਂਗੋਲ - ਪਵਿੱਤਰਤਾ ਅਤੇ ਨਿਆਂ ਦੇ ਪ੍ਰਤੀਕ ਧਰਮ ਦੰਡ ਪੁਨਰ ਸਥਾਪਨਾ ਰਾਹੀਂ, ਮੋਦੀ ਸਰਕਾਰ ਨੇ ਸਭਿਅਤਾ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਅਖੌਤੀ ਬਸਤੀਵਾਦੀ ਮਾਨਸਿਕਤਾ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸੰਘ ਲਈ ਸੱਭਿਅਤਾ ਦਾ ਅਰਥ ਹੈ ਹਿੰਦੂਤਵ ਅਤੇ ਬਸਤੀਵਾਦ ਦਾ ਅਰਥ ਹੈ ਭਾਰਤ ਦੀ ਵਿਭਿੰਨਤਾ ਅਤੇ ਜਮਹੂਰੀ ਵਿਰਾਸਤ ਵਿੱਚ ਵਿਸ਼ਵਾਸ ਕਰਨਾ। ਜਦ ਕਿ ਡਾਕਟਰ ਅੰਬੇਡਕਰ ਤੇ ਭਾਰਤੀ ਸੰਵਿਧਾਨ ਦਾ ਸਿਧਾਂਤ ਸੰਘ ਤੇ ਭਾਜਪਾ ਦੀ ਰਾਜਨੀਤਕ ਵਿਰੁੱਧ ਹੈ।

ਪਰ ਗੱਲ ਆਪਣੀ ਵਿਚਾਰਧਾਰਾ ਉਪਰ ਅੜੇ ਰਹਿਣ ਦੀ ਨਹੀਂ ਹੈ, ਮੋਦੀ ਵਿਰੋਧੀਆਂ ਨੂੰ ਦੇਸ ਦਾ ਗੱਦਾਰ ਮੰਨਣ ਦੀ ਗੱਲ ਹੈ। ਇਸੇ ਲੇਖ ਵਿੱਚ ਮੋਦੀ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਨੂੰ 'ਸਵਾਰਥੀ ਅਤੇ 'ਭਾਰਤ ਵਿਰੋਧੀ ਤਾਕਤਾਂ' ਕਿਹਾ ਗਿਆ ਹੈ। ਇਸ ਵਿੱਚ ਇਹ ਵੀ ਕਾਮਨਾ ਕੀਤੀ ਗਈ ਹੈ ਕਿ ਨਵੀਂ ਸੰਸਦ ਵਿਸ਼ਵ ਗੁਰੂ ਬਣਨ ਦੇ ਟੀਚੇ ਨੂੰ ਪੂਰਾ ਕਰਨ ਲਈ ਸਹੀ ਮੰਚ ਬਣੇ।

2024 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਸੰਘ ਪਰਿਵਾਰ ਦੀ ਵਿਚਾਰਧਾਰਕ ਕਠੋਰਤਾ ਕਈ ਅਸ਼ੁਭ ਸੰਕੇਤ ਦਿੰਦੀ ਹੈ। ਇਸ ਵਿੱਚ ਸਭ ਤੋਂ ਵੱਡਾ ਸੰਕੇਤ ਇਹ ਹੈ ਕਿ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਲੋਕ ਸਭਾ ਚੋਣਾਂ ਤੱਕ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਇਹ ਵੀ ਸਪੱਸ਼ਟ ਸੰਕੇਤ ਹੈ ਕਿ ਸੰਘ ਅਨੁਸਾਰ ਮੋਦੀ ਹੀ ਸਹੀ ਚੋਣ ਹਨ ਕਿਉਂਕਿ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਮੁਹਿੰਮ ਦੀ ਅਗਵਾਈ ਕਰਨ ਵਾਲਾ ਸੰਘ ਪਰਿਵਾਰ ਕੋਲ ਹੋਰ ਕੋਈ ਨਹੀਂ ਹੈ। ਅਜੇ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਜਿੱਤ ਮੋਦੀ ਤੇ ਸੰਘ ਪਰਿਵਾਰ ਦੀ ਹੁੰਦੀ ਹੈ ਜਾਂ ਵਿਰੋਧੀ ਧਿਰਾਂ ਦੀ। ਪਰ ਜੋ ਭਾਰਤੀ ਰਾਜਨੀਤਕ ਵਿੱਚ ਵਾਪਰ ਰਿਹਾ ਹੈ ਉਹ ਮਨੁੱਖਤਾ ਤੇ ਘੱਟ ਗਿਣਤੀਆਂ ਵਿਰੁੱਧ ਹੈ। ਭਾਰਤੀ ਸੰਵਿਧਾਨ ਦੇ ਅਨੁਕੂਲ ਨਹੀਂ ਹੈ।

# ਸੁਣਨ ਵਾਲੀਆਂ ਨੇ 'ਤਾਰਿਆਂ ਦੇ ਦੇਸ' ਦੀਆਂ ਗੱਲਾਂ

## ਪ੍ਰੋਫ਼ੈਸਰ ਹਰਦੇਵ ਸਿੰਘ ਦੀ ਕਿਤਾਬ ਦਾ ਆਗਮਨ, 101 ਕਵਿਤਾਵਾਂ ਵਿੱਚ ਇਤਿਹਾਸ ਦੇ ਦਰਸ਼ਨ



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ




'ਤਾਰਿਆਂ ਦੇ ਦੇਸ' ਵਿੱਚ ਵੱਸ ਰਹੀਆਂ 101 ਕਵਿਤਾਵਾਂ ਨੂੰ ਮਿਲ ਕੇ ਦਿਲ ਵਿੱਚ ਕਿੰਨਾ ਕੁਝ ਸਾਕਾਰ ਹੋ ਗਿਆ- ਆਪਣਾ ਇਤਿਹਾਸ, ਆਪਣਾ ਦਰਦ ਅਤੇ ਸਮੁੱਚੀ ਮਾਨਵਤਾ ਨਾਲ ਵੀ ਸਾਂਝ।

ਬਿਬੇਕਗੜ੍ਹ ਪ੍ਰਕਾਸ਼ਨ ਵੱਲੋਂ ਛਾਪੀ ਇਸ ਯਾਦਗਾਰੀ ਪੁਸਤਕ ਦੇ ਲੇਖਕ ਹਨ- ਭਾਈ ਹਰਦੇਵ ਸਿੰਘ, ਜੋ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿੱਚ ਸਹਾਇਕ ਪ੍ਰੋਫ਼ੈਸਰ ਦੇ ਅਹੁਦੇ 'ਤੇ ਕੰਮ ਕਰਦੇ ਹਨ। ਹਰਦੇਵ ਸਿੰਘ ਗੁਰਮਤਿ ਕਾਲਜ ਪਟਿਆਲਾ ਦੇ ਸਾਬਕਾ ਵਿਦਿਆਰਥੀ ਵੀ ਰਹੇ ਹਨ ਜਿੱਥੇ ਪਿਛਲੇ 50 ਸਾਲਾਂ ਦੌਰਾਨ ਕਰੀਬ 400 ਤੋਂ ਉਪਰ ਵਿਦਿਆਰਥੀ ਵਿਸ਼ੇਸ਼ ਕਰਕੇ ਸਿੱਖ ਧਰਮ ਅਤੇ ਹੋਰ ਧਰਮਾਂ ਵਿੱਚ ਪੋਸਟ ਗਰੈਜੂਏਟ ਦੀ ਡਿਗਰੀ ਹਾਸਲ ਕਰ ਚੁੱਕੇ ਹਨ। ਪੰਜਾਬ ਵਿੱਚ ਆਪਣੀ ਕਿਸਮ ਦਾ ਇਹ ਇੱਕੋ ਇੱਕ ਨਿਵੇਕਲਾ ਕਾਲਜ ਹੈ ਜਿੱਥੇ ਕਈ ਵਿਦਿਆਰਥੀ ਤਾਂ ਪੀਐਚ-ਡੀ ਕਰਕੇ ਉਚੇ ਪਦਾਂ 'ਤੇ ਸ਼ਸ਼ੋਭਤ ਰਹੇ ਹਨ।

ਤੁਸੀਂ ਪੁਛ ਸਕਦੇ ਹੋ ਕਿ ਕੀ ਕਿਹਾ ਗਿਆ ਹੈ ਇਨ੍ਹਾਂ ਕਵਿਤਾਵਾਂ ਵਿੱਚ ? ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਕਿਸੇ ਉਚੇ ਪੜਾਅ 'ਤੇ ਵਿਚਾਰ ਅਤੇ ਜਜ਼ਬੇ ਇਕ ਥਾਂ 'ਤੇ ਇਕੱਠੇ ਹੋ ਗਏ ਹਨ। ਕਈ ਕਵਿਤਾਵਾਂ ਵਿੱਚ ਤਾਂ ਇਹ ਪਤਾ ਨਹੀਂ ਲਗਦਾ ਕਿ ਵਿਚਾਰ ਨੇ ਜਜ਼ਬਿਆਂ ਦਾ ਰੂਪ ਧਾਰਨ ਕੀਤਾ ਹੈ ਜਾਂ ਜਜ਼ਬੇ ਵਿਚਾਰਾਂ ਵਿੱਚ ਘੁਲ-ਮਿਲ ਗਏ ਹਨ। ਕੁਝ ਕਵਿਤਾਵਾਂ ਵਿੱਚ ਹਰਦੇਵ ਸਿੰਘ ਦੀ ਨਜ਼ਰ 'ਤਾਰਿਆਂ ਦੇ ਦੇਸ' ਤੋਂ ਵੀ ਦੂਰ ਤੱਕ ਜਾਂਦੀ ਮਹਿਸੂਸ ਹੁੰਦੀ ਹੈ। ਮਿਸਾਲ ਵਜੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ 'ਤੇ ਅੱਲ੍ਹਾ ਯਾਰ ਖ਼ਾਂ ਜੋਗੀ ਵੱਲੋਂ ਸਾਹਿਬਜ਼ਾਦਿਆਂ ਨੂੰ ਦਿੱਤੀ ਸ਼ਰਧਾਂਜਲੀ, ਮੇਰਾ ਖਿਆਲ ਹੈ ਹੁਣ ਤਕ ਇਸ ਵਿਸ਼ੇ ਉੱਤੇ ਲਿਖੀਆਂ ਕਵਿਤਾਵਾਂ ਵਿਚੋਂ ਸਿਰਮੌਰ ਸਥਾਨ ਰੱਖਦੀ ਹੈ।ਹਰਦੇਵ ਸਿੰਘ ਮੁਤਾਬਕ ਅੱਲ੍ਹਾ ਯਾਰ ਖਾਂ ਜੋਗੀ ਨੇ ਸਾਹਿਬਜ਼ਾਦਿਆਂ ਦੇ ਮੁੱਖ 'ਤੇ ਪਾਤਾਲ ਤੋਂ ਵੀ ਡੂੰਘੀਆਂ ਲਾਲੀਆਂ ਨੂੰ ਜਿਵੇਂ ਆਪਣੇ ਜ਼ਿਹਨ ਵਿੱਚ ਪਾਲ ਕੇ ਕਵਿਤਾ ਲਿਖੀ, ਉਸ ਨਾਲ ਅਲਾ ਯਾਰ ਖਾਂ ਕਵਿਤਾ ਵਿੱਚ ਸਰਹੰਦ ਸ਼ਹਿਰ ਦਾ ਮੋਤੀ ਬਣ ਗਿਆ ਹੈ,ਉਹ ਚਮਕੌਰ ਦਾ 'ਸਿਪਾਹੀ' ਹੈ,ਉਸ ਦੀ ਕਲਾ 'ਖੰਡਾ' ਹੋ ਗਈ ਤੇ ਡੁੱਲਿਆ ਖ਼ੂਨ ਪਵਿੱਤ੍ਰ ਸਿਆਹੀ ਹੈ। ਕੁਝ ਕਵਿਤਾਵਾਂ ਦਾਨਸ਼ਵਰ ਸ਼ਾਇਰੀ ਦਾ ਵੀ ਪ੍ਰਤੀਕ ਜਾਪਦੀਆਂ ਹਨ।

ਇਥੇ ਇਹ ਚੇਤੇ ਵੀ ਕਰਾਇਆ ਜਾ ਰਿਹਾ ਹੈ ਕਿ ਹਰਦੇਵ ਸਿੰਘ ਵੱਲੋਂ ਲਿਖੀ ਪੁਸਤਕ ਮਸੀਹੀਅਤ ਅਤੇ ਥਿਆਲੋਜੀ ਵੀ ਧਾਰਮਕ ਹਲਕਿਆਂ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ, ਕਿਉਂਕਿ ਇਹ ਇਕ ਅਜਿਹੀ ਕਿਤਾਬ ਹੈ ਜਿਸ ਵਿੱਚ ਈਸਾ ਮਸੀਹ ਦਾ ਜੀਵਨ ਤੇ ਇਸਾਈ ਮੱਤ ਨਾਲ ਸਬੰਧਿਤ ਧਰਮ ਸ਼ਾਸਤਰ (ਥਿਆਲੋਜੀ) ਦੇ ਪਿਛਲੇ ਦੋ ਹਜ਼ਾਰ ਸਾਲ ਦੇ ਗੁੰਝਲਦਾਰ ਇਤਿਹਾਸ ਵਿੱਚ ਵਾਪਰੇ ਅਹਿਮ ਵਰਤਾਰਿਆਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ।

ਕਵਿਤਾਵਾਂ ਪੜ੍ਹ ਕੇ ਹਰਿੰਦਰ ਸਿੰਘ ਮਹਿਬੂਬ ਦੀ 'ਝਨਾਂ ਦੀ ਰਾਤ' ਯਾਦ ਆ ਗਈ ਜਿਥੇ ਅਣਗਿਣਤ ਰੰਗਾਂ ਦੀ ਪੀਂਘ ਚੜੀ ਹੈ।

1849 ਵਿੱਚ ਖਾਲਸਾ ਰਾਜ ਦਾ ਅਲੋਪ ਹੋ ਜਾਣਾ ਅੱਜ ਤੱਕ ਵੀ ਜਿਸਮ ਤੇ ਰੂਹ ਨੂੰ ਸਤਾਉਂਦਾ ਤੇ ਰਵਾਉਂਦਾ ਹੈ। ਢਲਦੀਆਂ ਸ਼ਾਮਾਂ, ਉਡਦੀਆਂ ਕੂੰਜਾਂ, ਮਾਰੂਥਲ ਦੀਆਂ ਬੂੰਦਾਂ ਅਤੇ ਵਗਦੀਆਂ ਹਵਾਵਾਂ ਨੂੰ ਰਾਣੀ ਜਿੰਦ ਕੌਰ ਵਾਲੀ ਕਵਿਤਾ ਯਕੀਨ ਦਿਵਾਉਂਦੀ ਹੈ ਕਿ ਖਾਲਸਾ ਰਾਜ ਦੇ ਸ਼ਾਨੋ-ਸ਼ੌਕਤ ਦੇ ਜ਼ਮਾਨੇ ਮੁੜ ਆਉਣਗੇ। ਇਹ ਕਵਿਤਾ ਪੜ੍ਹ ਕੇ ਫਿਲਮ ਬਲੈਕ ਪ੍ਰਿੰਸ ਦੀ ਯਾਦ ਆ ਰਹੀ ਹੈ ਜਿਸ ਵਿੱਚ ਜਲਾਵਤਨ ਮਹਾਰਾਜਾ ਦਲੀਪ ਸਿੰਘ ਦੀ ਦਾਸਤਾਨ ਖਾਲਸੇ ਦੀ ਪੀੜ ਹੋ ਨਿੱਬੜਦੀ ਹੈ।

ਕੀ ਦਿਲ ਦੀ ਦੁਨੀਆਂ ਸਮੁੰਦਰਾਂ ਜਿੰਨੀ ਡੂੰਘੀ ਹੀ ਹੁੰਦੀ ਹੈ ? ਹਰਦੇਵ ਸਿੰਘ ਇਸ ਸੱਚ ਤੋਂ ਕਿਸੇ ਹੋਰ ਵੱਡੇ ਸੱਚ ਦੀ ਤਲਾਸ਼ ਵਿੱਚ ਹੈ। ਉਹ ਇਸ ਵਿਚਾਰ ਤੋਂ ਦੂਰੀ ਬਣਾ ਕੇ ਰੱਖਦਾ ਹੈ ਜਿਸ ਵਿੱਚ ਦਿਲ ਨੂੰ ਸਮੁੰਦਰਾਂ ਜਿੰਨਾ ਡੂੰਘਾ ਦੱਸਣ ਵਾਲੇ ਕਵੀ ਦਿਲ ਦੀ ਪਰਵਾਜ਼ ਅਤੇ ਤਾਕਤ ਨੂੰ ਹਦਾਂ ਵਿੱਚ ਬੰਨ੍ਹ ਦੇਂਦੇ ਹਨ।ਇਸ ਬੰਦ ਨੂੰ ਧਿਆਨ ਧਰ ਕੇ ਪੜ੍ਹੋ:

ਦਿਲ ਦਰਿਆ ਸਮੁੰਦਰੋਂ ਡੂੰਘੇ ਲਿਖਣਾ ਸਹੀ ਨਹੀਂ।
ਅਣਤੋਲੇ ਨੂੰ ਕੰਡੇ ਲਾਉਣੇ ਚੰਗੇ ਨਹੀਂ ਹੁੰਦੇ।
ਉਸ ਵਾਦੀ ਦਾ ਨਕਸ਼ਾ ਦਿਲ ਵਿੱਚ ਹਾਜ਼ਰ ਹੁੰਦਾ ਏ।
ਜਿਹੜੇ ਰਾਹੋਂ ਕਦੇ ਮੁਸਾਫ਼ਰ ਲੰਘੇ ਨਹੀਂ ਹੁੰਦੇ।

ਜੂਨ 1984 ਨੂੰ ਦਰਬਾਰ ਸਾਹਿਬ ਵਿੱਚ ਫੌਜ ਦਾ ਮੁਕਾਬਲਾ ਕਰਨ ਵਾਲੇ ਸਿੰਘ ਹਰਦੇਵ ਸਿੰਘ ਵਾਸਤੇ ਫਕੀਰ ਹਨ,ਜਿਨਾਂ ਨੇ ਜਦੋਂ ਆਪਣੇ ਮਾਲਾ ਵਾਲੇ ਹੱਥਾਂ ਵਿੱਚ ਸ਼ਮਸ਼ੀਰ ਫੜ੍ਹੀ ਤਾਂ ਇਹ ਕੌਤਕ ਵਾਪਰਿਆ:

ਜਦ ਸ਼ਸਤਰ ਨੂੰ ਮਾਲਾ ਵਾਲੇ ਛੋਹੇ ਹੱਥ ਫ਼ਕੀਰਾਂ।
ਵੇਖ ਹੁਸਨ ਸ਼ਮਸ਼ੀਰਾਂ ਵਾਲੇ ਛਿਥੀਆਂ ਪੈ ਗਈਆਂ ਹੀਰਾਂ।
ਵੇਖ ਕੇ ਹੱਥ ਸਿੰਘਾਂ ਦੇ ਵੈਰੀ ਕੱਢਦੇ ਫਿਰਨ ਲਕੀਰਾਂ।
ਅਸਲੋਂ ਦਹਿਕੇ ਕਾਲ ਦਾ ਲਾਵਾ ਦੂਰੋਂ ਦਿਸਦੀਆਂ ਖੀਰਾਂ।

ਲੇਖਕ ਲਈ ਪੰਜਾਬ ਦੀ ਸਾਰੀ ਜ਼ਮੀਨ 'ਗੁਰੂ ਨਾਨਕ ਦੇ ਖੇਤ' ਹਨ। ਦਿੱਲੀ ਵਿੱਚ ਲੱਗੇ ਕਿਸਾਨ ਮੋਰਚੇ ਦੌਰਾਨ ਹਰਦੇਵ ਸਿੰਘ ਹਾਕਮਾਂ ਨੂੰ ਇਹ ਚੁਣੌਤੀ ਦੇ ਰਿਹਾ ਹੈ:

ਤੂੰ ਲੱਖ ਜਬਰ ਅਜ਼ਮਾ ਲਵੀਂ ਅਸੀਂ ਸੀ ਨਾ ਕਰੀਏ।
ਪਰ ਗੁਰੂ ਨਾਨਕ ਦੇ ਖੇਤਾਂ ਨੂੰ ਕਿਉਂ ਗਹਿਣੇ ਧਰੀਏ ?

ਉਹ ਕਿਹੜੀ ਤਸਵੀਰ ਹੈ ਜੋ ਸਾਨੂੰ ਕਲਾਕਾਰਾਂ ਦੀਆਂ ਤਸਵੀਰਾਂ ਤੋਂ ਵੀ ਪਾਰ ਲੈ ਜਾਵੇ ਯਾਨੀ ਜਾਪੁ ਸਾਹਿਬ ਮੁਤਾਬਕ ਕਿ ਚਿਤਰੰ ਬਿਹੀਨੈ ਦੀ ਪੈਰਵੀ ਕਰੇ, ਜੋਂ ਕਲਾਕਾਰਾਂ ਦੀ ਕਲਪਨਾ ਵਿੱਚ ਵੀ ਨਹੀਂ ਆ ਸਕਦੀ ਅਤੇ ਜੋ ਸਿੱਖ ਪੰਥ ਦੇ ਦਿਲ ਦਿਮਾਗ ਵਿੱਚ ਧੁੰਦਲੀ ਕਿਉਂ ਹੁੰਦੀ ਜਾ ਰਹੀ ਹੈ, ਲੇਖਕ ਸਾਨੂੰ ਇਸ ਬੰਦ ਰਾਹੀਂ ਯਾਦ ਕਰਵਾ ਰਿਹਾ ਜਾਪਦਾ ਹੈ:

ਮੂਰਤ ਗੁਰ ਦੀ ਸ਼ਬਦ ਬਿਨਾਂ ਕੋਈ ਹੋਰ ਬਣਾਈਏ ਨਾ।
ਕਲਾਕਾਰ ਦੀ ਕਲਪਨਾ ਸਾਹਵੇਂ ਸੀਸ ਝੁਕਾਈਏ ਨਾ।

ਬਹੁਤੀਆਂ ਕਵਿਤਾਵਾਂ ਅਤੀਤ ਦੀਆਂ ਯਾਦਾਂ ਦਾ ਇਕ ਸੁਹਾਵਣਾ ਮੇਲਾ ਹੈ, ਪਰ ਸੰਦੇਸ਼ ਵਰਤਮਾਨ ਲਈ ਹੈ। ਕੁਝ ਬੰਦ ਦੂਰ ਤੱਕ ਦੀ ਸੈਰ ਕਰਾਉਂਦੇ ਹਨ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਵਿੱਚ ਸੂਫ਼ੀ,ਜੋਗੀ ਅਤੇ ਹੋਰ ਕਿੰਨੇ ਕਲਚਰ ਰੌਸ਼ਨ ਹੋਏ ਹਨ, ਪਰ ਲੇਖਕ ਮੁਤਾਬਿਕ ਅਗਲੇ ਪੈਂਡਿਆਂ ਦੀ ਪੈੜ ਗੁਰੂ ਨਾਨਕ ਦੀ ਪੈੜ ਵਿੱਚੋਂ ਹੀ ਲਭ ਸਕੇਗੀ:

ਸੂਫ਼ੀ ਜੋਗੀ ਭਗਤ ਸਿਧ ਗੁਰੂ ਗਰੰਥ 'ਚ ਆਣ ਮਿਲੇ।
ਅਗਲੇ ਪੈਂਡੇ ਗੁਰੂ ਨਾਨਕ ਦੀ ਪੈੜ 'ਚੋਂ ਲੱਭਣਗੇ।

ਪਰਦੇਸਾਂ ਵਿੱਚ ਜਾਣ, ਵਸਣ ਅਤੇ ਕਮਾਉਣ ਲਈ ਲੱਗੀ ਦੌੜ ਤੋਂ ਵੀ ਲੇਖਕ ਉਦਾਸ ਹੈ ਅਤੇ ਉਮੀਦ ਕਰਦਾ ਹੈ ਕਿ ਇਹ ਬਨਵਾਸ ਕਦੇ ਨਾ ਕਦੇ ਮੁੱਕੇਗਾ:

ਤੈਨੂੰ ਕਿਤ ਬਿਰਹੇ ਦਾ ਰੋਗ ਸੋਹਣੇ ਪੰਜਾਬ ਸਿਆਂ,
ਨਿੱਤ ਕਰਦਾ ਏਂ ਪਰਵਾਜ਼ ਕਹੇ ਪਰਵਾਜ਼ ਭਰਾਂ।

ਕੁਝ ਕਵਿਤਾਵਾਂ ਦਿਲ ਤੋਂ ਦਿਮਾਗ ਵੱਲ ਯਾਤਰਾ ਕਰਦੀਆਂ ਹਨ ਜਦਕਿ ਕੁਝ ਦਿਮਾਗ ਤੋ ਤੁਰ ਕੇ ਦਿਲ ਨੂੰ ਪ੍ਰਗਟ ਕਰਦੀਆਂ ਹਨ। ਕੁਝ ਕਵਿਤਾਵਾਂ ਤੁਹਾਨੂੰ ਉਦਾਸ ਵੀ ਕਰਦੀਆਂ ਹਨ ਪਰ ਇਸ ਉਦਾਸੀ ਵਿੱਚ ਵੀ ਤੁਸੀਂ ਚੜ੍ਹਦੀ ਕਲਾ ਦਾ ਅਹਿਸਾਸ ਮਾਣਦੇ ਹੋ। ਏਥੇ ਤੀਰ ਵਾਲੇ ਬਾਬੇ ਨਾਲ ਵੀ ਮੇਲ ਹੁੰਦਾ ਹੈ ਅਤੇ ਗਰਜਾ ਸਿੰਘ ਤੇ ਬੋਤਾ ਸਿੰਘ ਵੀ ਦੋ ਘੜੀਆਂ ਦੀ ਹਕੂਮਤ ਕਰਦੇ ਹਨ। ਜ਼ੁਲਮ ਦਾ ਪ੍ਰਤੀਕ ਸੈਣੀ ਵੀ ਕਿਤੇ ਨਾ ਕਿਤੇ ਮਿਲੇਗਾ ਜੋ ਕਵਿਤਾ ਅੰਦਰ ਹੁਣ ਖੁੱਡਾਂ ਵਿੱਚ ਲੁਕਦਾ ਫਿਰਦਾ ਹੈ। ਜ਼ੁਲਮ ਦਾ ਮੁਕਾਬਲਾ ਕਰਨ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜੇ ਲਈ ਵੀ ਵਿਸ਼ੇਸ਼ ਥਾਂ ਰਾਖਵੀਂ ਹੈ।

ਖ਼ਾਲਸੇ ਦੀ ਰੂਹ ਵਿੱਚ ਹਰਿਮੰਦਰ ਸਾਹਿਬ ਦਾ ਕੀ ਸਥਾਨ ਹੈ, ਖ਼ਾਲਸਾ ਪੰਥ ਇਸ ਕਵਿਤਾ ਰਾਹੀਂ ਫੈਸਲਾ ਸੁਣਾ ਰਿਹਾ ਹੈ:

ਹਰਿਮੰਦਰ ਨੂੰ ਲਸ਼ਕਰ ਕੋਈ ਬਾਦਸ਼ਾਹੀ ਜਦ ਘੇਰੇ।
ਫੇਰ ਜਥੇ ਜਰਨੈਲ ਸਿੰਘਾਂ ਦੇ ਰਣ ਵਿੱਚ ਲਾਵਣ ਡੇਰੇ।
ਸਿੰਘ ਸਤਵੰਤ ਦੇ ਖ਼ਾਬਾਂ ਵਿੱਚ ਜੇ ਬਾਜ ਨਾ ਫੇਰਾ ਪਾਉਂਦਾ।
ਪੰਥ-ਖਾਲਸਾ ਦੁਨੀਆਂ ਦੇ ਨਾਲ ਕੀਕਣ ਅੱਖ ਮਿਲਾਉਂਦਾ।
ਜੇ ਬੇਅੰਤ ਦੀ ਸੁਰਤ ਨਾ ਸੁਣਦੀ ਸ਼ੂਕ ਤੀਰਾਂ ਦੀ ਪੈਂਦੀ।
ਅਜਲਾਂ ਤੀਕਰ ਪੰਥ ਦੇ ਨੈਣੀਂ ਰੜਕ ਦਿੱਲੀ ਦੀ ਰਹਿੰਦੀ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

ਬਰਸੀ 'ਤੇ ਵਿਸ਼ੇਸ਼

# ਪਾਤਸ਼ਾਹੀ ਪ੍ਰਬੰਧ ਦਾ ਨਿਰਮਾਤਾ ਪੰਜ ਦਰਿਆਵਾਂ ਦਾ ਸਰਦਾਰ ਮਹਾਰਾਜਾ ਰਣਜੀਤ ਸਿੰਘ



ਪਰਮਜੀਤ ਸਿੰਘ ਢੀਂਗਰਾ

ਪੰਜਾਬ ਪੰਜਾਂ ਦਰਿਆਵਾਂ ਦੀ ਹੀ ਨਹੀਂ ਸਗੋਂ ਗੁਰੂਆਂ, ਪੀਰਾਂ, ਫ਼ਕੀਰਾਂ, ਸੂਫੀਆਂ, ਜੋਗੀਆਂ, ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਹੈ। ਜੇ ਦੁਨੀਆ ਦੇ ਨਕਸ਼ੇ ਵਿੱਚੋਂ ਏਸ਼ੀਆ 'ਤੇ ਨਜ਼ਰ ਮਾਰੀਏ ਤਾਂ ਇਹ ਧਰਤੀ ਵਿਸ਼ੇਸ਼ ਰੂਪ ਵਿੱਚ ਨਜ਼ਰ ਆਉਂਦੀ ਹੈ ਕਿਉਂਕਿ ਪ੍ਰਾਚੀਨ ਸਮਿਆਂ ਵਿੱਚ ਜਿੱਥੇ ਇਹ ਵਪਾਰਕ ਗਤੀਵਿਧੀਆਂ ਲਈ ਪ੍ਰਸਿੱਧ ਸੀ ਉਥੇ ਭਾਰਤ ਵਰਗੇ ਵੱਡੇ ਭੂ-ਭਾਗ ਲਈ ਦੁਨੀਆਂ ਦਾ ਪ੍ਰਵੇਸ਼ ਦੁਆਰ ਵੀ ਸੀ। ਇਤਿਹਾਸਕ ਸਮਿਆਂ ਵਿੱਚ ਸਿਕੰਦਰ ਤੋਂ ਲੈ ਕੇ ਗਜ਼ਨਵੀ ਤਕ ਤੇ ਬਾਬਰ ਤੋਂ ਲੈ ਕੇ ਦੁਰਾਨੀਆਂ ਤਕ ਵਿਦੇਸ਼ੀ ਧਾੜਵੀ ਇਸ ਧਰਤੀ 'ਤੇ ਪੈਰ ਰੱਖ ਕੇ ਇਛਾਵਾਂ ਦੀ ਪੂਰਤੀ ਲਈ ਲਹੂ ਦੇ ਦਰਿਆ ਵਗਾਂਦੇ ਰਹੇ ਪਰ ਇੱਥੋਂ ਦੇ ਯੋਧਿਆਂ ਤੇ ਸਿਰਲੱਥ ਸੂਰਮਿਆਂ ਨੇ ਜਿੱਥੇ ਸਿਕੰਦਰ ਦਾ ਰਾਹ ਰੋਕ ਕੇ ਉਹਨੂੰ ਚਟਾਨੀ ਅਹਿਸਾਸ ਕਰਾਇਆ ਓਥੇ ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਸ਼ਬਦ ਦੀ ਤਾਕਤ ਨੂੰ ਸਿਰਮੌਰ ਬਣਾ ਕੇ ਬਾਬਰ ਨੂੰ ਵੰਗਾਰਿਆ।

ਏਸੇ ਪੰਜ ਦਰਿਆਵਾਂ ਦੀ ਧਰਤੀ 'ਤੇ ਗੁਰੂ ਨਾਨਕ ਸਾਹਿਬ ਦੀ ਸ਼ਬਦ ਕ੍ਰਾਂਤੀ ਤੇ ਗੁਰੂ ਗੋਬਿੰਦ ਸਿੰਘ ਦੀ ਜੰਗਜੂ ਤੇ ਪਾਤਸ਼ਾਹੀ ਪਰੰਪਰਾ ਨੂੰ ਅਮਲ ਵਿੱਚ ਲਿਆਕੇ ਦੇਸ ਸਿਰਜਣ ਵਾਲਾ ਸ਼ਾਸਕ ਰਣਜੀਤ ਸਿੰਘ ਪੈਦਾ ਹੋਇਆ। ਉਹਦੀ ਸ਼ੇਰ ਵਾਲੀ ਭਬਕ ਨੇ ਜਿੱਥੇ ਅਫ਼ਗਾਨਾਂ ਦੇ ਸਾਹ ਸੂਤੇ ਉੱਥੇ ਈਸਟ ਇੰਡੀਆ ਕੰਪਨੀ ਦੇ ਯੂਰਪੀਆਂ ਨੂੰ ਉਹਦੇ ਜਿਉਂਦੇ ਜੀਅ ਇਸ ਭੂਖੰਡ 'ਤੇ ਕਬਜ਼ਾ ਕਰਨ ਦਾ ਹੀਆ ਨਾ ਪਿਆ। ਪਰ ਅੰਤ ਅੰਗਰੇਜ਼ਾਂ ਦੀਆਂ ਚਾਲਾਂ, ਸਾਜ਼ਿਸ਼ਾਂ ਤੇ ਬਦਨੀਤੀਆਂ ਕਰਕੇ ਇਕ ਵਿਸ਼ਾਲ ਖ਼ਾਲਸਾ ਰਾਜ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਗਿਆ।

1780 ਤੋਂ ਲੈ ਕੇ 1839 ਤਕ ਦੇ 59 ਸਾਲ ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਸਨ। ਇਨ੍ਹਾਂ ਸਾਲਾਂ ਵਿੱਚ ਪੰਜਾਬ ਦੇ ਇਤਿਹਾਸ ਵਿੱਚ ਇਕ ਸ਼ਾਨਦਾਰ ਇਤਿਹਾਸਕ ਵਰਤਾਰਾ ਵਰਤਿਆ ਸੀ। ਸਿੱਖ ਕੌਮ, ਜਿਸ ਨੇ 1699 ਤੋਂ ਹੀ ਆਪਣੀ ਸੁਤੰਤਰਤਾ ਲਈਸਤਿਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਹਥਿਆਰਬੰਦ ਸੰਘਰਸ਼ ਸ਼ੁਰੂ ਕੀਤਾ ਹੋਇਆ ਸੀ, ਸੰਘਰਸ਼ ਵਿੱਚ ਫਤਹਿਯਾਬ ਹੋ ਕੇ ਰਾਜ-ਭਾਗ ਦੀ ਉਸਾਰੀ ਕਰਨ ਵੱਲ ਜੁੱਟ ਗਈ ਸੀ। ਰਾਜ-ਭਾਗ ਦੀ ਸ਼ੁਰੂਆਤ ਮਿਸਲਾਂ ਦੀ ਸਰਦਾਰੀ ਰਾਹੀਂ ਹੋਈ ਸੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਵੱਖ-ਵੱਖ ਟੁਕੜਿਆਂ ਨੂੰ ਇਕੱਠਾ ਕਰ ਕੇ ਪੰਜ ਦਰਿਆਵਾਂ ਦੀ ਧਰਤੀ 'ਤੇ ਇਕ ਬਹੁਤ ਹੀ ਵਿਸ਼ਾਲ ਅਤੇ ਤਾਕਤਵਰ ਸਲਤਨਤ ਖੜ੍ਹੀ ਕਰ ਦਿੱਤੀ ਸੀ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਪੰਜ ਦਰਿਆਵਾਂ ਦੀ ਧਰਤੀ ਨੇ ਵਿਸ਼ਵ ਨੂੰ ਇਕ ਸ਼ਾਨਦਾਰ ਬਾਦਸ਼ਾਹਤ ਮੁਹੱਈਆ ਕੀਤੀ ਸੀ। ਪੰਜਾਬ ਦੇ ਪੰਜ ਦਰਿਆਵਾਂ ਦਾ ਵੱਡਾ ਸਮਾਂ ਸਿਰਫ਼ ਹਮਲਾਵਰਾਂ ਦੇ ਜੰਗਾਂ ਯੁੱਧਾਂ ਦੀਆਂ ਤਬਾਹੀਆਂ ਵਿੱਚ ਹੀ ਗੁਜ਼ਰਿਆ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਜਿਹੜਾ ਪੰਜਾਬ ਜੁਗਾਂ-ਜੁਗਾਂਤਰਾਂ ਤੋਂ ਸਿਰਫ਼ ਜੰਗਾਂ-ਯੁੱਧਾਂ ਦੀ ਭੂਮੀ ਹੀ ਬਣਿਆ ਰਿਹਾ ਸੀ, ਕੀ ਕਦੇ ਇਹ ਧਰਤੀ ਵੀ ਕੌਮਾਂਤਰੀ ਸੰਧੀਆਂ ਅਤੇ ਅਹਿਦਨਾਮਿਆਂ ਨੂੰ ਲਿਖੇ ਜਾਣ ਵਾਲੀ ਬਣ ਜਾਏਗੀ? ਮਹਾਰਾਜਾ ਰਣਜੀਤ ਸਿੰਘ ਨੇ ਇਹ ਗੌਰਵ ਹਾਸਲ ਕੀਤਾ ਸੀ।'

ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਲਾਸਾਨੀ ਦਰਜਾ ਹਾਸਲ ਹੈ, ਜਦੋਂ ਵਿਸ਼ਵ ਇਤਿਹਾਸ ਦਾ ਜ਼ਿਕਰ ਆਉਂਦਾ ਹੈ ਤਾਂ ਸੂਰਬੀਰ ਜੋਧਿਆਂ ਵਜੋਂ ਦੋ ਮਹਾਰਾਜਿਆਂ ਨੂੰ ਇਹ ਰੁਤਬਾ ਹਾਸਲ ਹੁੰਦਾ ਹੈ -ਇਕ ਹੈ ਨੈਪੋਲੀਅਨ ਬੋਨਾਪਾਰਟ ਦੂਜਾ ਮਹਾਰਾਜਾ ਰਣਜੀਤ ਸਿੰਘ। ਉਹਨੇ ਜਾਰਜ ਫਾਰੇਸਟਰ ਦੀ ਉਸ ਭਵਿੱਖ ਬਾਣੀ ਨੂੰ ਸੱਚ ਸਾਬਤ ਕਰ ਦਿੱਤਾ ਸੀ, ਜਿਹੜੀ ਉਹਨੇ ਮਾਰਚ 1783 ਵਿੱਚ ਆਪਣੇ ਪੱਤਰ ਰਾਹੀਂ ਕੀਤੀ ਸੀ। ਇਸ ਵਿੱਚ ਉਹਨੇ ਲਿਖਿਆ ਸੀ ਕਿ ਜੇਕਰ ਭਵਿੱਖ ਵਿੱਚ ਸਾਮਰਾਜ ਅਤੇ ਧਰਮ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਕਿਸੇ ਵੀ ਕਾਰਨ ਸਿੱਖਾਂ ਦੇ ਇਕ-ਜੁੱਟ ਪ੍ਰਯਤਨ ਦੀ ਲੋੜ ਪਈ ਤਾਂ ਸ਼ਾਇਦ ਕੋਈ ਉਤਸ਼ਾਹੀ ਮੁਖੀਆ ਆਪਣੀ ਸਿਆਣਪ ਅਤੇ ਸਫਲਤਾ ਤੋਂ ਪ੍ਰੇਰਨਾ ਲੈ ਕੇ ਅਤੇ ਆਪਣੇ ਸਾਥੀਆਂ ਦੀ ਸ਼ਕਤੀ ਗ੍ਰਹਿਣ ਕਰ ਕੇ ਆਪਣੇ ਖੇਤਰ ਦੇ ਖੰਡਰਾਤਾਂ ਤੋਂ ਰਾਜਤੰਤਰ ਦੇ ਮਿਆਰ ਦਾ ਪ੍ਰਦਰਸ਼ਨ ਕਰੇਗਾ।'

**ਪਾਤਸ਼ਾਹੀ ਵਾਲੇ ਸਾਂਝੇ ਰਾਜ ਦੀਆਂ ਸਿਫ਼ਤਾਂ**

ਮਹਾਰਾਜੇ ਨੇ ਆਪਣੀ ਸਿਆਸੀ ਸੂਝ ਬੂਝ, ਪ੍ਰਬੰਧਕੀ ਯੋਗਤਾ ਤੇ ਰਣਨੀਤੀ ਘਾੜੇ ਵਜੋਂ ਅਜਿਹਾ ਸੰਭਵ ਕਰ ਵਿਖਾਇਆ ਜਿਸਨੇ ਜੰਗਾਂ ਯੁੱਧਾਂ ਦੀ ਇਸ ਧਰਤੀ ਨੂੰ ਅਮਨ, ਚੈਨ ਤੇ ਸ਼ਾਂਤੀ ਦੇ ਖਿੱਤੇ ਵਿਚ ਬਦਲ ਦਿੱਤਾ। ਉਹਨੇ ਸਿੱਖ ਗੁਰੂਆਂ ਦੇ ਆਦਰਸ਼ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੇ ਲਿਖਤੀ ਸੰਦੇਸ਼ ਨੂੰ ਅਮਲੀ ਜਾਮਾ ਪਹਿਨਾ ਕੇ ਪਾਤਸ਼ਾਹੀ ਪਰੰਪਰਾ ਅਧੀਨ ਇਕ ਸਰਬ ਸਾਂਝੇ ਰਾਜ ਦੀ ਨੀਂਹ ਰੱਖੀ। ਮਹਾਰਾਜੇ ਦੀ ਮੌਤ ਉਪਰੰਤ ਦਰਬਾਰ ਵਿੱਚ ਹੋਈ ਬੁਰਛਾਗਰਦੀ ਨੇ ਉਸ ਗੌਰਵਸ਼ਾਲੀ ਸਲਤਨਤ ਨੂੰ ਮੁੜ ਖੇਰੂੰ ਖੇਰੂੰ ਕਰ ਦਿੱਤਾ। ਮਹਿੰਗੇ ਮੁੱਲ ਦੀ ਆਜ਼ਾਦੀ ਬਸਤੀਵਾਦੀ ਸਾਮਰਾਜੀਆਂ ਦੇ ਕਬਜ਼ੇ ਵਿਚ ਆ ਗਈ ਤੇ ਪੰਜਾਬ ਮੁੜ ਇਕ ਨਵੇਂ ਧਾੜਵੀ ਨੂੰ ਵੰਗਾਰਨ ਤੇ ਆਜ਼ਾਦੀ ਪ੍ਰਾਪਤੀ ਦੇ ਰਾਹ ਪੈ ਗਿਆ ਜਿਸਦੇ ਸਿੱਟੇ ਵਜੋਂ ਇਹਦੇ ਟੋਟੇ-ਟੋਟੇ ਹੋ ਗਏ, ਇਹ ਖੰਡ ਖੰਡ ਹੋ ਕੇ ਬਿਖਰ ਗਿਆ ਤੇ ਇਤਿਹਾਸ ਦੇ ਪੰਨਿਆਂ ਨੂੰ ਲਹੂ ਲੁਹਾਨ ਕਰ ਗਿਆ। ਉਹ ਇਕ ਮਹਾਂ-ਸ਼ਕਤੀਸ਼ਾਲੀ ਯੋਧਾ ਸੀ ਜਿਸਨੇ ਆਪਣੇ ਜਿਸਮ 'ਤੇ ਤਲਵਾਰ ਦੇ ਤੀਹ ਜ਼ਖ਼ਮ ਤੇ ਬੰਦੂਕ ਦੇ ਨੌਂ ਜ਼ਖ਼ਮ ਹੰਢਾਏ ਸਨ।

ਸ਼ੁੱਕਰਚੱਕੀਆ ਮਿਸਲ ਦੇ ਮਹਾਂ ਸਿੰਘ ਦੇ ਇਕਲੌਤੇ ਪੁੱਤਰ ਰਣਜੀਤ ਸਿੰਘ ਨੂੰ ਪੜ੍ਹਨ ਲਈ ਭਾਈ ਭਾਗੂ ਸਿੰਘ ਕੋਲ ਗੁਜਰਾਂਵਾਲੇ ਉਹਦੀ ਧਰਮਸ਼ਾਲਾ ਵਿੱਚ ਭੇਜਿਆ ਗਿਆ ਪਰ ਪੜ੍ਹਾਈ ਵਿੱਚ ਉਹਦੀ ਬਹੁਤੀ ਰੁਚੀ ਨਹੀਂ ਸੀ। ਏਸ ਕਰਕੇ ਉਹ ਪੜ੍ਹ ਨਾ ਸਕਿਆ। ਪਰ ਇਹ ਵੀ ਇਕ ਇਤਫਾਕ ਹੈ ਕਿ ਜਦੋਂ ਉਹਨੇ ਰਾਜ ਭਾਗ ਦੀ ਵਾਗ ਡੋਰ ਸੰਭਾਲੀ ਤਾਂ ਸਭ ਤੋਂ ਵੱਧ ਜ਼ੋਰ ਸਿੱਖਿਆ 'ਤੇ ਦਿਤਾ ਤੇ ਉਹਦੇ ਰਾਜ ਵਿੱਚ ਸਾਖਰਤਾ ਦਰ ਬਹੁਤ ਜ਼ਿਆਦਾ ਸੀ। ਇਹ ਸਮੇਂ ਜੰਗਾਂ ਯੁੱਧਾਂ ਦੇ ਸਨ ਤੇ ਹਰ ਮਿਸਲ ਆਪਣੀ ਸਥਾਪਤੀ ਲਈ ਯੁੱਧ ਕਲਾ 'ਤੇ ਜ਼ੋਰ ਦੇਂਦੀ ਸੀ। ਏਸੇ ਕਰਕੇ ਬਾਲਕ ਰਣਜੀਤ ਸਿੰਘ ਨੇ ਬਚਪਨ ਵਿੱਚ ਹੀ ਘੋੜ ਸਵਾਰੀ ਤੇ ਸ਼ਸ਼ਤਰਾਂ ਦੇ ਕਰਤੱਬ ਸਿੱਖਣ ਵਿੱਚ ਵਧੇਰੇ ਦਿਲਚਸਪੀ ਦਿਖਾਈ।

ਆਪਣੇ ਪਿਤਾ ਦੀ ਮੌਤ ਸਮੇਂ ਉਹਦੀ ਉਮਰ ਅਜੇ ਨਿਆਣੀ ਸੀ। ਇਸ ਕਰਕੇ ਉਹਦੀ ਮਾਤਾ ਦੀਵਾਨ ਲੱਖਪਤ ਰਾਏ ਦੀ ਸਹਾਇਤਾ ਨਾਲ ਕਾਇਮ ਮੁਕਾਮ ਹਾਕਮ ਬਣ ਗਈ। ਉਹਨੇ ਸਾਰੀ ਪ੍ਰਬੰਧਕੀ ਵਾਗ-ਡੋਰ ਆਪਣੇ ਹੱਥ ਲੈ ਲਈ ਤੇ ਸਾਰੇ ਪ੍ਰਬੰਧਾਂ ਨੂੰ ਅਜਿਹੀ ਯੋਗਤਾ ਨਾਲ ਅੰਜਾਮ ਦਿੱਤਾ ਕਿ ਉਹਦੀ ਚੰਗੀ ਪੈਂਠ ਬਣ ਗਈ।

ਇਨ੍ਹਾਂ ਦਿਨਾਂ ਵਿੱਚ ਹਸ਼ਮਤ ਖ਼ਾਨ ਚੱਠੇ ਨੇ ਮਹਾਂ ਸਿੰਘ ਹੱਥੋਂ ਹੋਈ ਆਪਣੀ ਹਾਰ ਤੇ ਅਪਮਾਨ ਦਾ ਬਦਲਾ ਲੈਣ ਦੀ ਠਾਣ ਲਈ। ਉਹਨੇ ਰਣਜੀਤ ਸਿੰਘ 'ਤੇ ਜਾਨ ਲੇਵਾ ਹਮਲਾ



ਕਰ ਦਿੱਤਾ। ਅਸਲ ਵਿੱਚ ਰਣਜੀਤ ਸਿੰਘ ਸ਼ਿਕਾਰ ਖੇਡਦਾ ਦੂਰ ਨਿਕਲ ਗਿਆ ਤੇ ਸਾਥੀਆਂ ਨਾਲੋਂ ਵਿਛੜ ਗਿਆ। ਅਚਾਨਕ ਚੱਠਾ ਸਰਦਾਰ ਆਪਣੀ ਲੁਕਣ ਵਾਲੀ ਥਾਂ ਤੋਂ ਨਿਕਲ ਆਇਆ ਤੇ ਉਹਨੇ ਰਣਜੀਤ ਸਿੰਘ 'ਤੇ ਹਮਲਾ ਕਰ ਦਿੱਤਾ। ਵਾਰ ਕੇਵਲ ਉਹਦੇ ਕਮਰਬੰਦ ਨੂੰ ਕੱਟਦਾ ਹੋਇਆ ਨਾਕਾਮ ਹੋ ਗਿਆ ਤੇ ਰਣਜੀਤ ਸਿੰਘ ਨੇ ਫੁਰਤੀ ਨਾਲ ਉਸ 'ਤੇ ਘਾਤਕ ਵਾਰ ਕਰ ਕੇ ਉਹਨੂੰ ਥਾਏਂ ਚਿੱਤ ਕਰ ਦਿੱਤਾ।

1796 ਵਿੱਚ 16 ਵਰ੍ਹਿਆਂ ਦੀ ਉਮਰੇ ਉਹਦਾ ਵਿਆਹ ਬਟਾਲੇ ਵਿਖੇ ਘਨੱਈਏ ਮਿਸਲ ਦੀ ਮੁਖੀ ਮਾਤਾ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਨਾਲ ਹੋਇਆ। ਕਾਬਲ ਦੇ ਬਾਦਸ਼ਾਹ ਸ਼ਾਹ ਜਮਾਨ ਨੇ ਏਸੇ ਸਮੇਂ ਭਾਰਤ ਵਿੱਚ ਮੁੜ ਦੁਰਾਨੀ-ਸੱਤਾ ਸਥਾਪਤ ਕਰਨ ਲਈ ਜਤਨ ਕੀਤੇ ਤੇ 1797 ਵਿਚ ਲਾਹੌਰ ਸ਼ਹਿਰ 'ਤੇ ਕਬਜ਼ਾ ਕਰ ਲਿਆ ਪਰ ਮਿਸਲਾਂ ਨੇ ਛੇਤੀ ਹੀ ਉਹਨੂੰ ਵਾਪਸੀ ਵਾਲੇ ਰਾਹ ਤੋਰ ਦਿੱਤਾ। ਸਿੱਖਾਂ ਹੱਥੋਂ ਆਪਣੇ ਸੈਨਾਪਤੀ ਅਹਿਮਦ ਖ਼ਾਨ ਸ਼ਹਾਨਚੀ ਦੀ ਕਰਾਰੀ ਹਾਰ ਅਤੇ ਉਹਦੀ ਮੌਤ ਤੋਂ ਬਾਅਦ ਸ਼ਾਹ ਜਮਾਨ ਨੇ 1798 ਵਿੱਚ ਫਿਰ ਪੰਜਾਬ 'ਤੇ ਹੱਲਾ ਬੋਲਿਆ। ਉਹਨੇ ਫਿਰ ਲਾਹੌਰ 'ਤੇ ਹਮਲਾ ਕਰਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸੋਹਣ ਲਾਲ ਸੂਰੀ ਤੇ ਬੂਟੇ ਸ਼ਾਹ ਨੇ ਆਪਣੇ ਰੋਜ਼ਨਾਮਚਿਆਂ ਵਿੱਚ ਲਿਖਿਆ ਹੈ।

ਰਣਜੀਤ ਸਿੰਘ ਨੇ ਇਸ ਸਮੇਂ ਸੀਮਤ ਗਿਣਤੀ ਵਿਚ ਸਰਦਾਰਾਂ ਨੂੰ ਲੈ ਕੇ ਕਿਲ੍ਹੇ ਦੇ ਸਮਨ ਬੁਰਜ 'ਤੇ ਤਿੰਨ ਵਾਰ ਚੜ੍ਹਾਈ ਕੀਤੀ। ਫਾਇਰ ਕੀਤੇ, ਕਈ ਅਫਗਾਨੀਆਂ ਨੂੰ ਮਾਰਿਆ ਅਤੇ ਜ਼ਖ਼ਮੀ ਕੀਤਾ। ਸ਼ਾਹ ਜ਼ਮਾਨ ਨੂੰ ਆਹਮੋ-ਸਾਹਮਣੇ ਲੜਾਈ ਲਈ ਵੰਗਾਰਦੇ ਹੋਏ ਰਣਜੀਤ ਸਿੰਘ ਨੇ ਕਿਹਾ 'ਆ ਜਾ ਓਏ ਅਹਿਮਦ ਸ਼ਾਹ ਦਿਆ ਪੋਤਰਿਆ, ਅੱਜ ਤੈਨੂੰ ਮਹਾਨ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਦੋ ਹੱਥ ਅਜ਼ਮਾਉਣੇ ਪੈਣਗੇ ਤੇ ਪਤਾ ਲੱਗ ਜਾਏਗਾ ਕਿਹੜਾ ਵੱਡਾ ਸੂਰਮਾ ਹੈ,' ਪਰ ਦੂਜੇ ਪਾਸਿਓਂ ਕੋਈ ਉਤਰ ਨਾ ਆਇਆ। ਸ਼ਾਹ ਜ਼ਮਾਨ ਮਹਾਰਾਜੇ ਤੋਂ ਡਰਦਾ ਹੀ ਵਾਪਸ ਪਰਤ ਗਿਆ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਸਾਰਾ ਸਮਾਂ ਜੰਗਾਂ ਯੁੱਧਾਂ ਦੀਆਂ ਮੁਹਿੰਮਾਂ ਤੇ ਆਪਣੇ ਰਾਜ ਦੇ ਵਿਸਥਾਰ ਵਿਚ ਬੀਤਿਆ। ਸਭ ਤੋਂ ਪਹਿਲਾਂ ਤਾਂ ਉਹਨੇ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਆਪਣਾ ਸਿੱਕਾ ਜਮਾਇਆ। 7 ਜੁਲਾਈ, 1799 ਵਿੱਚ ਭੰਗੀ ਸਰਦਾਰਾਂ ਵਲੋਂ ਬਿਨਾਂ ਕਿਸੇ ਉਜਰ ਦੇ ਉਹ ਲਾਹੌਰ 'ਤੇ ਕਾਬਜ਼ ਹੋ ਗਿਆ। ਏਸੇ ਤਰ੍ਹਾਂ ਬੁੱਧੂ ਦੇ ਆਵੇ ਕੋਲੋਂ ਉਹਨੂੰ ਖ਼ਜ਼ਾਨਾ ਮਿਲਿਆ। ਫਿਰ ਉਹਨੇ ਜੰਮੂ, ਮੀਰੋਵਾਲ, ਨਾਰੋਵਾਲ ਅਤੇ ਜੱਸਰਵਾਲ ਨੂੰ ਜਿੱਤ ਲਿਆ।

**ਮਹਾਰਾਜੇ ਦਾ ਖਿਤਾਬ**

ਇਨ੍ਹਾਂ ਖ਼ੁਸ਼ਨੁਮਾ ਦਿਨਾਂ ਦੌਰਾਨ ਮੁਖੀਆਂ, ਪ੍ਰਸਿੱਧ ਹਸਤੀਆਂ, ਦਰਬਾਰੀਆਂ ਤੇ ਸ਼ਹਿਰੀਆਂ ਨੇ ਉਸਨੂੰ ਮਹਾਰਾਜੇ ਦਾ ਖਿਤਾਬ ਦੇਣ ਦਾ ਫ਼ੈਸਲਾ ਕੀਤਾ। ਇਸ ਉਤਸਵ ਲਈ 1801 ਦੀ ਵੈਸਾਖੀ ਤੋਂ ਇਕ ਦਿਨ ਪਹਿਲਾਂ 12 ਅਪ੍ਰੈਲ ਨੂੰ ਇਕ ਸ਼ਾਨਦਾਰ ਦਰਬਾਰ ਸਜਾਇਆ ਗਿਆ ਜਿਸ 'ਚ ਸਾਰੇ ਵੱਡੇ ਸਰਦਾਰ, ਮਿਸਲਦਾਰ, ਉੱਘੇ ਹਿੰਦੂ ਅਤੇ ਮੁਸਲਿਮ ਅਹਿਲਕਾਰ ਹਾਜ਼ਰ ਹੋਏ। ਕੁਝ ਸਿੱਖ ਧਾਰਮਕ ਰਸਮਾਂ ਤੋਂ ਬਾਅਦ ਬਾਬਾ ਸਾਹਿਬ ਸਿੰਘ ਬੇਦੀ ਨੇ ਸਰਦਾਰ ਰਣਜੀਤ ਸਿੰਘ ਦੇ ਮੱਥੇ 'ਤੇ ਮਹਾਰਾਜਸ਼ਾਹੀ ਤਿਲਕ ਦੀ ਰਸਮ ਕੀਤੀ ਤੇ ਉਹਨੂੰ ਮਹਾਰਾਜੇ ਦਾ ਖਿਤਾਬ ਦਿੱਤਾ। ਹਾਲਾਂਕਿ ਉਹਨੇ ਆਪ ਕਿਸੇ ਬਾਦਸ਼ਾਹਤ ਦਾ ਦਾਅਵਾ ਨਹੀਂ ਸੀ ਕੀਤਾ। ਸਗੋਂ ਉਹਦੇ ਲਈ ਗੁਰੂ ਹੀ ਸੱਚਾ ਪਾਤਸ਼ਾਹ ਤੇ ਅਸਲੀ ਬਾਦਸ਼ਾਹ ਸੀ। ਉਹ ਤਾਂ ਆਪਣੇ ਆਪਨੂੰ ਗੁਰੂ ਦਾ ਨਿਮਾਣਾ ਜਿਹਾ ਸੇਵਕ ਮੰਨਦਾ ਸੀ। ਉਹਨੇ ਸਭ ਨੂੰ ਕਹਿ ਦਿੱਤਾ ਸੀ ਕਿ ਅੱਗੇ ਤੋਂ ਉਹਨੂੰ ਸਰਕਾਰ ਕਿਹਾ ਜਾਵੇ। ਉਹਨੇ ਆਪਣੇ ਅਸਲੀ ਬਾਦਸ਼ਾਹ ਗੁਰੂ ਦੇ ਨਾਂ ਦੇ ਸਿੱਕੇ ਢਾਲੇ ਜੋ ਨਾਨਕਸ਼ਾਹੀ ਨਾਂ ਨਾਲ ਅੱਜ ਤਕ ਪ੍ਰਸਿੱਧ ਹਨ। ਉਨ੍ਹਾਂ 'ਤੇ ਉਹਨੇ ਗੁਰੂ ਦੀ ਮੋਹਰ ਉਕਰਵਾਈ

ਦੇਗ਼ ਵ ਤੇਗ਼ ਫਤਹਿ, ਨਸ਼ਰਤ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਦੇਗ਼ ਗ਼ਰੀਬਾਂ ਦੇ ਢਿੱਡ ਭਰਨ ਦਾ ਚਿੰਨ੍ਹ ਹੈ ਤੇ ਤੇਗ਼ ਕਮਜ਼ੋਰਾਂ ਤੇ ਬੇਸਹਾਰਿਆਂ ਦੀ ਸੁਰੱਖਿਆ ਲਈ ਸ਼ਕਤੀ ਦਾ ਚਿੰਨ੍ਹ ਹੈ। ਏਸੇ ਕਰਕੇ ਮਹਾਰਾਜੇ ਨੇ ਦੋ ਰਾਜਧਾਨੀਆਂ ਬਣਾਈਆਂ। ਦੁਨਿਆਵੀ ਪ੍ਰਸ਼ਾਸਨ, ਅਧਿਕਾਰ ਤੇ ਰਾਜਨੀਤੀ ਦੀ ਰਾਜਧਾਨੀ ਲਾਹੌਰ ਸੀ ਤੇ ਧਾਰਮਕ ਆਸਥਾ ਤੇ ਸਾਂਝੀਵਾਲਤਾ ਦੀ ਰਾਜਧਾਨੀ ਅੰਮ੍ਰਿਤਸਰ ਸੀ।1801 ਦੇ ਅਰੰਭ ਵਿੱਚ ਉਹਦੇ ਪਹਿਲੇ ਸ਼ਹਿਜ਼ਾਦੇ ਖੜਕ ਸਿੰਘ ਦਾ ਜਨਮ ਹੋਇਆ।

**ਅੰਮ੍ਰਿਤਸਰ ਦੀ ਸੰਧੀ**

ਅੰਮ੍ਰਿਤਸਰ ਦੀ ਸੰਧੀ ਮਹਾਰਾਜੇ ਦੀ ਜ਼ਿੰਦਗੀ ਦੀ ਅਹਿਮ ਘਟਨਾ ਸੀ। ਮਹਾਰਾਜਾ ਬ੍ਰਿਟਿਸ਼ ਸਾਮਰਾਜ ਦੀਆਂ ਚਾਲਾਂ ਤੋਂ ਜਾਣੂ ਸੀ। ਉਸਨੂੰ ਆਪਣੇ 'ਤੇ ਉਨ੍ਹਾਂ ਦਾ ਖ਼ਤਰਾ ਮੰਡਰਾ ਰਿਹਾ ਮਹਿਸੂਸ ਹੋ ਰਿਹਾ ਸੀ ਕਿਉਂਕਿ ਮਹਾਰਾਜੇ ਦੇ ਦ੍ਰਿੜ ਇਰਾਦੇ ਨੂੰ ਦੇਖਦੇ ਹੋਏ ਬ੍ਰਿਟਿਸ਼ ਸਰਕਾਰ ਕਿਸੇ ਵੇਲੇ ਵੀ ਕਸੂਰ, ਮੁਲਤਾਨ ਅਤੇ ਝੰਗ ਦੇ ਸ਼ਾਸਕਾਂ ਨੂੰ ਸੁਰੱਖਿਆ ਦੇ ਸਕਦੀ ਸੀ। ਇਸ ਨੂੰ ਧਿਆਨ ਵਿਚ ਰੱਖਦਿਆਂ ਹੀ ਮਹਾਰਾਜੇ ਨੇ 25 ਮਾਰਚ, 1809 ਨੂੰ ਅੰਮ੍ਰਿਤਸਰ ਸੰਧੀ ਕਰਨ ਦੀ ਅਕਲਮੰਦੀ ਕੀਤੀ। ਇਸ ਸੰਧੀ ਦੀਆਂ ਕੁਝ ਪ੍ਰਮੁੱਖ ਸ਼ਰਤਾਂ ਸਨ :

ਬ੍ਰਿਟਿਸ਼ ਸਰਕਾਰ ਤੇ ਲਾਹੌਰ ਦਰਬਾਰ ਵਿਚ ਸਥਾਈ ਮਿੱਤਰਤਾ ਕਾਇਮ ਰਹੇਗੀ। ਲਾਹੌਰ ਰਾਜ ਨੂੰ ਸਭ ਤੋਂ ਵੱਧ ਨਿਵਾਜਿਆ ਜਾਵੇਗਾ ਤੇ ਬ੍ਰਿਟਿਸ਼ ਸਰਕਾਰ ਸਤਲੁਜ ਦਰਿਆ ਦੇ ਉੱਤਰ ਵਿਚ ਮਹਾਰਾਜੇ ਦੇ ਇਲਾਕਿਆਂ ਤੇ ਜਨਤਾ ਨਾਲ ਕੋਈ ਸਰੋਕਾਰ ਨਹੀਂ ਰੱਖੇਗੀ।

ਦਰਿਆ ਸਤਲੁਜ ਦੇ ਖੱਬੇ ਕੰਢੇ ਆਪਣੇ ਅਧੀਨ ਪੈਂਦੇ ਇਲਾਕਿਆਂ ਵਿਚ ਮਹਾਰਾਜਾ ਕੇਵਲ ਓਨੀ ਫੌਜ ਹੀ ਰੱਖੇਗਾ ਜਿੰਨੀ ਇਲਾਕੇ ਦੀਆਂ ਅੰਦਰੂਨੀ ਲੋੜਾਂ ਨੂੰ ਪੂਰਿਆਂ ਕਰਨ ਲਈ ਜ਼ਰੂਰੀ ਹੋਵੇਗੀ ਤੇ ਪਾਰਲੇ ਇਲਾਕਿਆਂ ਵਿਚ ਕੋਈ ਦਖਲ ਨਹੀਂ ਦੇਵੇਗਾ।

ਦੋਹਾਂ ਵਿਚੋਂ ਕਿਸੇ ਵੀ ਰਾਜ ਦੁਆਰਾ ਉਪਰੋਕਤ ਧਰਾਵਾਂ ਜਾਂ ਮਿੱਤਰਤਾ ਦੀ ਉਲੰਘਣਾ ਦੀ ਸੂਰਤ ਵਿੱਚ ਇਸ ਸੰਧੀ ਨੂੰ ਰੱਦ ਸਮਝਿਆ ਜਾਵੇਗਾ।

ਪਰ ਇਹ ਵੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਅੰਤ ਬ੍ਰਿਟਿਸ਼ ਸਰਕਾਰ ਨੇ ਹੀ ਇਸ ਸੰਧੀ ਨੂੰ ਤੋੜ ਕੇ ਪੰਜਾਬ 'ਤੇ ਜਬਰੀ ਕਬਜ਼ਾ ਕੀਤਾ।

ਆਪਣੀ ਬਣਾਈ ਇਸ ਵੱਡ-ਆਕਾਰੀ ਸਲਤਨਤ ਨੂੰ ਕਾਇਮ ਰੱਖਣ ਲਈ ਉਹ ਅੰਤਮ ਸਵਾਸਾਂ ਤਕ ਲੜਦਾ ਰਿਹਾ ਪਰ ਉਹਦੇ ਦਰਬਾਰ ਵਿਚ ਜਿਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਦਾ ਮੁੱਢ ਬੱਝ ਚੁੱਕਾ ਸੀ ਉਨ੍ਹਾਂ ਨੂੰ ਠੱਲ ਪਾਉਣ ਵਿਚ ਉਹ ਕਾਮਯਾਬ ਨਹੀਂ ਹੋ ਸਕਿਆ। ਉਹਦੇ ਸਾਹਮਣੇ ਤਿੰਨ ਤਰ੍ਹਾਂ ਦੀਆਂ ਚੁਣੌਤੀਆਂ ਸਨ। ਇਕ ਤਾਂ ਉਹਦੇ ਪੁੱਤਰਾਂ ਵਿਚ ਗੱਦੀ ਦੇ ਵਾਰਸ ਬਣਨ ਲਈ ਹੋੜ ਲੱਗੀ ਹੋਈ ਸੀ। ਦੂਸਰਾ ਦਰਬਾਰੀ ਤੇ ਡੋਗਰੇ ਸਰਦਾਰ ਗੱਦੀ ਹੜੱਪਣ ਤੇ ਸਰਕਾਰੀ ਖ਼ਜ਼ਾਨੇ 'ਤੇ ਕਬਜ਼ੇ ਕਰਨ ਲਈ ਅੰਗਰੇਜ਼ਾਂ ਨਾਲ ਗੰਢ ਤੁੱਪ ਕਰ ਰਹੇ ਸਨ ਤੀਜਾ ਅੰਗਰੇਜ਼ ਇਨ੍ਹਾਂ ਸਾਰਿਆਂ ਤੋਂ ਉਪਰ ਚਾਰੋਂ ਤਰਫੋਂ ਖ਼ਾਲਸਾ ਦਰਬਾਰ ਨੂੰ ਚਿੱਤ ਕਰਨ ਦੇ ਮਨਸੂਬੇ ਘੜੀ ਬੈਠੇ ਸਨ।

ਓਧਰ ਮਹਾਰਾਜੇ ਦੀ ਸਿਹਤ ਡਿੱਗਦੀ ਜਾ ਰਹੀ ਸੀ ਤੇ ਮਹਾਰਾਜੇ ਦੇ ਫੌਲਾਦੀ ਸਰੀਰ ਨੂੰ ਬਿਮਾਰੀ ਖੋਖਲਾ ਕਰਦੀ ਜਾ ਰਹੀ ਸੀ। ਅਪ੍ਰੈਲ 1839 ਵਿੱਚ ਤੇਜ਼ ਬੁਖਾਰ ਕਰਕੇ ਮਹਾਰਾਜੇ ਦਾ ਜਲੋਧਰ ਰੋਗ ਵਧ ਗਿਆ ਤੇ ਦਵਾਈਆਂ ਦਾ ਅਸਰ ਖ਼ਤਮ ਹੋਣ ਲੱਗਾ। ਇੰਜ ਲੱਗਣ ਲੱਗ ਪਿਆ ਸੀ ਜਿਵੇਂ ਇਕ ਵਿਸ਼ਾਲ ਰੰਗਮੰਚ ਦੇ ਪਿਛੋਕੜ ਵਿੱਚ ਇਕ ਵੱਡੀ ਸਲਤਨਤ ਡਗਮਗਾ ਰਹੀ ਹੋਵੇ ਤੇ ਪਰਦਾ ਡਿੱਗਣ ਵਾਲਾ ਹੋਵੇ। ਅੰਤ 27 ਜੂਨ 1839 ਨੂੰ ਇਸ ਰੰਗ ਮੰਚ 'ਤੇ ਪਰਦਾ ਡਿੱਗ ਪਿਆ ਤੇ ਇਸ ਤੋਂ ਬਾਅਦ ਤ੍ਰਾਸਦੀ ਦਾ ਇਕ ਲੰਬਾ ਇਤਿਹਾਸਕ ਦੌਰ ਸ਼ੁਰੂ ਹੋਇਆ ਜੋ ਅੱਜ ਤਕ ਰੰਗ ਮੰਚ 'ਤੇ ਖੇਡਿਆ ਜਾ ਰਿਹਾ ਹੈ।

**ਲਾਲ ਰੰਗ ਦਾ ਅਰਥ**

ਮਹਾਰਾਜੇ ਬਾਰੇ ਪ੍ਰਚੱਲਤ ਕਥਾ ਕਹਾਣੀਆਂ ਦੀ ਗੱਲ ਕਰਦਿਆਂ ਖ਼ੁਸ਼ਵੰਤ ਸਿੰਘ ਆਪਣੀ ਪ੍ਰਸਿੱਧ ਕਿਤਾਬ 'ਸਿੱਖ ਰਾਜ ਦਾ ਅੰਤ' ਦੇ ਮੁੱਢ ਵਿੱਚ ਲਿਖਦਾ ਹੈ- 'ਇਸ ਲਾਲ ਰੰਗ ਦਾ ਕੀ ਮਤਲਬ ਹੈ?' ਮਹਾਰਾਜਾ ਰਣਜੀਤ ਸਿੰਘ ਨੇ ਇਕ ਅੰਗਰੇਜ਼ ਨਕਸ਼ਾ ਨਵੀਸ ਤੋਂ ਪੁੱਛਿਆ ਜੋ ਉਹਨੂੰ ਹਿੰਦੋਸਤਾਨੀ ਨਕਸ਼ਾ ਵਿਖਾ ਰਿਹਾ ਸੀ।

'ਮਹਾਰਾਜ, ਲਾਲ ਰੰਗ ਉਸ ਇਲਾਕੇ ਨੂੰ ਦਰਸਾ ਰਿਹਾ ਹੈ ਜਿੱਥੇ ਅੰਗਰੇਜ਼ਾਂ ਦਾ ਰਾਜ ਹੈ।' ਮਹਾਰਾਜੇ ਨੇ ਸਾਰੇ ਨਕਸ਼ੇ ਨੂੰ ਆਪਣੀ ਇਕੋ ਅੱਖ ਨਾਲ ਨਿਹਾਰਦਿਆਂ ਧਿਆਨ ਨਾਲ ਵੇਖਿਆ ਤੇ ਜਾਣਿਆ ਕਿ ਸਿਰਫ਼ ਪੰਜਾਬ ਨੂੰ ਛੱਡ ਕੇ ਬਾਕੀ ਸਾਰਾ ਹਿੰਦੋਸਤਾਨ ਲਾਲ ਹੋਇਆ ਪਿਆ ਹੈ। ਉਹ ਕੁਝ ਦੇਰ ਰੁਕ ਕੇ ਸੋਚਦਾ ਰਿਹਾ ਤੇ ਫਿਰ ਦਰਬਾਰੀਆਂ ਵੱਲ ਮੂੰਹ ਕਰ ਕੇ ਕਿਹਾ ਕਿ 'ਇਕ ਦਿਨ ਇਹ ਸਾਰਾ ਲਾਲ ਹੋ ਜਾਏਗਾ।' ਇਸ ਤੋਂ ਸਪਸ਼ਟ ਹੈ ਕਿ ਮਹਾਰਾਜਾ ਅੰਗਰੇਜ਼ਾਂ ਦੀਆਂ ਕੁਟਿਲ ਨੀਤੀਆਂ ਤੋਂ ਜਾਣੂੰ ਸੀ। ਇਹ ਨਹੀਂ ਕਿ ਉਹ ਕਮਜ਼ੋਰ ਬਾਦਸ਼ਾਹ ਸੀ ਪਰ ਜਿਹੋ ਜਿਹੇ ਹਾਲਾਤ ਬਣਦੇ ਜਾ ਰਹੇ ਸਨ ਉਹ ਪੰਜਾਬ ਲਈ ਬਹੁਤੇ ਸਾਜਗਾਰ ਨਹੀਂ ਸਨ। ਉਹਦੀ ਚੜ੍ਹਤ ਅਤੇ ਬਾਦਸ਼ਾਹੀ ਦੇ ਵਰ੍ਹੇ ਪੰਜਾਬ ਹੀ ਨਹੀਂ ਦੁਨੀਆ ਦੇ ਇਤਿਹਾਸ ਵਿਚ ਸੁਨਹਿਰੀ ਝਾਲ ਵਾਲੇ ਹਨ।

ਸ਼ਹਾਦਤ 'ਤੇ ਵਿਸ਼ੇਸ਼

# ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਦਾ ਸ਼ਹੀਦੀ ਸਾਕਾ



ਪ੍ਰੋ ਦੇਵਿੰਦਰ ਸਿੰਘ
ਹਿਸਟਰੀਅਨ
98158-80539
ਸਾਬਕਾ ਪ੍ਰੋਫੈਸਰ ਅਤੇ ਮੁਖੀ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਸੰਬਰ, 1715 ਤੋਂ ਲੈ ਕੇ ਜੂਨ, 1716 ਈ. ਤੱਕ ਮੁਗ਼ਲ ਸਾਮਰਾਜ ਦਾ ਸਾਰਾ ਧਿਆਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਤਸੀਹੇ ਦੇਣ ਵਿੱਚ ਅਤੇ ਮਾਰਨ ਵਿੱਚ ਹੀ ਲੱਗਿਆ ਰਿਹਾ। ਪਰ ਮੁਗ਼ਲ ਸਾਮਰਾਜ ਨੂੰ ਕਾਮਯਾਬੀ ਇਥੇ ਵੀ ਨਹੀਂ ਮਿਲੀ। ਆਖਰ ਤਸੀਹੇ ਦੇ ਕੇ ਜਦੋਂ ਸਿੰਘਾਂ ਦੇ ਸਰੀਰਾਂ ਦੀਆਂ ਹੱਡੀਆਂ-ਪਸਲੀਆਂ ਤੋੜ ਦਿੱਤੀਆਂ ਜਾ ਚੁੱਕੀਆਂ ਸਨ ਤਾਂ ਕਿਤੇ ਜਾ ਕੇ ਮੁਗ਼ਲ ਅਧਿਕਾਰੀ ਤਸੀਹੇ ਦੇਣੋਂ ਹਟੇ। ਕਿਉਂਕਿ ਇਸ ਤੋਂ ਵੱਧ ਹੋਰ ਤਸੀਹੇ ਦਿੱਤੇ ਹੀ ਨਹੀਂ ਜਾ ਸਕਦੇ ਸਨ।

ਇਹ ਗੱਲਾਂ ਇਸੇ ਹੀ ਇੱਕ ਤੱਥ ਤੋਂ ਸਾਬਤ ਹੋ ਜਾਂਦੀਆਂ ਹਨ ਕਿ ਜਦੋਂ ਬੰਦਾ ਸਿੰਘ ਬਹਾਦਰ ਨੂੰ ਤਿਰਪੋਲੀਆ ਕਿਲ੍ਹੇ 'ਚੋਂ ਕੱਢ ਕੇ ਮਹਿਰੌਲੀ ਵਿੱਚ ਕੁਤਬਦੀਨ ਬਖ਼ਤਿਆਰ ਕਾਕੀ ਦੀ ਮਜ਼ਾਰ ਨੇੜੇ ਲਿਆਂਦਾ ਗਿਆ ਸੀ ਤਾਂ ਬੰਦਾ ਸਿੰਘ ਬਹਾਦਰ ਨੂੰ ਚੁੱਕ ਕੇ ਹਾਥੀ ਦੇ ਹੌਦੇ ਵਿੱਚ ਬਿਠਾਇਆ ਗਿਆ ਸੀ, ਚੁੱਕ ਕੇ ਹੀ ਉਸ ਨੂੰ ਹਾਥੀ ਦੇ ਹੌਦੇ 'ਚੋਂ ਉਤਾਰਿਆ ਗਿਆ ਸੀ ਅਤੇ ਚੁੱਕ ਕੇ ਹੀ ਉਸ ਨੂੰ ਮਜ਼ਾਰ ਦੇ ਆਲੇ-ਦੁਆਲੇ ਘੁਮਾਇਆ ਗਿਆ ਸੀ। ਇਹੀ ਹਾਲ ਬਾਕੀ ਦੇ ਸੀਨੀਅਰ ਸਿੰਘਾਂ ਦਾ ਸੀ। ਬੰਦਾ ਸਿੰਘ ਬਹਾਦਰ ਦੀ ਪਤਨੀ ਅਤੇ ਨੰਨ੍ਹਾ ਪੁੱਤਰ ਅਜੈ ਸਿੰਘ ਵੀ ਇਥੇ ਹੀ ਲਿਆਂਦੇ ਗਏ ਸਨ।

ਮਹਿਰੌਲੀ (ਦਿੱਲੀ) ਵਿੱਚ ਜਿਥੇ ਕੁਤਬਦੀਨ ਬਖ਼ਤਿਆਰੀ ਕਾਕੀ ਦੀ ਮਜ਼ਾਰ ਹੈ, ਉਸ ਤੋਂ ਕੁਝ ਵਿੱਥ 'ਤੇ ਇੱਕ ਬੜਾ ਉੱਚਾ ਦਰਸ਼ਨੀ ਦਰਵਾਜ਼ਾ ਸੀ। ਜਦੋਂ ਵੀ ਕੋਈ ਬਾਦਸ਼ਾਹ ਇਸ ਮਜ਼ਾਰ 'ਤੇ ਸਿਜਦਾ ਕਰਨ ਆਉਂਦਾ ਸੀ ਤਾਂ ਉਸ ਦਾ ਹਾਥੀ ਇਥੇ ਦਰਸ਼ਨੀ ਦਰਵਾਜ਼ੇ ਹੇਠ ਆ ਖੜ੍ਹੋਂਦਾ ਸੀ। ਇਥੋਂ ਬਾਦਸ਼ਾਹ ਉੱਤਰ ਕੇ ਅੱਗੇ ਮਜ਼ਾਰ 'ਤੇ ਮੱਥਾ ਟੇਕਣ ਜਾਂਦਾ ਸੀ। ਇਹ ਦਰਵਾਜ਼ਾ ਇੰਨਾ ਉੱਚਾ ਸੀ ਕਿ ਹਾਥੀ ਸਮੇਤ ਹੌਦੇ ਦੇ ਹੀ ਇਸ ਦੇ ਹੇਠਾਂ ਆ ਖੜ੍ਹੋਂਦਾ ਸੀ। ਇਹ ਦਰਵਾਜ਼ਾ ਹੁਣ ਵੀ ਬਿਨਾਂ ਛੱਤ ਤੋਂ ਖੜ੍ਹਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਬਾਕੀ ਕਾਫ਼ਲੇ ਦੇ ਨਾਲ ਇਥੇ ਲਿਆਂਦਾ ਗਿਆ। ਹਾਥੀ ਨੂੰ ਬਿਠਾ ਕੇ ਬੰਦਾ ਸਿੰਘ ਨੂੰ ਚੁੱਕ ਕੇ ਹੌਦੇ ਵਿੱਚੋਂ ਉਤਾਰਿਆ ਗਿਆ। ਉਸ ਦੇ ਹੱਥ ਵਿੱਚ ਇੱਕ ਸੋਟੀ ਫੜਾਈ ਗਈ। ਕੁਝ ਇੱਕ ਅਧਿਕਾਰੀਆਂ ਨੇ ਉਸ ਨੂੰ ਦੋਵੇਂ ਮੋਢਿਆਂ ਤੋ ਫੜਿਆ ਹੋਇਆ ਸੀ। ਪਹਿਲਾਂ ਉਸ ਦੇ ਕੁਝ ਗੇੜੇ ਬਖ਼ਤਿਆਰ ਕਾਕੀ ਦੀ ਮਜ਼ਾਰ ਦੇ ਦੁਆਲੇ ਕਢਾਏ ਗਏ, ਫਿਰ ਬਹਾਦਰ ਸ਼ਾਹ ਦੀ ਮਜ਼ਾਰ ਦੇ ਦੁਆਲੇ ਕੁਝ ਗੇੜੇ ਕਢਵਾਏ ਗਏ। ਉਸ ਦੇ ਸਾਹਮਣੇ ਉਸ ਦੇ ਪੁੱਤਰ ਅਤੇ ਪਤਨੀ ਨੂੰ ਬਿਠਾਇਆ ਗਿਆ। ਪਹਿਲਾਂ ਉਸ ਦੇ ਸੀਨੀਅਰ ਸਾਥੀਆਂ ਨੂੰ ਇੱਕ-ਇੱਕ ਕਰਕੇ ਦਰਵਾਜ਼ੇ ਨਾਲ ਪੁੱਠੇ ਲਮਕਾ-ਲਮਕਾ ਕੇ ਕੁੱਟਿਆ ਗਿਆ ਤੇ ਫਿਰ ਉਨ੍ਹਾਂ ਦੇ ਸਿਰ ਕਤਲ ਕੀਤੇ ਗਏ।

ਇਸ ਸਮੇਂ ਦਾ ਇਕ ਵਾਕਿਆ ਭਾਈ ਬਾਜ ਸਿੰਘ ਨਾਲ ਸਬੰਧਿਤ ਹੈ। ਕਿਹਾ ਜਾਂਦਾ ਹੈ ਕਿ ਜਦੋਂ ਇਸ ਦੀ ਵਾਰੀ ਆਈ ਤਾਂ ਇਸ ਨੂੰ ਇੱਕ ਮੁਗ਼ਲ ਅਧਿਕਾਰੀ ਨੇ ਮਿਹਣਾ ਮਾਰਿਆ, "ਤੈਨੂੰ ਤਾਂ ਬੜਾ ਬਲਵਾਨ ਸੁਣੀਂਦਾ ਸੀ। ਕੀ ਹੁਣ ਵੀ ਤੂੰ ਉਹ ਬਹਾਦਰੀ ਦਿਖਾ ਸਕਦਾ ਹੈ?" ਬਾਜ ਸਿੰਘ ਬੇੜੀਆਂ ਵਿੱਚ ਬੰਨ੍ਹਿਆ ਹੋਇਆ ਸੀ। ਉਸ ਨੇ ਕਿਹਾ, "ਜੇ ਬਹਾਦਰੀ ਦੇਖਣੀ ਹੈ ਤਾਂ ਇਨ੍ਹਾਂ ਬੇੜੀਆਂ ਨੂੰ ਖੋਹਲ ਕੇ ਦੇਖੋ।" ਉਸ ਮੁਗ਼ਲ ਅਧਿਕਾਰੀ ਨੇ ਬੇੜੀਆਂ ਖੋਲ੍ਹ ਦਿੱਤੀਆਂ। ਬੇੜੀਆਂ ਖੋਲ੍ਹਣ ਦੀ ਹੀ ਦੇਰ ਸੀ ਕਿ ਬਾਜ ਸਿੰਘ ਨੇ ਝਪਟ ਕੇ ਉਸੇ ਅਧਿਕਾਰੀ ਨੂੰ ਹੇਠਾਂ ਸੁੱਟ ਲਿਆ। ਬੜੀ ਮੁਸ਼ਕਲ ਨਾਲ ਬਾਜ ਸਿੰਘ ਨੂੰ ਕਾਬੂ ਕਰਕੇ ਉਸ ਨੂੰ ਕੁੱਟ-ਕੁੱਟ ਕੇ ਅੱਧ-ਮਰਿਆ ਕਰ ਦਿੱਤਾ ਗਿਆ। ਬਾਅਦ ਵਿੱਚ ਉਸ ਦਾ ਸਿਰ ਕਤਲ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਉਂ ਇੱਕ-ਇੱਕ ਕਰਕੇ ਬੰਦਾ ਸਿੰਘ ਦੇ ਸਾਰੇ ਦੇ ਸਾਰੇ ਸਾਥੀ ਉਸ ਦੇ ਸਾਹਮਣੇ ਕੋਹ-ਕੋਹ ਕੇ ਮਾਰੇ ਗਏ। ਸ਼ਹੀਦ ਹੋਣ ਵਾਲੇ ਇਨ੍ਹਾਂ 17 ਸੀਨੀਅਰ ਸਾਥੀ ਸਿੰਘਾਂ ਦੇ ਪੂਰੇ ਨਾਂ ਨਹੀਂ ਮਿਲ ਸਕੇ। ਪਰ ਜਿਹੜੇ ਹੁਣ ਤੱਕ ਮਿਲੇ ਹਨ ਉਹ ਇਉਂ ਹਨ: ਭਾਈ ਬਾਜ ਸਿੰਘ, ਭਾਈ ਰਾਮ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਫ਼ਤਹਿ ਸਿੰਘ, ਭਾਈ ਹਰਿਦਾਸ ਸਿੰਘ ਰਾਮਗੜ੍ਹੀਆ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ ਰਾਮਗੜ੍ਹੀਆ, ਭਾਈ ਗੁਰਦਾਸ ਸਿੰਘ ਬਹਿਲੋ ਕਾ, ਭਾਈ ਮੱਲ ਸਿੰਘ ਜਰਗ ਦਾ, ਭਾਈ ਜੰਗ ਸਿੰਘ ਬਨੂੜ ਦਾ, ਭਾਈ ਸੰਗਤ ਸਿੰਘ ਬੰਗੇਸਰੀ, ਭਾਈ ਚੂਹੜ ਸਿੰਘ ਵਣਜਾਰਾ ਆਦਿ।

ਇਹ ਸਾਰਾ ਕੁਝ ਇਹਤਮਾਦ-ਉਦ-ਦੌਲਾ ਅਮੀਨ ਖਾਨ ਚੀਨ ਬਹਾਦਰ ਦੀ ਮੌਜੂਦਗੀ ਵਿੱਚ ਹੋ ਰਿਹਾ ਸੀ। ਬੰਦਾ ਸਿੰਘ ਮੁੱਢ ਤੋਂ ਲੈ ਕੇ ਅਖੀਰਲੇ-ਇਸ ਸਮੇਂ ਤੱਕ, ਇਸੇ ਅਧਿਕਾਰੀ ਦੀ ਹੀ ਸਪੁਰਦਗੀ ਵਿੱਚ ਸੀ। ਬੰਦਾ ਸਿੰਘ ਦੇ ਸਾਹਮਣੇ ਕਾਜ਼ੀ ਆਇਆ। ਉਸ ਨੇ ਸ਼ਰ੍ਹਾ ਦਾ ਹੁਕਮ ਦੱਸਦਿਆਂ ਕਿਹਾ, "ਇਸ ਦੋਜਖ਼ੀ ਨੇ ਮੁਸਲਮਾਨਾਂ ਦੇ ਹਜ਼ਾਰਾਂ ਬੱਚੇ ਮਾਰੇ ਹਨ ਇਸ ਲਈ ਇਸ ਦੇ ਬੱਚੇ ਨੂੰ ਇਸ ਦੀ ਗੋਦ ਵਿੱਚ ਬਿਠਾ ਕੇ ਜ਼ਿਬਾਹ ਕੀਤਾ ਜਾਵੇ। ਹਾਂ ਇਸ ਨੂੰ ਇਸ ਗੱਲ ਦੀ ਛੋਟ ਦਿੱਤੀ ਜਾ ਸਕਦੀ ਹੈ ਕਿ ਜੇ ਇਹ ਖ਼ੁਦ ਆਪਣੇ ਬੱਚੇ ਨੂੰ ਮਾਰਨਾ ਚਾਹੇ ਤਾਂ ਕਿਸੇ ਵੀ ਤਰੀਕੇ ਨਾਲ ਮਾਰ ਸਕਦਾ ਹੈ।"ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਵਿੱਚ ਛੁਰਾ ਫੜਾਇਆ ਗਿਆ। ਬੱਚਾ ਉਸ ਦੀ ਗੋਦ ਵਿੱਚ ਬਿਠਾਇਆ ਗਿਆ। ਇਹ ਹਕੂਮਤ ਦਾ ਅਖੀਰਲਾ ਵਾਰ ਸੀ। ਉਹ ਹਰ ਹਾਲਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਡੁਲਾਉਣਾ ਚਾਹੁੰਦੀ ਸੀ। ਮਾਸੂਮ ਬੱਚੇ ਨੂੰ ਮਾਰਨ ਦਾ ਕੋਈ ਮਤਲਬ ਹੀ ਨਹੀਂ ਸੀ ਬਣਦਾ। ਇਹ ਸਿਰਫ਼ ਬਾਬਾ ਬੰਦਾ ਸਿੰਘ ਬਹਾਦਰ ਤੋਂ ਈਨ ਮਨਵਾਉਣ ਖ਼ਾਤਰ ਹੀ ਕੀਤਾ ਗਿਆ ਸੀ। ਹੁਕਮ ਕੀਤਾ ਗਿਆ ਕਿ ਉਹ ਆਪਣੇ ਬੱਚੇ ਨੂੰ ਆਪ ਹੀ ਮਾਰੇ। ਬਾਬਾ ਬੰਦਾ ਸਿੰਘ ਬਹਾਦਰ ਨੇ ਜਵਾਬ ਦਿੱਤਾ, "ਜੇ ਬੱਚੇ ਨੂੰ ਮਾਰਨਾ ਹੀ ਹੈ ਤਾਂ ਤੁਸੀਂ ਖੁਦ ਹੀ ਮਾਰੋ ਤਾਂ ਕਿ ਸੰਸਾਰ ਨੂੰ ਪਤਾ ਲੱਗ ਸਕੇ ਕਿ ਇਸਲਾਮ ਬੱਚਿਆਂ ਨੂੰ ਵੀ ਕਤਲ ਦੀ ਸਜ਼ਾ ਦਿੰਦਾ ਹੈ।" ਫਲਸਰੂਪ ਬੱਚੇ ਨੂੰ ਜਲਾਦ ਨੇ ਹਲਾਲ ਕਰਕੇ ਕਤਲ ਕਰ ਦਿੱਤਾ। ਬੱਚੇ ਦਾ ਤੜਫਦਾ ਹੋਇਆ ਦਿਲ ਕੱਢਿਆ ਗਿਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਸ਼ਾਂਤ-ਚਿਤ ਗੁਰੂ ਦੀ ਬਾਣੀ ਦਾ ਪਾਠ ਕਰਦਾ ਹੋਇਆ ਸਭ ਸਹਿਣ ਕਰ ਰਿਹਾ ਸੀ।



ਇਸ ਤੋਂ ਵੱਡਾ ਵਾਰ ਬਾਬਾ ਬੰਦਾ ਸਿੰਘ ਬਹਾਦਰ ਉਪਰ ਹੋਰ ਕੋਈ ਨਹੀਂ ਹੋ ਸਕਦਾ ਸੀ ਪਰ ਉਹ ਇਸ ਵਾਰ ਨੂੰ ਵੀ ਝੱਲ ਗਿਆ। ਉਧਰ ਬਾਦਸ਼ਾਹ ਪਲ-ਪਲ ਦੀ ਖ਼ਬਰ ਰੱਖ ਰਿਹਾ ਸੀ। ਉਹ ਪੁੱਛ ਰਿਹਾ ਸੀ ਕਿ ਬਾਬਾ ਬੰਦਾ ਸਿੰਘ ਮੁਸਲਮਾਨ ਬਣਨਾ ਮੰਨਿਆ ਹੈ ਕਿ ਨਹੀਂ। ਉਸ ਨੂੰ ਦੱਸਿਆ ਗਿਆ ਕਿ ਬਾਬਾ ਬੰਦਾ ਸਿੰਘ ਤਾਂ ਆਪਣੇ ਪੁੱਤਰ ਦੇ ਮਾਰੇ ਜਾਣ 'ਤੇ ਵੀ ਉਸੇ ਤਰ੍ਹਾਂ ਅੜਿਆ ਬੈਠਾ ਹੈ। ਕਿਹਾ ਜਾਂਦਾ ਹੈ ਕਿ ਬਾਦਸ਼ਾਹ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਖੁਦ ਮਿਲਣ ਦੀ ਇੱਛਾ ਪ੍ਰਗਟ ਕੀਤੀ ਕਿਉਂਕਿ ਉਹ ਸਮਝਦਾ ਸੀ ਕਿ ਜਿਹੜਾ ਵਿਅਕਤੀ ਆਪਣੇ ਪੁੱਤਰ ਦੀ ਮੌਤ ਨੂੰ ਵੀ ਸਹਿਣ ਕਰ ਗਿਆ ਹੈ ਉਹ ਸੱਚਮੁੱਚ ਹੀ ਆਪਣੇ ਵਿਸ਼ਵਾਸ ਦਾ ਪੱਕਾ ਹੈ। ਬਾਦਸ਼ਾਹ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਗੱਲਾਂ ਕਰਨ ਦਾ ਮਨ ਬਣਾਇਆ। ਬਾਦਸ਼ਾਹ ਉੱਥੇ ਪਹੁੰਚਿਆ ਅਤੇ ਬੰਦਾ ਸਿੰਘ ਬਹਾਦਰ ਨੂੰ ਪੁੱਛਿਆ," 'ਆਖਰ ਤੂੰ ਚਾਹੁੰਦਾ ਕੀ ਹੈਂ? ਤੂੰ ਇਤਨਾ ਹੱਠ ਕਿਸ ਲਈ ਦਿਖਾ ਰਿਹਾ ਹੈਂ? ਕੀ ਤੈਨੂੰ ਨਹੀਂ ਪਤਾ ਕਿ ਤੇਰੇ ਪੁੱਤਰ ਨੂੰ ਮਾਰ ਦਿੱਤਾ ਗਿਆ ਹੈ? ਅਤੇ ਤੈਨੂੰ ਵੀ ਮਾਰ ਦਿੱਤਾ ਜਾਣਾ ਹੈ।" ਬਾਬਾ ਬੰਦਾ ਸਿੰਘ ਬਹਾਦਰ ਨੇ ਜਵਾਬ ਦਿੱਤਾ, "ਇਸ ਗੱਲ ਦਾ ਮੈਨੂੰ ਉਸ ਸਮੇਂ ਹੀ ਪਤਾ ਸੀ ਜਦੋਂ ਮੈਂ ਆਪਣੇ ਗੁਰੂ ਦਾ ਹੁਕਮ ਮੰਨ ਕੇ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਤੁਰਿਆ ਸੀ। ਮੇਰਾ ਕੁਝ ਨਹੀਂ ਹੈ। ਸਭ ਕੁਝ ਮੇਰੇ ਗੁਰੂ ਦਾ ਹੈ। ਮੈਂ ਵੀ ਆਪਣੇ ਗੁਰੂ ਦੀ ਅਮਾਨਤ ਹਾਂ। ਜਦੋਂ ਤੱਕ ਮੇਰੇ ਵਿੱਚ ਤਾਕਤ ਸੀ ਮੈਂ ਲੜਦਾ ਰਿਹਾ ਹਾਂ। ਅੱਜ ਮੇਰੇ 'ਚ ਲੜਨ ਦੀ ਤਾਕਤ ਨਹੀਂ ਹੈ ਪਰ ਮੈਂ ਮਰ ਤਾਂ ਸਕਦਾ ਹਾਂ। ਤੁਸੀਂ ਮੇਰੇ ਵਿਸ਼ਵਾਸ ਨੂੰ ਨਹੀਂ ਤੋੜ ਸਕਦੇ।" ਬਾਦਸ਼ਾਹ ਇਹ ਸੁਣ ਕੇ ਨਿਰਉੱਤਰ ਹੋ ਗਿਆ ਸੀ।

ਮੁਹੰਮਦ ਅਮੀਨ ਖਾਨ ਲਗਾਤਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਨੇੜੇ ਰਿਹਾ ਸੀ। ਉਹ ਬੰਦਾ ਸਿੰਘ ਨਾਲ ਕੁਝ ਲੜਾਈਆਂ ਵੀ ਲੜ ਚੁੱਕਿਆ ਸੀ। ਉਹ ਵੀ ਇਸ ਸਥਿਤੀ ਤੋ ਡਾਵਾਂਡੋਲ ਹੋ ਗਿਆ ਸੀ। ਮਾਸੂਮ ਬੱਚੇ ਦੀ ਮੌਤ ਨੇ ਉਸ ਸਥਿਤੀ ਨੂੰ ਗੰਭੀਰਤਾ ਵਾਲੀ ਬਣਾ ਦਿੱਤਾ ਸੀ। ਉਥੇ ਖੜਾ ਹਰ ਅਧਿਕਾਰੀ ਚੁੱਪ ਸੀ ਅਤੇ ਗੰਭੀਰ ਸੀ। ਉਹ ਸਾਰੇ ਬਾਬਾ ਬੰਦਾ ਸਿੰਘ ਬਹਾਦਰ ਦੇ ਇਸ ਅੰਤਿਮ ਸਮੇਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਸੁਣ ਰਹੇ ਸਨ।

ਜੇ ਕਾਜ਼ੀ, ਬਾਦਸ਼ਾਹ ਅਤੇ ਅਮੀਨ ਖਾਨ ਨੂੰ ਨਾ ਟੋਕਦਾ ਤਾਂ ਸ਼ਾਇਦ ਹੋਰ ਵੀ ਗੰਭੀਰ ਗੱਲਾਂ ਹੁੰਦੀਆਂ। ਕਾਜ਼ੀ ਨੇ ਗੱਲਾਂ ਨੂੰ ਕੱਟਦਿਆਂ ਕਿਹਾ, "ਕਾਫ਼ਰ ਨਾਲ ਬਹਿਸ ਵਿੱਚ ਪੈਣ ਦਾ ਕੋਈ ਫਾਇਦਾ ਨਹੀਂ ਹੈ ਇਸ ਨੂੰ ਮਾਰ ਦਿਓ।"ਬਾਬਾ ਬੰਦਾ ਸਿੰਘ ਬਹਾਦਰ ਨੇ ਕਾਜ਼ੀ ਨੂੰ ਕਾਫੀ ਕੁਝ ਬੁਰਾ-ਭਲਾ ਬੋਲਿਆ ਸੀ। ਇਸ 'ਤੇ ਕਾਜ਼ੀ ਨੇ ਕਿਹਾ ਕਿ ਇਸ ਕਾਫਰ ਦੀ ਜ਼ਬਾਨ ਬਹੁਤ ਚਲਦੀ ਹੈ। ਇਸ ਕਰਕੇ ਇਸ ਦੀ ਜੀਭ ਕੱਟ ਦਿੱਤੀ ਜਾਵੇ। ਜੀਭ ਕੱਟ ਦਿੱਤੀ ਗਈ। ਜਿਹੜਾ ਗੁੱਸਾ ਪਹਿਲਾਂ ਸ਼ਬਦਾਂ ਰਾਹੀਂ ਨਿਕਲਦਾ ਸੀ ਉਹ ਗੁੱਸਾ ਹੁਣ ਅੱਖਾਂ ਰਾਹੀਂ ਨਿਕਲਣਾ ਸ਼ੁਰੂ ਹੋ ਗਿਆ। ਜ਼ੁਬਾਨ ਬੰਦ ਹੋਣ 'ਤੇ ਬਾਬਾ ਬੰਦਾ ਸਿੰਘ ਦਾ ਖ਼ੂਨ ਅੱਖਾਂ ਵਿੱਚ ਉੱਤਰ ਆਇਆ ਸੀ। ਬੰਦਾ ਸਿੰਘ ਬਹਾਦਰ ਨੇ ਜਦੋਂ ਖ਼ੂਨ ਭਰੀਆਂ ਅੱਖਾਂ ਨਾਲ ਕਾਜ਼ੀ ਵੱਲ ਤੱਕਿਆ ਤਾਂ ਕਾਜ਼ੀ ਉਸ ਨਾਲ ਆਪਣੀਆਂ ਨਜ਼ਰਾਂ ਨਾ ਮਿਲਾ ਸਕਿਆ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਇਸ ਤਰ੍ਹਾਂ ਖ਼ੂਨ ਭਰੀਆਂ ਅੱਖਾਂ ਨਾਲ ਕਾਜ਼ੀ ਵੱਲ ਤੱਕਣ ਦਾ ਭਾਵ ਸੀ ਕਿ ਤੂੰ ਮੇਰੀ ਜ਼ੁਬਾਨ ਕੱਟ ਕੇ ਵੀ ਮੈਨੂੰ ਮੇਰੇ ਸਿਦਕ ਤੋਂ ਡੁਲਾ ਨਹੀਂ ਸਕਦਾ। ਕਾਜ਼ੀ ਬੰਦਾ ਸਿੰਘ ਬਹਾਦਰ ਵੱਲ ਹੋਰ ਨਹੀਂ ਦੇਖ ਸਕਿਆ। ਉਸ ਨੇ ਬਿਨਾਂ ਉਸ ਵੱਲ ਦੇਖਿਆਂ ਹੀ ਕਹਿ ਦਿੱਤਾ ਕਿ ਇਸ (ਬਾਕੀ ਸਫ਼ਾ 31 'ਤੇ)

# ਲਾਸਾਨੀ ਸ਼ਹੀਦ: ਬਾਬਾ ਬੰਦਾ ਸਿੰਘ ਬਹਾਦਰ

ਜਸਮੀਤ ਸਿੰਘ

ਅਠਾਰ੍ਹਵੀਂ ਸਦੀ ਵਿੱਚ ਮੁਗਲਾਂ ਦੇ ਅਤਿਆਚਾਰਾਂ ਵਿਰੁੱਧ ਸੰਘਰਸ਼ ਵਿੱਢਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਫਤਿਹ ਦੇ ਨਗਾਰੇ ਨਾਲ ਖਾਲਸਾਈ ਨਿਸ਼ਾਨ ਝੁਲਾਉਂਦਿਆਂ ਸਿੱਖ ਰਾਜ ਦੀ ਨੀਂਹ ਰੱਖੀ। ਸਿੰਘਾਂ ਦੀ ਇਸ ਜੇਤੂ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈਭੀਤ ਕਰ ਦਿੱਤਾ। ਹਰ ਪਾਸਿਓਂ ਸਿੰਘਾਂ ਦੀ ਜੇਤੂ ਮੁਹਿੰਮ ਨੇ ਮਾਨੋ ਮੁਗਲੀਆ ਸਲਤਨਤ ਦੇ ਥੰਮ ਥਿੜਕਾ ਦਿੱਤੇ। ਇਸ ਦਾ ਅਸਰ ਇਹ ਹੋਇਆ ਕਿ ਆਖ਼ਰ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਵੱਡੀ ਗਿਣਤੀ ਵਿੱਚ ਫੌਜ ਲੈ ਕੇ ਪੰਜਾਬ ਵੱਲ ਕੂਚ ਕੀਤਾ। ਦੂਸਰੇ ਪਾਸੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਾਥੀ ਸਿੰਘਾਂ ਅਤੇ ਖਾਲਸਾਈ ਫੌਜ ਸਮੇਤ ਲੋਹਗੜ੍ਹ ਕਿਲ੍ਹੇ ਵਿੱਚ ਟਿਕਾਣਾ ਕੀਤਾ ਅਤੇ ਪਹਾੜੀ ਰਾਜਿਆਂ ਵਿਰੁੱਧ ਫਤਿਹ ਦੀ ਮੁਹਿੰਮ ਵਿੱਢੀ। ਇਸ ਦੌਰਾਨ ਕਹਿਲੂਰ ਦੇ ਪਹਾੜੀ ਰਾਜੇ ਦੀ ਰਾਜਧਾਨੀ ਬਿਲਾਸਪੁਰ ਨੂੰ ਜਿੱਤਣ ਤੋਂ ਬਾਅਦ ਕੁੱਲੂ, ਨਾਹਨ ਅਤੇ ਹੋਰ ਪਹਾੜੀ ਰਾਜੇ ਸਿੱਖ ਫ਼ੌਜ ਦੀ ਸ਼ਰਨ ਹੇਠ ਆ ਗਏ। ਜਿਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਜੇਤੂ ਮੁਹਿੰਮ ਸਰ ਕਰਦਿਆਂ ਚੰਬੇ ਦੇ ਆਸ ਪਾਸ ਖ਼ੇਤਰ ਨੂੰ ਆਪਣੇ ਪੜਾਅ ਵਜੋਂ ਚੁਣਿਆ। ਦੂਸਰੇ ਪਾਸੇ 18 ਫਰਵਰੀ 1712 ਈ ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਤਦ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਾੜੀ ਰਸਤਿਆਂ ਰਾਹੀਂ ਜੰਮੂ ਤੋਂ ਪੰਜਾਬ ਵੱਲ ਆਉਣ ਦਾ ਨਿਸਚਾ ਕੀਤਾ। ਅਨੇਕਾਂ ਇਲਾਕਿਆਂ ਨੂੰ ਫਤਿਹ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਬਟਾਲਾ ਅਤੇ ਕਲਾਨੌਰ 'ਤੇ ਆਪਣਾ ਕਬਜ਼ਾ ਜਮਾਂ ਲਿਆ ਅਤੇ ਫਰੁਖਸੀਅਰ ਨਾਲ ਦੋ ਹੱਥ ਕਰਨ ਦੀ ਤਿਆਰੀ ਵਿੱਢੀ। ਦੂਸਰੇ ਪਾਸੇ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਤਖ਼ਤ 'ਤੇ ਬੈਠੇ ਫਰੁਖਸੀਅਰ ਨੇ ਆਪਣੇ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਤਕੜਾ ਘੇਰਾ ਪਾ ਲਿਆ। ਅਨੇਕਾਂ ਮਹੀਨੇ ਘੇਰਾਬੰਦੀ ਚਲਦੀ ਰਹੀ ਅਤੇ ਸਿੰਘ ਫਾਕੇ ਕੱਟਣ 'ਤੇ ਮਜਬੂਰ ਹੋ ਗਏ। ਰਸਦ, ਪਾਣੀ ਅਤੇ ਜੰਗੀ ਸਮਾਨ ਦੀ ਘਾਟ ਹੋ ਗਈ। ਆਖਰ 7 ਦਸੰਬਰ 1715 ਈ. ਨੂੰ ਸ਼ਾਹੀ ਫ਼ੌਜ ਨੇ ਗੜ੍ਹੀ ਪੁਰ ਕਬਜ਼ਾ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀਆਂ ਨੂੰ ਕੈਦ ਕਰ ਲਿਆ। ਬਾਬਾ ਬੰਦਾ ਸਿੰਘ ਬਹਾਦਰ ਅਤੇ ਲਗਭਗ 800 ਸਿੰਘਾਂ ਨੂੰ ਕੈਦ ਕਰ ਜਲੂਸ ਦੀ ਸ਼ਕਲ ਵਿੱਚ ਲਾਹੌਰ ਲਿਆਂਦਾ ਗਿਆ। ਇਥੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸੰਗਲਾਂ ਵਿੱਚ ਜਕੜ ਕੇ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਹਾਥੀ ਦੇ ਉੱਪਰ ਬਿਠਾ ਕੇ ਦਿੱਲੀ ਦੇ ਰਾਹੇ ਤੋਰਿਆ ਗਿਆ।



ਇਸ ਦਰਮਿਆਨ ਹਜ਼ਾਰਾਂ ਬੇਦੋਸ਼ੇ ਅਤੇ ਬੇਕਸੂਰੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਤਾਂ ਜੋ ਮੁਗਲੀਆ ਹਕੂਮਤ ਦਾ ਡਰ ਲੋਕ ਮਨਾਂ ਵਿੱਚ ਬਗਾਵਤ ਦੀ ਜੁਰਅੱਤ ਨਾ ਪੈਦਾ ਕਰ ਸਕੇ। 9 ਜੂਨ 1716 ਈ. ਨੂੰ ਜਦੋਂ ਸੂਰਜ ਸਿਖ਼ਰ ਉੱਤੇ ਆਪਣੀ ਤਪਸ਼ ਦਾ ਕਹਿਰ ਵਰਤਾ ਰਿਹਾ ਸੀ ਤਦ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਾਥੀਆਂ ਸਮੇਤ ਮੀਰ ਆਤਿਸ਼ ਅਤੇ ਸਰਬਰਾਹ ਖਾਨ ਦੀ ਨਿਗਰਾਨੀ ਹੇਠ ਦਿੱਲੀ ਦੇ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਹਾਥੀ ਤੋਂ ਉਤਾਰ ਕੇ ਜ਼ਮੀਨ ਤੇ ਬਿਠਾਇਆ ਗਿਆ ਅਤੇ ਫ਼ਿਰ ਮੌਤ ਜਾਂ ਇਸਲਾਮ ਦੋਹਾਂ ਵਿੱਚੋਂ ਇੱਕ ਨੂੰ ਚੁਣਨ ਲਈ ਕਿਹਾ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਸਿਦਕਦਿਲੀ ਨਾਲ ਧਰਮ ਤਿਆਗਣ ਤੋਂ ਨਾਂਹ ਕਰ ਦਿੱਤੀ ਤਾਂ ਉਨ੍ਹਾਂ ਦੇ ਮੂੰਹ ਵਿੱਚ ਪੁੱਤਰ ਅਜੈ ਸਿੰਘ ਦਾ ਕਲੇਜਾ ਪਾਇਆ ਗਿਆ। ਜੱਲਾਦ ਨੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਅੱਖਾਂ ਕਢ ਕੇ ਸਾਰੇ ਸਰੀਰ ਨੂੰ ਭਖ਼ਦੇ ਜੰਬੂਰਾਂ ਨਾਲ ਨੋਚਦਿਆਂ ਅਸਹਿ ਜ਼ੁਲਮ ਕਰਕੇ ਸ਼ਹੀਦ ਕਰ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ ਇਹ ਵਰਤਾਰਾ ਹਮੇਸ਼ਾਂ ਲਈ ਸਿੱਖ ਕੌਮ ਦੇ ਬਾਸ਼ਿੰਦਿਆਂ ਨੂੰ ਸਿਦਕਦਿਲੀ, ਦਲੇਰੀ ਅਤੇ ਗੁਰੂ ਪਿਆਰ ਦੀ ਅਨੋਖੀ ਦਾਸਤਾਨ ਦੇ ਭਾਈਵਾਲ ਬਣਨ ਦੀ ਪ੍ਰੇਰਨਾ ਦਿੰਦਾ ਰਹੇਗਾ। ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

(1780-1839)

ਕਿਸ਼ਤ ਪਹਿਲੀ

ਸਿੱਖ ਸਾਮਰਾਜ ਵਿੱਚ 1699 ਈ. ਦੌਰਾਨ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਧਰਮ ਯੁੱਧ ਵਿੱਚ ਬੇਸ਼ੁਮਾਰ ਸ਼ਹੀਦੀਆਂ ਹੋਈਆਂ। ਸੰਨ 1708 ਈ. ਦੌਰਾਨ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੇ ਖ਼ਾਲਸੇ ਦੀ ਅਗਵਾਈ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸੌਂਪੀ ਗਈ, ਜਿਹਨਾਂ ਨੇ ਸੰਨ 1710-1716 ਤਕ ਮੁਗਲਾਂ ਨੂੰ ਹਰਾ ਕੇ ਪਹਿਲਾ ਖ਼ਾਲਸਾ ਰਾਜ ਪ੍ਰਾਪਤ ਕੀਤਾ। ਸੰਨ 1716-1738 ਤਕ ਮੁਗਲਾਂ ਨੇ ਫੇਰ ਅੱਤ ਮਚਾਈ। ਸਿੰਘ ਬਗਾਵਤ ਅਧੀਨ ਗੁਰੀਲਾ ਜੰਗ ਵਿੱਚ ਰੁੱਝ ਗਏ। ਇਸੇ ਦੌਰਾਨ 1733-1735 ਮੁਗਲਾਂ ਨੇ ਆਰਜ਼ੀ ਤੌਰ 'ਤੇ ਨਵਾਬੀ ਸਰਦਾਰ ਕਪੂਰ ਸਿੰਘ ਜੀ ਨੂੰ ਸੌਂਪੀ। ਸੰਨ 1748-1767 ਅਹਿਮਦਸ਼ਾਹ ਅਬਦਾਲੀ ਦੇ ਹੱਲੇ ਹੋਏ। ਸੰਨ 1763-1774 ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਆਂ ਮਿਸਲ ਦੇ ਸਰਦਾਰ ਬਣੇ। ਉਹ ਗੁਜ਼ਰਾਂ ਵਾਲਾ ਵਿਖੇ ਸਥਾਪਿਤ ਹੋਏ। ਉਹ ਸ੍ਰ. ਨੌਧ ਸਿੰਘ ਦੇ ਸਪੁੱਤਰ ਅਤੇ ਸ੍ਰ. ਮਹਾਂ ਸਿੰਘ ਦੇ ਪਿਤਾ ਸਨ। ਉਹ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਸਨ। ਉਹਨਾਂ ਅਹਿਮਦਸ਼ਾਹ ਅਬਦਾਲੀ ਵਿਰੁੱਧ ਮੁਹਿਮ ਵਿੱਚ ਹਿਸਾ ਲਿਆ ਸੀ। ਉਹਨਾਂ ਨੇ 150 ੜ ਸਵਾਰਾਂ ਨਾਲ ਸਿੰਘਪੁਰੀਆ ਮਿਸਲ ਤੋਂ ਅਲੱਗ ਹੋ ਕੇ ਸ਼ੁਕਰਚਕੀਆਂ ਮਿਸਲ ਦੀ ਸਥਾਪਨਾ ਕੀਤੀ। ਸੰਨ 1774 ਵਿੱਚ ਸ੍ਰ. ਮਹਾ ਸਿੰਘ ਸ਼ੁੱਕਰਚਕੀਆ ਮਿਸਲ ਦੇ ਸਰਦਾਰ ਬਣੇ। ਉਹਨਾਂ ਦੇ ਸਪੁੱਤਰ ਮਹਾਰਾਜਾ ਰਣਜੀਤ ਸਿੰਘ ਜੀ ਇਤਿਹਾਸ ਦੇ ਜੰਗਜੂ, ਦਲੇਰ ਤੇ ਮਹਾਨ ਸ਼ਖਸੀਅਤ ਹੋਏ ਹਨ। ਉਹਨਾਂ ਨੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕੀਤਾ। ਜਿਸ ਵਿੱਚ ਹਰ ਧਰਮ ਦੀ ਪਰਜਾ ਦਾ ਬਰਾਬਰ ਸਤਿਕਾਰ ਸੀ। ਆਪ ਜੀ ਦਾ ਜਨਮ 13 ਨਵੰਬਰ, 1780 ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਮਿਸਲਦਾਰ ਅਤੇ ਮਾਤਾ ਰਾਜ ਕੌਰ ਜੀ ਦੇ ਘਰ ਹ ਇਆ। ਆਪ ਜੀ ਦਾ ਨਾਉਂ ਬੁੱਧ ਸਿੰਘ ਰਖਿਆ ਗਿਆ। ਆਪ ਜੀ ਦੇ ਜਨਮ ਦੀ ਖ਼ਬਰ ਪਿਤਾ ਸ੍ਰ. ਮਹਾਂ ਸਿੰਘ ਨੂੰ ਉਸ ਵੇਲੇ ਮਿਲੀ ਜਦ ਉਹ ਇਕ ਜੰਗ ਜਿੱਤ ਕੇ ਆ ਰਹੇ ਸ ਨ। ਸਪੁੱਤਰ ਦਾ ਨਾਉਂ ਰਣਜੀਤ ਸਿੰਘ ਹੋ ਗਿਆ। ਆਪ ਜੀ ਦੀ ਧਾਰਮਿਕ ਵਿਦਿਆ, ਘੋੜ ਸਵਾਰੀ, ਤੈਰਾਕੀ, ਸ਼ਸਤਰ ਵਿਦਿਆ ਅਤੇ ਸਰੀਰਕ ਕਸਰਤਾਂ ਦਾ ਵਿਸ਼ੇਸ਼ ਪ੍ਰਬੰਧ ਸੀ। ਆਪ ਤਲਵਾਰ ਦੇ ਧਨੀ ਸਨ। ਛੋਟੀ ਉਮਰ ਵਿੱਚ ਹੀ ਆਪਣੇ ਪਿਤਾ ਜੀ ਨਾਲ ਰਣਭੂਮੀ ਜਾਂਦੇ ਰਹੇ ਸਨ। ਇਕ ਜੰਗ ਵਿਚ 10 ਸਾਲ ਦੀ ਉਮਰ ਵਿੱਚ ਹੀ ਇਕ ਪਠਾਣ ਨੂੰ ਮਾਰ ਮੁਕਾਇਆ। ਪਿਤਾ ਜੀ ਦੇ ਚਲਾਣੇ 'ਤੇ 12 ਸਾਲ ਦੀ ਉਮਰ ਵਿੱਚ ਸ਼ੁਕਰਚੱਕੀਆਂ ਮਿਸਲ ਦੇ ਸਰਦਾਰ ਬਣ ਗਏ। ਛੋਟੀ ਉਮਰ ਕਰਕੇ ਸ੍ਰ. ਦਲ ਸਿੰਘ, ਦੀਵਾਨ ਲਖਪਤ ਰਾਏ ਅਤੇ ਮਾਤਾ ਰਾਜ ਕੌਰ ਜੀ ਨੇ ਰਿਆਸਤ ਦਾ ਪ੍ਰਬੰਧ ਸੰਭਾਲੀ ਰਖਿਆ। ਦੀਵਾਨ ਲਖਪਤ ਰਾਏ ਅਤੇ ਮਾਤਾ ਰਾਜ ਕੌਰ ਦੇ ਚਲਾਣੇ ਵੇਲੇ ਸ੍ਰ. ਰਣਜੀਤ ਸਿੰਘ ਜੀ ਦੀ ਉਮਰ 18 ਸਾਲ ਸੀ। ਉਹਨਾਂ ਨੇ ਕਾਰਜ ਭਾਰ ਆਪ ਸੰਭਾਲ ਲਿਆ। ਸੰਨ 1795 ਵਿੱਚ ਆਪ ਜੀ ਦਾ ਵਿਆਹ ਘਨਈਆ ਮਿਸਲ ਦੀ ਧੀ ਮਤਾਬ ਕੌਰ ਨਾਲ ਹੋਇਆ। ਆਪ ਜੀ ਦੀ ਸੱਸ ਰਾਣੀ ਸਦਾ ਕੌਰ ਦੀ ਯੋਗ ਅਗਵਾਈ ਹੇਠ ਆਪ ਨੇ ਬਹੁਤ ਤਰੱਕੀ ਕੀਤੀ।

ਆਪ ਜੀ ਨੇ ਕਈ ਮਿਸਲਾਂ ਨੂੰ ਜਿੱਤ ਕੇ 1799 ਵਿੱਚ ਸਿੱਖ ਸਾਮਰਾਜ ਦੀ ਨੀਂਹ ਰੱਖੀ ਕਿ ਜਮਾਲ ਸ਼ਾਹ ਦੇ ਲਾਹੌਰ ਤੋਂ ਵਾਪਸ ਜਾਣ ਤੇ ਭੰਗੀ ਸਰਦਾਰਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਭੰਗੀਆਂ ਦੇ ਅਯਾਸ਼ੀ ਨਿਕੰਮੇ ਰਾਜ ਪ੍ਰਬੰਧ ਤੋਂ ਪਰਜਾ ਬਹੁਤ ਦੁੱਖੀ ਸੀ। ਕਸੂਰ ਦਾ ਨਵਾਬ ਨਿਜਾਮੂਦੀਨ ਕਸੂਰ 'ਤੇ ਹਮਲਾ ਕਰਨਾ ਚਾਹੁੰਦਾ ਸੀ। ਪਰਜਾ ਸੁੱਖ ਸ਼ਾਂਤੀ ਲਈ ਅਤੇ ਅਮਨ ਕਾਇਮ ਰੱਖਣ ਲਈ ਸ੍ਰ. ਰਣਜੀਤ ਸਿੰਘ ਜੀ ਨੂੰ ਲਾਹੌਰ ਦਾ ਹਾਕਮ ਬਣਾਉਣਾ ਚਾਹੁੰਦੀ ਸੀ। ਲਾਹੌਰ ਦੇ ਪਤਵੰਤਿਆਂ ਨੇ ਅਰਜ਼ ਕੀਤੀ ਕਿ ਤੁਹਾਨੂੰ ਅਸੀਂ ਲਾਹੌਰ 'ਤੇ ਕਬਜ਼ਾ ਕਰਨ ਦੀ ਬੇਨਤੀ ਕਰਦੇ ਹਾਂ। ਇਸ ਮੌਕੇ ਹਕੀਮ ਹਾਕਮ ਰਾਇ, ਮਾਹਿਰ ਮੁਹਕਮਦੀਨ, ਮੀਆਂ ਮੁਹੰਮਦ ਚਾਕਰ, ਮੀਆਂ ਮੁਹੰਮਦ ਤਾਹਰ, ਮੀਆਂ ਆਸ਼ਕ ਮੁਹੰਮਦ ਅਤੇ ਭਾਈ ਗੁਰਬਖਸ ਸਿੰਘ ਆਦਿ। ਸ੍ਰ. ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਰਾਣੀ ਸਦਾ ਕੌਰ ਵੀ ਉਹਨਾਂ ਦੀ ਮਦਦ ਲਈ ਆ ਗਈ। ਦੋਹਾਂ ਨੇ 2500 ਦੀ ਫ਼ੌਜ ਨਾਲ ਲਾਹੌਰ ਤੇ ਸਾਂਝੇ ਤੌਰ 'ਤੇ ਹਮਲਾ ਕਰ ਦਿੱਤਾ। ਰਾਣੀ ਸਦਾ ਕੌਰ ਨੇ ਦਿੱਲੀ ਦਰਵਾਜੇ ਤੋਂ ਹਮਲਾ ਕੀਤਾ। ਨਾਲ ਹੀ ਸ੍ਰ. ਰਣਜੀਤ ਸਿੰਘ ਜੀ ਨੇ ਲੁਹਾਰੀ ਦਰਵਾਜੇ ਤੋਂ ਹਮਲਾ ਕੀਤਾ। ਭੰਗੀ ਸਾਹਿਬ ਸਿੰਘ ਅਤੇ ਮੋਹਰ ਸਿੰਘ ਨਸ ਗਏ। ਮੁਹਕਮਦੀਨ ਨੇ ਸ਼ਹਿਰ ਦੇ ਦਰਵਾਜੇ ਖੁਲ੍ਹਵਾ ਲਏ। ਸਰਦਾਰ ਚੇਤ ਸਿੰਘ ਕਿਲਾ ਖਾਲੀ ਕਰ ਗਿਆ। ਲਾਹੌਰ 'ਤੇ ਖ਼ਾਲਸੇ ਦਾ ਕਬਜ਼ਾ ਹੋ ਗਿਆ। 7 ਜੁਲਾਈ 1799 ਨੂੰ ਭੰਗੀ ਸਰਦਾਰ ਚੇਤ ਸਿੰਘ ਨੇ ਅਧੀਨਗੀ ਮੰਨ ਲਈ, ਉਸ ਨੂੰ ਵੱਡੀ ਜਾਗੀਰ ਦਿੱਤੀ ਗਈ। ਭੰਗੀ ਸਰਦਾਰ ਸਾਹਿਬ ਸਿੰਘ ਤੇ ਮੋਹਰ ਸਿੰਘ ਨੇ ਸ੍ਰ. ਜੋਧ ਸਿੰਘ ਰਾਮਗੜ੍ਹੀਆ ਅਤੇ ਕਸੂਰ ਦੇ ਨਵਾਬ ਨਿਜਾਮਦੀਨ ਨਾਲ ਮਿਲ ਕੇ ਲਾਹੌਰ ਤੇ ਕਬਜ਼ਾ ਕਰਨ ਦਾ ਯਤਨ ਕੀਤਾ। ਭਸੀਨ ਦੇ ਮੈਦਾਨ ਵਿੱਚ ਹੋਈ ਲੜਾਈ ਵਿੱਚ ਖ਼ਾਲਸੇ ਦੀ ਜਿੱਤ ਹੋਈ। ਇਹਨਾਂ ਭੰਗੀਆਂ ਨੂੰ ਵੀ ਚੰਗੀਆਂ ਜਾਗੀਰਾਂ ਮਿਲੀਆਂ। ਜਿਸ ਕਿਸੇ ਨੇ ਵੀ ਅਧੀਨਗੀ ਮੰਨ ਲਈ, ਜਾਗੀਰਾਂ ਦਿੱਤੀਆਂ ਗਈਆਂ। ਨਾਲ ਹੀ ਮੀਰੋਵਾਲ ਅਤੇ ਨਾਰੋਵਾਲ ਵੀ ਜਿੱਤ ਲਏ।

ਰਣਜੀਤ ਸਿੰਘ ਨੇ ਜੰਮੂ ਤੇ ਚੜ੍ਹਾਈ ਕੀਤੀ। ਜੰਮੂ ਦੇ ਰਾਜੇ ਨੇ ਅਧੀਨਤਾ ਮੰਨ ਲਈ ਅਤੇ 20 ਹਜ਼ਾਰ ਰੁਪਏ ਤੇ ਇੱਕ ਹਾਥੀ ਭੇਂਟ ਕੀਤਾ। ਮੁੜਦਿਆਂ ਸ੍ਰ. ਰਣਜੀਤ ਸਿੰਘ ਨੇ ਸਿਆਲਕੋਟ ਅਤੇ ਦਿਲਾਵਰਗੜ ਉੱਤੇ ਕਬਜ਼ਾ ਕੀਤਾ। ਖ਼ਾਲਸੇ ਦੀਆਂ ਹੋ ਰਹੀਆਂ ਜਿੱਤਾਂ ਤੇ ਅੰਗਰੇਜ਼ਾਂ ਨੇ ਵੀ ਦੋਸਤੀ ਦਾ ਹੱਥ ਵਧਾਇਆ।

13 ਅਪ੍ਰੈਲ 1801 ਨੂੰ ਰਣਜੀਤ ਸਿੰਘ ਬਕਾਇਦਾ ਤਖ਼ਤ 'ਤੇ ਬੈਠਾ ਅਤੇ ਮਹਾਰਾਜਾ ਦੀ ਪਦਵੀ ਹਾਸਿਲ ਕੀਤੀ। ਗੁਰੂ ਨਾਨਕ ਦੇਵ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਮਹਾਰਾਜਾ ਨੇ ਰਾਜ ਪ੍ਰਬੰਧ ਵਿੱਚ ਸੁਧਾਰ ਲਿਆਂਦਾ। ਰਾਜ ਪ੍ਰਬੰਧ ਵਿੱਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ ਯੋਗਤਾ ਅਨੁਸਾਰ ਪ੍ਰਬੰਧਕ ਰਖਿਆ। ਅਮਨ ਕਾਨੂੰਨ ਨੂੰ ਯਕੀਨੀ ਬਣਾਇਆ, ਪਰਜਾ ਦਾ ਵਿਸ਼ਵਾਸ ਜਿੱਤਿਆ।

ਧਰਮ ਅਸਥਾਨਾਂ ਦੀ ਉਨਤੀ ਲਈ ਮਾਇਆ ਵੰਡੀ। ਸਕੂਲਾਂ ਅਤੇ ਹਸਪਤਾਲਾਂ ਦਾ ਮਿਆਰ ਵਧਾਇਆ। ਸਰਕਾਰੀ ਕਰਮਚਾਰੀਆਂ ਨੂੰ ਪਰਜਾ ਦੇ ਜਵਾਬਦੇਹ ਬਣਾਇਆ। ਲੋਕ ਰਾਜ ਪੱਖੀ ਸਭਨਾਂ ਦਾ ਸਾਂਝਾ ਪੰਜਾਬੀ ਖ਼ਾਲਸਾ ਰਾਜ ਸਥਾਪਤ ਕੀਤਾ। ਭਰਾਤਰੀ ਭਾਵ ਵਧਿਆ। ਛੋਟੀਆਂ ਵੱਡੀਆਂ ਤਾਕਤਾਂ ਨਾਲ ਬੜੀ ਸਿਆਣਪ ਨਾਲ ਨਜਿੱਠ ਕੇ ਆਪਣਾ ਵਿਸ਼ਾਲ ਰਾਜ ਕਾਇਮ ਕੀਤਾ। ਕੁਸ਼ਲ ਰਜ ਪ੍ਰਬੰਧ ਚਲਾਉਂਦਿਆਂ ਜੰਗੀ ਮੁਹਿੰਮਾਂ ਵੀ ਜਾਰੀ ਰੱਖੀਆਂ।

ਸੰਨ 1801 ਦੌਰਾਨ ਕਸੂਰ ਵਿਰੁੱਧ ਫ਼ੌਜ ਭੇਜੀ। ਫਸਵੀਂ ਲੜਾਈ ਤੋਂ ਬਾਅਦ ਨਿਜ਼ਾਮਦੀਨ ਨੇ ਅਧੀਨਗੀ ਮੰਨ ਲਈ ਅਤੇ ਰਕਮ ਭਰਨ ਦੀ ਹਾਮੀ ਭਰੀ ਪਰ ਨਿਜ਼ਾਮਦੀਨ ਨੇ ਇੱਕ ਵਾਰ ਫਿਰ ਕੋਸ਼ਿਸ਼ ਕੀਤੀ ਪਰ ਮਹਾਰਾਜਾ ਨੇ ਉਸ ਨੂੰ ਹਾਰ ਦਿੱਤੀ। ਨਿਜਾਮਦੀਨ 1807 ਵਿਚ ਗੁਜਰ ਗਿਆ। ਉਸ ਦਾ ਭਰਾ ਕੁਤਬਦੀਨ ਕਸੂਰ ਦਾ ਹਾਕਮ ਬਣਿਆ। ਮਹਾਰਾਜੇ ਨੇ ਕਸੂਰ 'ਤੇ ਚੜ੍ਹਾਈ ਕਰ ਦਿੱਤੀ। ਮਹਾਰਾਜੇ ਨੇ ਕਸੂਰ 'ਤੇ ਕਬਜ਼ਾ ਕਰਕੇ ਨਵਾਬ ਕੁਤਬਦੀਨ ਨੂੰ ਮਮਦੋਟ ਇੱਕ ਲੱਖ ਰੁਪਏ ਸਲਾਨਾ ਆਮਦਨ ਦੀ ਜਾਗੀਰ ਭੇਂਟ ਕੀਤੀ। ਸੰਨ 1803 ਵਿੱਚ ਮਹਾਰਾਜਾ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਮੁਜਫਰ ਖਾਂ ਨੇ ਅਧੀਨਗੀ ਮੰਨ ਕੇ ਰਕਮ ਅਦਾਇਗੀ ਕੀਤੀ। ਇਸ ਲੜਾਈ ਵਿੱਚ ਨਵਾਬ ਕੁਤਬਦੀਨ ਨੇ ਮੁਲਤਾਨ ਦੇ ਨਵਾਬ ਦੀ ਮਦਦ ਕਰਨ ਬਦਲੇ ਮਹਾਰਾਜਾ ਤੋਂ ਮੁਆਫ਼ੀ ਲਈ 70 ਹਜਾਰ ਰੁਪਿਆ ਦਿੱਤਾ। ਸੰਨ 1805 ਵਿੱਚ ਅੰਗਰੇਜ਼ ਲਾਰਡ ਲੇਕ ਅਤੇ ਇੰਦੋਰ ਦਾ ਮਹਾਰਾਜਾ ਜਸਵੰਤ ਰਾਉ ਹੋਲਕਰ ਵਿਚਕਾਰ ਲੜਾਈ ਦੇ ਆਸਾਰ ਬਣ ਗਏ। ਮਹਾਰਾਜਾ ਨੇ ਉਹਨਾਂ ਦਾ ਰਾਜੀਨਾਵਾਂ ਕਰਵਾ ਦਿੱਤਾ। ਅੰਗਰੇਜ਼ਾਂ ਨੇ ਉਸ ਦਾ ਇਲਾਕਾ ਵਾਪਸ ਕਰ ਦਿੱਤਾ। ਮਹਾਰਾਜਾ ਨੇ ਪਟਿਆਲਾ ਅਤੇ ਨਾਭਾ ਦਾ ਝਗੜਾ ਵੀ ਨਿਬੇੜਿਆ। ਨਿਪਾਲੀ ਜਰਨੈਲ ਅਮਰ ਸਿੰਘ ਥਾਪਾ ਨੇ ਪ ਹਾੜੀ ਇਲਾਕਾ ਕਬਜ਼ੇ ਹੇਠ ਲਿਆ ਤਾਂ ਮਹਾਰਾਜਾ ਨੇ ਉਸ ਨੂੰ ਕਾਂਗੜ ਤੋਂ ਭਜਾ ਦਿੱਤਾ । ਮਹਾਰਾਜਾ ਨਾਲ ਹੀ ਪਠਾਨਕੋਟ, ਜਸਰੋਟਾਂ ਅਤੇ ਚੰਬਾ ਵੀ ਫਤਹਿ ਕਰ ਲਿਆ।

ਸਰਦਾਰ ਤਾਰਾ ਸਿੰਘ ਡੱਲੇਵਾਲ ਦੇ ਮਰਨ 'ਤੇ ਮਹਾਰਾਜਾ ਨੇ ਉਸ ਦਾ ਇਲਾਕਾ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ। ਸੰਨ 1808 ਵਿੱਚ ਪਟਿਆਲਾ ਦੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਸਾਂਝ ਪਾਉਣ ਦਾ ਫੈਸਲਾ ਕੀਤਾ। ਅੰਗਰੇਜ਼ ਨੈਪੋਲੀਅਨ ਅਤੇ ਰੂਸ ਦੇ ਬਾਦਸ਼ਾਹ ਦੇ ਹਮਲੇ ਤੋਂ ਡਰਦਿਆਂ ਸਿੱਖਾਂ ਨਾਲ ਭਿੜਨਾ ਨਹੀਂ ਚਾਹੁੰਦੇ ਸਨ। ਮਹਾਰਾਜਾ ਅਤੇ ਅੰਗਰੇਜ਼ਾਂ ਵਿੱਚ ਸੰਧੀ ਤਜ਼ਵੀਜ਼ ਚੱਲ ਰਹੀ ਸੀ। ਮਹਾਰਾਜਾ ਨੇ ਮਾਲਵੇ ਦੇ ਇਲਾਕੇ ਨੂੰ ਸੁਰੱਖਿਅਤ ਕਰਨਾ ਚਾਹਿਆ। ਅੰਗਰੇਜ਼ਾਂ ਨੇ ਮਹਾਰਾਜਾ ਨੂੰ ਚਿੱਠੀ ਭੇਜੀ ਕਿ ਸਤਲੁਜ ਤੋਂ ਦੱਖਣ ਦੇ ਸਿੱਖ ਇਲਾਕਿਆਂ ਨੂੰ ਉਹਨਾਂ ਆਪਣੀ ਰੱਖਿਆ ਹੇਠ ਲੈ ਲਿਆ ਹੈ। ਅੰਗਰੇਜ਼ ਫੌਜ ਲੁਧਿਆਣਾ ਆ ਟਿੱਕੀ। ਮਹਾਰਾਜਾ ਨੇ ਵੀ ਤਿਆਰੀ ਫੜ ਲਈ। ਫ਼ੌਜ ਦਾ ਤੋਪਖਾਨਾ ਫਿਲੌਰ ਭੇਜਿਆ। ਅੰਮ੍ਰਿਤਸਰ ਦੇ ਕਿਲੇ ਪੱਕੇ ਕਰ ਲਏ। ਤੋਪਾਂ ਬੀੜ ਲਈਆਂ। ਸਿੱਖਾਂ ਨੂੰ ਤਿਆਰੀ ਲਈ ਇੱਕ ਲੱਖ ਫ਼ੌਜ ਦੇ ਦਿੱਤੀ ਪਰ ਕੋਈ ਕਦਮ ਨਾ ਚੁੱਕਿਆ।

25 ਅਪ੍ਰੈਲ 1809 ਨੂੰ ਅੰਮ੍ਰਿਤਸਰ ਦੀ ਸੰਧੀ ਦੀਆਂ ਹੇਠ ਲਿਖੀਆਂ ਸ਼ਰਤਾਂ ਸਨ

ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਵਿਚ ਦੋਸਤਾਨਾ ਰਹੇਗਾ, ਅੰਗਰੇਜ਼ ਸਰਕਾਰ ਮਹਾਰਾਜਾ ਸਾਹਿਬ ਦਾ ਸਤਿਕਾਰ ਅਤੇ ਇੱਕ ਵੱਡੀ ਸ਼ਕਤੀ ਗਿਣੇਗੀ। ਉਹਨਾਂ ਦੇ ਉੱਤਰ ਵੱਲ ਸਤਲੁਜ ਦਰਿਆ ਦੇ ਇਲਾਕਿਆਂ ਵਿੱਚ ਦਖ਼ਲ ਨਹੀਂ ਦੇਵੇਗੀ। ਮਹਾਰਾਜਾ ਸਤਲੁਜ ਦੇ ਦੱਖਣ ਇਲਾਕਿਆਂ ਵਿੱਚ ਦਖਲ ਨਹੀਂ ਦੇਵੇਗਾ।

ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਲੁਧਿਆਣਾ ਛਾਉਣੀ ਪਾ ਲਈ। ਇਸ ਨਾਲ ਮਹਾਰਾਜਾ ਦਾ ਇਕ ਪਾਸਿਓਂ ਅੰਗਰੇਜ਼ਾਂ ਦਾ ਡਰ ਖ਼ਤਮ ਹੋ ਗਿਆ। ਹੁਣ ਉਹ ਪੱਛਮ ਦੇ ਪਹਾੜੀ ਇਲਾਕੇ ਜਿੱਤਣ ਵਲ ਧਿਆਨ ਦੇਣ ਲੱਗਿਆ। ਅੰਗਰੇਜ਼ਾਂ ਦੀ ਸਿੱਖਾਂ ਦੀ ਤਾਕਤ ਘਟਾਉਣ ਦੀ ਸਾਜ਼ਿਸ਼ ਸੀ। ਅੰਗਰੇਜ਼ਾਂ ਦੀ ਲੁਧਿਆਣਾ ਛਾਉਣੀ ਦੇ ਬਰਾਬਰ ਮਹਾਰਾਜਾ ਨੇ ਕਾਂਗੜਾ ਵਾਲੀ ਫੌਜ ਨੂੰ ਫਿਲੌਰ ਤਾਇਨਾਤ ਹੋਣ ਦਾ ਹੁਕਮ ਦਿੱਤਾ। ਨੇਪਾਲ ਦਾ ਸੈਨਾਪਤੀ ਫੇਰ ਕਾਂਗੜਾ ਆ ਵੜਿਆ। ਗੋਰਖਿਆਂ ਨਾਲ ਡਟਵੀਂ ਲੜਾਈ ਹੋਈ। ਦਸੰਬਰ 24 1809 ਨੂੰ ਖ਼ਾਲਸਾ ਦਾ ਕਬਜ਼ਾ ਹੋ ਗਿਆ। ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਹਾਕਮ ਬਣਾ ਦਿੱਤਾ। ਮਹਾਰਾਜਾ ਨੇ ਸ਼ਾਹੀ ਦਰਬਾਰ ਲਾਇਆ, ਜਿਸ ਵਿੱਚ ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰਾ, ਗਲੇਰ, ਕਾਹੂਲੂਰ, ਮੰਡੀ, ਸਕਤੇ ਅਤੇ ਕੁਲਾ ਦੇ ਕੁਝ ਰਾਜ ਸ਼ਾਮਲ ਹੋਏ, ਜਿਹਨਾਂ ਨੇ ਰਕਮਾਂ ਅਦਾ ਕੀਤੀਆਂ ਸਨ।

ਮੁਲਤਾਨ ਉੱਤੇ 1803,1810,1817,1818 ਵਿੱਚ ਹਮਲੇ ਕੀਤੇ। ਨਵਾਬ ਮੁਜਫਰ ਖਾਂ ਜਿਸ ਨੇ ਪਹਿਲਾਂ ਅਧੀਨਗੀ ਮੰਨੀ ਸੀ ,ਫਿਰ ਬਾਗੀ ਹੋ ਗਿਆ। ਮਹਾਰਾਜਾ ਦੀ ਫ਼ੌਜ ਅਤੇ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਦੀ ਫ਼ੌਜ ਨਾਲ ਉਸ ਦਾ ਟਾਕਰਾ ਹੋਇਆ। ਉਸਨੇ ਹਾਰ ਕੇ ਫਿਰ ਅਧੀਨਗੀ ਮੰਨ ਲਈ।

ਕਾਬਲ ਦੇ ਬਾਦਸ਼ਾਹ ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲ੍ਹੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਹਿ ਖਾਨ ਨੂੰ ਪਤਾ ਲੱਗਿਆ ਕਿ ਸ਼ਾਹ ਸੁਜਾਹ ਕਸ਼ਮੀਰ ਵਿੱਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿੱਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਂਗਾ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਕਿ ਜੇ ਤੁਸੀਂ ਸ਼ਾਹ ਸੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਕਸ਼ਮੀਰ ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਸਰਦਾਰ ਨਲੂਆ 12 ਹਜ਼ਾਰਾਂ ਦੀ ਫ਼ੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਖ਼ਾਲਸਾ ਨੇ ਸ਼ੇਰਗੜੀ ਤੇ ਕਬਜ਼ਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਵਾਇਆ। ਜਦੋਂ ਖ਼ਾਲਸਾ ਨੇ ਵਜ਼ੀਰ ਫਤਹਿ ਖਾਨ ਕੋਲੋਂ ਲੁੱਟ ਦਾ ਅੱਧ ਮੰਗਿਆ ਤਾਂ ਬਹਾਨੇ ਲਾਉਣ ਲੱਗਿਆ। ਖ਼ਾਲਸਾ ਫੌਜ ਨੇ ਸਾਹ ਸੁਜ਼ਾਹ ਨੂੰ ਲਾਹੌਰ ਉਸ ਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਜੂਨ 1813 ਵਿੱਚ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਕਰਜਾਈ ਸਰਦਾਰਾਂ ਦੀ ਅਫ਼ਗਾਨਿਸਤਾਨ ਵਿੱਚ ਵੱਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹੀਦਾਦ ਨੇ ਬਾਰ ਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ। ਕਾਬਲ ਤੋਂ ਵਜ਼ੀਰ ਫਤਹਿ ਖਾਂ ਨੇ ਆਪਣਾ ਭਰਾ ਦੋਸਤ ਮੁਹੰਮਦ ਨਾਲ 15 ਹਜਾਰ ਦੀ ਫ਼ੌਜ ਲੈ ਕੇ ਅਟਕ ਦਾ ਕਿਲਾ ਛੁਡਵਾਉਣ ਲਈ ਚੜ੍ਹਾਈ ਕਰ ਦਿੱਤੀ। ਹਜ਼ਾਰੇ ਨੇੜੇ ਖ਼ੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ। ਉਸ ਦੀ ਫ਼ੌਜ ਭੱਜ ਗਈ। ਇਸ ਨਾਲ 13 ਜੁਲਾਈ 1813 ਨੂੰ ਖ਼ਾਲਸੇ ਦੀ ਜਿੱਤ ਹੋਈ। ਸੰਨ 1814 ਵਿੱਚ ਮਹਾਰਾਜਾ ਆਪ ਕਸ਼ਮੀਰ ਦੀ ਮੁਹਿਮ 'ਤੇ ਗਏ। ਬਹਿਰਾਮ , ਅਮਾਦਪੁਰ ਤੇ ਹਮੀਰਾ 'ਤੇ ਕਬਜ਼ਾ ਕੀਤਾ। ਖ਼ਾਲਸੇ ਨੇ ਸ਼੍ਰੀ ਨਗਰ ਨੂੰ ਘੇਰਾ ਪਾਇਆ। ਕਸ਼ਮੀਰ ਦੇ ਹਾਕਮ ਅਜੀਮਾਂ ਨੇ ਸੁਲਾਹ ਕਰ ਲਈ ਤਾਂ ਮੁਹਿਮ ਖਤਮ ਹੋਈ। ਸੰਨ 1815 ਵਿੱਚ ਖ਼ਾਲਸਾ ਫ਼ੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲ੍ਹਿਆਂ ਨੂੰ ਜਿੱਤਿਆਂ। ਰਾਜਾ ਨੂਰਪੁਰ,ਰਾਜਾ ਜਸਵਾਲ ਅਤੇ ਕਾਂਗੜਾ ਦੇ ਇਲਾਕੇ ਵੀ ਸਰ ਕਰ ਲਏ। ਮੁਲਤਾਨ ਦ ਨਵਾਬ ਮੁਜਫਰ ਖਾਂ ਨੇ ਚੜ੍ਹਾਈ ਕਰ ਦਿੱਤੀ। ਮੁਲਤਾਨ ਦੇ ਨੇੜੇ ਘਮਸਾਣ ਦੀ ਲੜਾਈ ਹੋਈ। ਨਵਾਬ ਕਿਲੇ ਅੰਦਰ ਚਲਾ ਗਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿੱਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿੱਚ ਪਾੜ ਪਾ ਲਿਆ। ਅਕਾਲੀ ਫੂਲਾ ਸਿੰਘ ਦਾ ਜਥਾ ਕਿਲੇ ਵਿੱਚ ਦਾਖਲ ਹੋ ਗਿਆ। ਮੁਲਤਾਨ ਦਾ ਨਵਾਬ ਮੁਜਫਰ ਖਾਂ ਮਾਰਿਆ ਗਿਆ। ਜੂਨ 2,1818 ਨੂੰ ਮੁਲਤਾਨ ਪੂਰੀ ਤਰਾਂ ਖ਼ਾਲਸਾ ਰਾਜ ਹੇਠ ਆ ਗਿਆ।

18 ਨਵੰਬਰ 1818 ਨੂੰ ਮਹਾਰਾਜਾ ਨੇ ਪਿਸ਼ਾਵਰ ਤੇ ਚੜ੍ਹਾਈ ਕੀਤੀ। ਰੁਹ ਤਾਸ, ਰਾਵਲਪਿੰਡੀ, ਪੰਜਾ ਸਾਹਿਬ, ਤੋਂ ਹੁੰਦੇ ਹੋਏ ਹਜ਼ਰੋ ਪਹੁੰਚੇ। ਦਰਿਆ ਅਟਕ ਪਾਰ ਪਠਾਣਾਂ ਨਾਲ ਘਮਸਾਣ ਦੀ ਜੰਗ ਹੋਈ। ਸਿੰਘ ਯੋਧੇ ਬਹਾਦਰੀ ਨਾਲ ਲੜੇ। ਅਕਾਲੀ ਫੂਲਾ ਸਿੰਘ ਨੇ ਜੰਗੀ ਜੌਹਰ ਵਿਖਾ ਕੇ ਪਠਾਣਾ ਦੇ ਛੱਕੇ ਛੁਡਾ ਦਿੱਤੇ। ਉਹਨਾਂ ਹਾਰ ਮੰਨ ਲਈ। ਮਹਾਰਾਜਾ ਨੇ ਖੈਰਾਬਾਦ ਤੇ ਜਹਾਂਗੀਰੀ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। ਜਦੋਂ ਖ਼ਾਲਸਾ ਫ਼ੌਜ ਪਿਸ਼ਾਵਰ ਵੱਲ ਵਧੀ ਤਾਂ ਹਾਕਮ ਯਾਰ ਮੁਹੰਮਦ ਖਾਂ ਭਜ ਗਿਆ। ਮਹਾਰਾਜਾ ਦੇ ਹੱਥ 14 ਤੋਪਾਂ ਤੇ ਘੋੜਿਆਂ ਸਮੇਤ ਬਹੁਤ ਸਾਰਾ ਜੰਗੀ ਸਮਾਨ ਹੱਥ ਆਇਆ। ਮਹਾਰਾਜਾ ਨੇ ਕਬਜ਼ਾ ਕਰਕੇ ਜਹਾਂਦਾਦ ਨੂੰ ਪਿਸ਼ਾਵਰ ਦਾ ਹਾਕਮ ਨਿਯੁਕਤ ਕੀਤਾ। ਮਹਾਰਾਜਾ ਦੇ ਮੁੜਨ 'ਤੇ ਯਾਰ ਮੁਹੰਮਦ ਖਾਂ ਨੇ ਜਹਾਂਦਾਦ ਨੂੰ ਕੱਢ ਕੇ ਬੇਨਤੀ ਭੇਜੀ ਕਿ ਮੈਨੂੰ ਹਾਕਮ ਬਣਾਓ। ਮੈਂ ਸਾਲ ਦਾ ਇੱਕ ਲੱਖ ਰੁਪਿਆ ਦੇਵਾਂਗਾ। ਮਹਾਰਾਜਾ ਨੇ ਉਸ ਨੂੰ ਪਿਸ਼ਾਵਰ ਦਾ ਹਾਕਮ ਬਣਾਂ ਦਿੱਤਾ।

ਕਸ਼ਮੀਰ ਦਾ ਹਾਕਮ ਜਾਬਰ ਖਾਂ ਪਰਜਾ ਤੇ ਬੜਾ ਜ਼ੁਲਮ ਕਰਦਾ ਸੀ। ਉਸ ਦਾ ਮਾਲ ਮੰਤਰੀ ਪੰਡਤ ਬੀਰ ਦੇਵ ਮਹਾਰਾਜਾ ਦੀ ਸ਼ਰਨ ਵਿਚ ਆ ਗਿਆ। ਮਹਾਰਾਜਾ ਨੇ ਉਸ ਤੋਂ ਕਸ਼ਮੀਰ ਦੇ ਜੰਗੀ ਰਸਤੇ ਦੀ ਜਾਣਕਾਰੀ ਲੈ ਲਈ। ਰਾਜੌਰੀ ਹਮਲਾ ਕਰਨ ਲਈ ਸ਼ਹਿਜ਼ਾਦਾ ਖੜਕ ਸਿੰਘ ਨੂੰ ਮੁੱਖ ਬਣਾਇਆ। ਉਥੋਂ ਦਾ ਹਾਕਮ ਅਗਰ ਖਾਂ ਭੱਜ ਗਿਆ। ਉਸ ਦੇ ਭਰਾ ਹਰੀਮਉਲਾ ਨੂੰ ਕੈਦ ਕਰ ਲਿਆ। ਮਹਾਰਾਜਾ ਨੇ ਉਸ ਨੂੰ ਹਾਕਮ ਬਣਾ ਦਿੱਤਾ।

ਖ਼ਾਲਸਾ ਫ਼ੌਜ ਬਹਿਰਾਮ ਪਹੁੰਚੀ। ਸਪੀਨ ਦੇ ਹਾਕਮ ਨੇ ਅਧੀਨਗੀ ਮੰਨ ਲਈ। ਸੰਨ 1819 ਵਿਚ ਕਸ਼ਮੀਰ ਤੇ ਹੱਲਾ ਬੋਲਿਆ। ਜਬਰ ਖ ਾਂ ਮੈਦਾਨ ਛੱਡ ਦੇ ਭਜ ਗਿਆ। ਖ਼ਾਲਸਾ ਫ਼ੌਜ ਅਮਨ ਪੂਰਵਕ ਸ੍ਰੀਨਗਰ ਦਾਖਲ ਹੋਈ। ਦਿਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਹਾਕਮ ਨਿਯੁਕਤ ਕੀਤਾ। ਸ੍ਰ. ਸ਼ਾਮ ਸਿੰਘ ਅਟਾਰੀ , ਸ੍ਰ ਜਵਾਲਾ ਸਿੰਘ ਭੜਾਣੀਆਂ ਅਤੇ ਮਿਸਰ ਦੀਵਾਨ ਚੰਦ ਇਲਾਕੇ ਦੀ ਦੇਖ ਭਾਲ ਲਈ ਉਥੇ ਟਿਕੇ ਰਹੇ। ਮਹਾਰਾਜਾ ਨੇ ਕਸ਼ਮੀਰ ਦੀ ਉਨਤੀ ਲਈ ਬੜੇ ਯਤਨ ਕੀਤੇ। ਵਪਾਰ ਨੂੰ ਉਤਸ਼ਾਹ ਦਿੱਤਾ। ਜਦ ਭਿਆਨਕ ਕਾਲ ਪਿਆ ਤਾਂ ਮਹਾਰਾਜਾ ਨੇ ਦਿਲ ਖੋਹਲ ਕੇ ਅਨਾਜ ਵੰਡਿਆ। ਜਰਨੈਲ ਹਰੀ ਸਿੰਘ ਨਲੂਆ ਨੂੰ ਹਾਕਮ ਨਿਯੁਕਤ ਕੀਤਾ।



(ਚਲਦਾ)

ਅਜੀਬੋ .ਗਰੀਬ ਦੁਨੀਆਂ

# ਜਦੋਂ 10 ਥਾਂਵਾਂ ’ਤੇ ਹੋਈ ਅਜੀਬੋ .ਗਰੀਬ ਬਰਸਾਤ

ਹਰ ਕਿਸੇ ਨੇ ਅਸਮਾਨ ਤੋਂ ਮੀਂਹ ਪੈਂਦਾ ਦੇਖਿਆ ਅਤੇ ਸੁਣਿਆ ਹੈ, ਪਰ ਮੱਕੜੀਆਂ ਅਤੇ ਕੀੜੇ-ਮਕੌੜਿਆਂ ਨੂੰ ਡਿੱਗਦੇ ਨਹੀਂ ਦੇਖਿਆ ਹੈ। ਜੀ ਹਾਂ, ਦੁਨੀਆਂ ਵਿੱਚ ਕਈ ਥਾਂਵਾਂ ਅਜਿਹੀਆਂ ਹਨ, ਜਿੱਥੇ ਅਜੀਬ ਬਰਸਾਤ ਹੋਈ। ਇਸ ਨੂੰ ਪਹਿਲੀ ਵਾਰ ਦੇਖ ਕੇ ਤੁਹਾਨੂੰ ਯਕੀਨ ਨਹੀਂ ਹੋਵੇਗਾ ਪਰ ਇਹ ਸੱਚਾਈ ਹੈ। ਤਾਂ ਆਓ ਜਾਣਦੇ ਹਾਂ ਕਿ ਅਸਮਾਨ ਤੋਂ ਕਿੱਥੇ ਅਤੇ ਕੀ ਟਪਕਦਾ ਹੈ...



1. **ਮੱਕੜੀਆਂ ਦੀ ਬਰਸਾਤ**:- 6 ਅਪ੍ਰੈਲ 2007 ਨੂੰ ਅਰਜਨਟੀਨਾ ਦੇ ਸਾਲਟਾ ਪ੍ਰੋਵੈਂਸ ਵਿੱਚ ਰਹਿਣ ਵਾਲੇ ਲੋਕ ਹੈਰਾਨ ਰਹਿ ਗਏ। ਜਦੋਂ ਉਨ੍ਹਾਂ ਨੇ ਮੱਕੜੀਆਂ ਨੂੰ ਅਸਮਾਨ ਤੋਂ ਡਿੱਗਦੇ ਦੇਖਿਆ। ਇਹ ਘਟਨਾ ਵਾਕਈ ਅਜੀਬ ਹੈ।

2. **ਗਾਂ ਦੀ ਬਰਸਾਤ**:- 1997 ਵਿੱਚ, ਇੱਕ ਜਾਪਾਨੀ ਮਛੇਰੇ ਨੇ ਦਾਅਵਾ ਕੀਤਾ ਕਿ ਉਸਨੇ ਇੱਕ ਗਾਂ ਨੂੰ ਅਸਮਾਨ ਤੋਂ ਡਿੱਗਦੇ ਦੇਖਿਆ ਸੀ। ਹਾਲਾਂ ਕਿ ਇਸ ਘਟਨਾ ਦੀ ਪੁਸ਼ਟੀ ਨਹੀਂ ਹੋ ਸਕੀ ਹੈ।

3. **ਖ਼ੂਨ ਦੀ ਬਰਸਾਤ** :- ਕੋਲੰਬੀਆ ਵਿੱਚ ਸਾਲ 2008 ਵਿੱਚ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਇੱਥੋਂ ਦੇ ਲਾ ਸੀਏਰਾ ਇਲਾਕੇ ਵਿੱਚ ਖ਼ੂਨ ਦੀ ਬਰਸਾਤ ਹੋਈ ਸੀ।

4. **ਜੈਲੀ ਦੀ ਰਾਤ**- 2009 ਵਿੱਚ ਸਕਾਟਲੈਂਡ ਵਿੱਚ ਜੈਲੀ ਦੀ ਬਰਸਾਤ ਹੋਈ ਸੀ। ਨੈਸ਼ਨਲ ਜੀਓਗਰਾਫਿਕ ਦੇ ਵਿਗਿਆਨੀ ਜੈਲੀ ਨੂੰ ਜਾਂਚ ਕਰਨ ਲਈ ਲੈਬ ਵਿੱਚ ਲੈ ਕੇ ਗਏ ਪਰ ਉਨ੍ਹਾਂ ਦੇ ਡੀਐਨਏ ਨਹੀਂ ਮਿਲ ਸਕੇ।



5. **ਕੀੜਿਆਂ ਦੀ ਬਰਸਾਤ**- ਅਮਰੀਕਾ ਵਿੱਚ ਇੱਕ ਪੁਲਿਸ ਕਾਂਸਟੇਬਲ ਨੇ ਆਪਣੀਆਂ ਅੱਖਾਂ ਨਾਲ ਕੀੜਿਆਂ ਦਾ ਮੀਂਹ ਪੈਂਦਾ ਦੇਖਿਆ। ਪੁਲਿਸ ਕਰਮਚਾਰੀ ਐਲੇਨੋਰ ਦਾ ਕਹਿਣਾ ਹੈ ਕਿ ਜਦੋਂ ਉਹ ਕਰਾਸਿੰਗ ਪਾਰ ਕਰ ਰਿਹਾ ਸੀ ਤਾਂ ਉਸ ਨੇ ਅਸਮਾਨ ਤੋਂ ਕੁਝ ਅਜੀਬ ਚੀਜ਼ਾਂ ਡਿੱਗਦੀਆਂ ਦੇਖੀਆਂ, ਇਹ ਕੀੜੇ ਸਨ।

6. **ਰੰਗੀਨ ਬਰਫ਼**:- 2007 ਵਿੱਚ ਮਾਸਕੋ ਵਿੱਚ ਰੰਗੀਨ ਬਰਫ਼ ਡਿੱਗਦੀ ਦੇਖੀ ਗਈ ਸੀ। ਇੱਥੇ ਬਦਬੂਦਾਰ ਸੰਤਰੀ, ਪੀਲੇ ਅਤੇ ਹਰੇ ਰੰਗ ਦੀ ਬਰਫ਼ ਪਾਈ ਗਈ।

7. **ਮੱਛੀਆਂ ਦੀ ਬਰਸਾਤ**- 2004 ਵਿੱਚ ਆਸਟ੍ਰੇਲੀਆ ਦੇ ਇੱਕ ਸ਼ਹਿਰ ਵਿੱਚ ਆਸਮਾਨ ਤੋਂ ਮੱਛੀਆਂ ਦੇ ਡਿੱਗਣ ਦੀ ਚਰਚਾ ਹੋਈ ਸੀ।

8. **ਨੋਟਾਂ ਦੀ ਬਰਸਾਤ**:– 2007 ਵਿੱਚ ਇੱਕ ਜਰਮਨ ਮੋਟਰ ਡਰਾਈਵਰ ਨੇ ਅਸਮਾਨ ਤੋਂ ਨੋਟ ਡਿੱਗਦੇ ਦੇਖੇ। ਉਸ ਨੇ ਕਾਰ ਰੋਕ ਕੇ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਪਰ ਜਿਵੇਂ ਹੀ ਪੁਲਿਸ ਪਹੁੰਚੀ ਤਾਂ ਸਾਰੇ ਨੋਟ ਜ਼ਬਤ ਕਰ ਲਏ ਗਏ।

9. **ਸਟਾਰਲਿੰਗ ਬਾਰਿਸ਼**:- ਮਾਰਚ 2010 ਵਿੱਚ ਇੰਗਲੈਂਡ ਦੇ ਅਸਮਾਨ ਤੋਂ ਪੰਛੀਆਂ ਨੂੰ ਡਿੱਗਦੇ ਦੇਖਿਆ ਗਿਆ।



10. **ਮੀਟ ਦੀ ਬਰਸਾਤ**:- ਮਾਰਚ 1876 ਨੂੰ ਅਮਰੀਕਾ ਵਿੱਚ ਤਾਜ਼ੇ ਮੀਟ ਦੀ ਬਰਸਾਤ ਹੋਈ।

# ਸਭ ਤੋਂ ਮਹਿੰਗਾ ਦੁੱਧ



ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਵਿੱਚ ਸਭ ਤੋਂ ਮਹਿੰਗਾ ਦੁੱਧ ਕਿਸ ਜਾਨਵਰ ਦਾ ਹੈ ? ਤੁਸੀਂ ਮਹਿਸੂਸ ਕਰ ਰਹੇ ਹੋਵੋਗੇ ਕਿ ਗਾਂ ਦਾ ਨਹੀਂ, ਸ਼ੇਰਨੀ ਦਾ ਵੀ ਨਹੀਂ, ਊਠ ਦਾ ਵੀ ਨਹੀਂ। ਗਧੀ ਦਾ ਦੁੱਧ ਦੁਨੀਆ ਵਿੱਚ ਸਭ ਤੋਂ ਮਹਿੰਗਾ ਹੈ। ਹਾਂ, ਵਿਦੇਸ਼ਾਂ ’ਚ ਇਸ ਦੀ ਕਾਫੀ ਮੰਗ ਹੈ। ਇੱਥੇ ਇੱਕ ਲੀਟਰ ਗਧੇ ਦੇ ਦੁੱਧ ਦੀ ਕੀਮਤ 160 ਡਾਲਰ ਯਾਨੀ ਕਰੀਬ 13 ਹਜ਼ਾਰ ਰੁਪਏ ਪ੍ਰਤੀ ਲੀਟਰ ਹੈ।

ਇਸ ਤੋਂ ਬਾਅਦ ਊਠ ਦਾ ਦੁੱਧ ਆਉਂਦਾ ਹੈ। ਇਸ ਨੂੰ ਸਵਾਦ ਅਤੇ ਗੁਣਵੱਤਾ ਵਿੱਚ ਗਾਂ ਦੇ ਦੁੱਧ ਦਾ ਬਦਲ ਮੰਨਿਆ ਜਾਂਦਾ ਹੈ। ਇਸਦੀ ਕੀਮਤ ਲਗਭਗ 800 ਰੁਪਏ ਪ੍ਰਤੀ ਲੀਟਰ ਹੈ। ਇਸ ਦੇ ਸਵਾਦ ਦੀ ਗੱਲ ਕਰੀਏ ਤਾਂ ਇਹ ਲਗਭਗ ਗਾਂ ਦੇ ਦੁੱਧ ਵਰਗਾ ਹੈ।

ਹੁਣ ਬੱਕਰੀ ਦਾ ਦੁੱਧ ਯਾਨੀ ਬੱਕਰੀ ਦਾ ਦੁੱਧ ਆਉਂਦਾਹੈ। ਜੋ ਕਿ 150 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਵਿਕ ਰਿਹਾ ਹੈ।



ਪ੍ਰਸਿੱਧੀ ਦੇ ਮਾਮਲੇ ਵਿੱਚ ਬੱਕਰੀ ਦਾ ਦੁੱਧ ਗਾਂ ਦੇ ਦੁੱਧ ਦਾ ਨਜ਼ਦੀਕੀ ਪ੍ਰਤੀਯੋਗੀ ਹੈ। ਹਾਲਾਂਕਿ, ਇਸਦੇ ਸਵਾਦ ਵਿੱਚ ਇੱਕ ਵੱਡਾ ਅੰਤਰ ਹੈ. ਜਦੋਂ ਕਿ ਖੋਤੇ, ਊਠ ਅਤੇ ਮੱਝ ਦੇ ਦੁੱਧ ਦਾ ਸਵਾਦ ਗਾਂ ਦੇ ਦੁੱਧ ਵਰਗਾ ਹੁੰਦਾ ਹੈ।

ਇਸ ਤੋਂ ਬਾਅਦ ਨੰਬਰ ਆਉਂਦਾ ਹੈ ਕ੍ਰੀਮੀ ਬਫੇਲੋ ਮਿਲਕ ਭਾਵ ਮੱਝ ਦਾ ਦੁੱਧ। ਇਸ ਕਰੀਮੀ ਭਾਵ ਜ਼ਿਆਦਾ ਚਰਬੀ ਵਾਲੇ ਦੁੱਧ ਦੀ ਕੀਮਤ ਲਗਭਗ 60 ਰੁਪਏ ਪ੍ਰਤੀ ਲੀਟਰ ਹੈ। ਜਿਸ ਦੀ ਵਰਤੋਂ ਆਮ ਭਾਰਤੀ ਪਕਵਾਨ ਬਣਾਉਣ ਵਿੱਚ ਬਹੁਤ ਕੀਤੀ ਜਾਂਦੀ ਹੈ।



TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਸਿਹਤ ਸੰਭਾਲ



## ਸਿਹਤਮੰਦ ਜੀਵਨ ਸ਼ੈਲੀ ਲਈ ਹੋ ਜਾਓ ਗੰਭੀਰ





ਸਿਹਤਮੰਦ ਰਹਿਣਾ ਬਹੁਤ ਜ਼ਰੂਰੀ ਹੈ। ਅਜੋਕੇ ਯੁੱਗ ਵਿੱਚ ਮਾੜੀ ਜੀਵਨ ਸ਼ੈਲੀ ਕਾਰਨ ਅਸੀਂ ਅਸਿਹਤਮੰਦ ਰਹਿਣ ਲੱਗ ਪਏ ਹਾਂ। ਇਨ੍ਹਾਂ ਸਭ ਦੇ ਕਾਰਨ ਸਾਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ, ਇਸ ਲਈ ਸਿਹਤਮੰਦ ਰਹਿਣ ਲਈ ਸਾਡੇ ਲਈ ਆਪਣਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ।

ਜੇਕਰ ਅਸੀਂ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਕੁਝ ਗੱਲਾਂ ਦਾ ਧਿਆਨ ਰੱਖੀਏ ਤਾਂ ਅਸੀਂ ਸਿਹਤਮੰਦ ਜੀਵਨ ਬਤੀਤ ਕਰ ਸਕਦੇ ਹਾਂ।

**ਸੰਤੁਲਿਤ ਖੁਰਾਕ ਖਾਓ**

ਤੁਹਾਨੂੰ ਇਹ ਵੀ ਮੰਨਣਾ ਪਵੇਗਾ ਕਿ ਸਾਡੀ ਖੁਰਾਕ ਦਾ ਸਾਡੀ ਸਿਹਤ ’ਤੇ ਸਿੱਧਾ ਅਸਰ ਪੈਂਦਾ ਹੈ। ਉਦਾਹਰਣ ਦੇ ਤੌਰ ’ਤੇ ਜੇਕਰ ਅਸੀਂ ਤਲੀਆਂ ਚੀਜ਼ਾਂ, ਕੋਲਡ ਡਰਿੰਕਸ ਅਤੇ ਜੰਕ ਫੂਡ ਦਾ ਸੇਵਨ ਕਰਦੇ ਹਾਂ ਤਾਂ ਸਾਡੇ ਸਰੀਰ ਦੀ ਚਰਬੀ ਵਧਣ ਲੱਗਦੀ ਹੈ। ਇਹ ਚੀਜ਼ਾਂ ਨਾ ਸਿਰਫ਼ ਸਾਨੂੰ ਮੋਟਾ ਬਣਾਉਂਦੀਆਂ ਹਨ ਸਗੋਂ ਕਈ ਬਿਮਾਰੀਆਂ ਵੱਲ ਵੀ ਲੈ ਜਾਂਦੀਆਂ ਹਨ।

ਇਸੇ ਤਰ੍ਹਾਂ ਜੇਕਰ ਅਸੀਂ ਹਰੀਆਂ ਸਬਜ਼ੀਆਂ, ਮੱਛੀ, ਆਂਡੇ, ਫਲ, ਦੁੱਧ ਆਦਿ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰੀਏ ਅਤੇ ਇਨ੍ਹਾਂ ਦਾ ਸੇਵਨ ਕਰੀਏ ਤਾਂ ਨਾ ਸਿਰਫ਼ ਅਸੀਂ ਤੰਦਰੁਸਤ ਰਹਿੰਦੇ ਹਾਂ ਸਗੋਂ ਬਿਮਾਰੀਆਂ ਤੋਂ ਵੀ ਦੂਰ ਰਹਿੰਦੇ ਹਾਂ। ਇਸ ਲਈ ਆਪਣੀ ਖੁਰਾਕ ਨੂੰ ਸੰਤੁਲਿਤ ਰੱਖਣਾ ਬਹੁਤ ਜ਼ਰੂਰੀ ਹੈ। ਧਿਆਨ ਵਿੱਚ ਰੱਖੋ ਕਿ ਤੁਹਾਨੂੰ ਆਪਣੀ ਖੁਰਾਕ ਵਿੱਚ ਪ੍ਰੋਟੀਨ, ਵਿਟਾਮਿਨ ਅਤੇ ਹੋਰ ਖਣਿਜਾਂ ਦੀ ਸੰਤੁਲਿਤ ਮਾਤਰਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

**ਕਾਫ਼ੀ ਨੀਂਦ ਲਓ**

ਸਰੀਰ ਨੂੰ ਤੰਦਰੁਸਤ ਰੱਖਣ ਲਈ ਸਵੇਰੇ ਜਲਦੀ ਉੱਠਣਾ ਚਾਹੀਦਾ ਹੈ ਅਤੇ ਰਾਤ ਨੂੰ ਜਲਦੀ ਸੌਣਾ ਚਾਹੀਦਾ ਹੈ। ਹਰ ਰੋਜ਼ ਅਨੁਸ਼ਾਸਿਤ ਰੁਟੀਨ ਦੀ ਪਾਲਣਾ ਕਰਨ ਨਾਲ, ਅਸੀਂ ਨਾ ਸਿਰਫ਼ ਤੰਦਰੁਸਤ ਰਹਿੰਦੇ ਹਾਂ, ਸਗੋਂ ਅਸੀਂ ਖੁਸ਼ ਵੀ ਮਹਿਸੂਸ ਕਰਦੇ ਹਾਂ।

ਰਾਤ ਨੂੰ ਜਲਦੀ ਸੌਣਾ ਸਾਨੂੰ ਸਵੇਰੇ ਜਲਦੀ ਉੱਠਣ ਵਿੱਚ ਮਦਦ ਕਰਦਾ ਹੈ। ਜੇਕਰ ਅਸੀਂ ਸਵੇਰੇ ਜਲਦੀ ਸੌਣ ਤੋਂ ਬਾਅਦ ਉੱਠਦੇ ਹਾਂ ਤਾਂ ਵੀ ਸਾਡੀ ਨੀਂਦ ਪੂਰੀ ਹੁੰਦੀ ਹੈ।ਸਾਨੂੰ ਲੋੜੀਂਦੇ ਘੰਟੇ ਦੀ ਨੀਂਦ ਮਿਲਦੀ ਹੈ। ਜਿਸ



ਕਾਰਨ ਸਾਡੇ ਸਰੀਰ ਦੀਆਂ ਕਈ ਪ੍ਰਕ੍ਰਿਆਵਾਂ ਵੀ ਸਹੀ ਢੰਗ ਨਾਲ ਹੁੰਦੀਆਂ ਹਨ।

ਸਮੇਂ ’ਤੇ ਸੌਣ ਅਤੇ ਸਮੇਂ ’ਤੇ ਉੱਠਣ ਨਾਲ ਨਾ ਸਿਰਫ ਸਰੀਰਕ ਲਾਭ ਮਿਲਦਾ ਹੈ ਬਲਕਿ ਇਸ ਨਾਲ ਕਈ ਮਾਨਸਿਕ ਲਾਭ ਵੀ ਹੁੰਦੇ ਹਨ। ਇਸ ਨਾਲ ਅਸੀਂ ਸਕਾਰਾਤਮਕ ਮਹਿਸੂਸ ਕਰ ਸਕਦੇ ਹਾਂ।

**ਮਹੱਤਵਪੂਰਨ ਹੈ ਨਾਸ਼ਤਾ**

ਸਿਹਤਮੰਦ ਰਹਿਣ ਲਈ ਸਮੇਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ ਜਿਵੇਂ ਸਮੇਂ ’ਤੇ ਨਾਸ਼ਤਾ ਕਰਨਾ। ਸਵੇਰੇ ਸਹੀ ਸਮੇਂ ’ਤੇ ਨਾਸ਼ਤਾ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

ਇੱਕ ਖੋਜ ਵਿੱਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਜੋ ਲੋਕ ਨਾਸ਼ਤੇ ਵਿੱਚ ਪੌਸ਼ਟਿਕ ਚੀਜ਼ਾਂ ਲੈਂਦੇ ਹਨ, ਉਹ ਦਿਨ ਭਰ ਤਾਜ਼ਾ ਮਹਿਸੂਸ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦਾ ਭਾਰ ਵੀ ਸੰਤੁਲਿਤ ਰਹਿੰਦਾ ਹੈ।

ਅਸੀਂ ਨਾਸ਼ਤੇ ਵਿਚ ਅੰਡੇ, ਦੁੱਧ, ਮੱਖਣ ਅਤੇ ਫਲ ਆਦਿ ਖਾ ਸਕਦੇ ਹਾਂ। ਨਾਸ਼ਤੇ ਵਿੱਚ ਪੂਰੇ ਪਰਾਂਠੇ ਜਾਂ ਤਲੀਆਂ ਚੀਜ਼ਾਂ ਦੀ ਬਜਾਏ ਦਲੀਆ ਖਾਣਾ ਬਿਹਤਰ ਹੁੰਦਾ ਹੈ। ਇਸ ਨਾਲ ਅਸੀਂ ਦਿਨ ਭਰ ਊਰਜਾਵਾਨ ਮਹਿਸੂਸ ਕਰਾਂਗੇ। ਇਸ ਦੇ ਨਾਲ ਹੀ ਚਿੜਚਿੜਾਪਨ ਵੀ ਦੂਰ ਹੋ ਜਾਵੇਗਾ।

**ਪਾਣੀ ਪੀਓ**

ਸਿਹਤਮੰਦ ਰਹਿਣ ਲਈ ਲੋੜੀਂਦੇ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ। ਜ਼ਿਆਦਾਤਰ ਦੇਖਿਆ ਗਿਆ ਹੈ ਕਿ ਲੋਕ ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਚਾਹ ਪੀਂਦੇ ਹਨ। ਜੇਕਰ ਸਿਹਤ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਆਦਤ ਠੀਕ ਨਹੀਂ ਹੈ।

ਸਵੇਰੇ ਖਾਲੀ ਪੇਟ ਚਾਹ ਨਹੀਂ ਪੀਣੀ ਚਾਹੀਦੀ, ਸਗੋਂ ਚਾਹ ਪੀਣ ਤੋਂ ਪਹਿਲਾਂ ਖਾਲੀ ਪੇਟ ਕੋਸੇ ਪਾਣੀ ਦਾ ਸੇਵਨ ਕਰਨਾ ਫਾਇਦੇਮੰਦ ਹੁੰਦਾ ਹੈ।

ਇਸ ਦੇ ਨਾਲ ਹੀ ਸਾਨੂੰ ਦਿਨ ਭਰ ਭਰਪੂਰ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ। ਸੀਡੀਸੀ ਦੀ ਇੱਕ ਰਿਪੋਰਟ ਦੇ ਅਨੁਸਾਰ, ਇੱਕ ਬਾਲਗ ਵਿਅਕਤੀ ਨੂੰ ਇੱਕ ਦਿਨ ਵਿੱਚ ਲਗਭਗ 5-6 ਲੀਟਰ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ।

ਸਾਨੂੰ ਪ੍ਰਤੀ ਦਿਨ ਕਿੰਨਾ ਪਾਣੀ ਪੀਣਾ ਚਾਹੀਦਾ ਹੈ ਇਹ ਵੀ ਵਿਅਕਤੀ ਦੀ ਉਮਰ ਅਤੇ ਲਿੰਗ ’ਤੇ ਨਿਰਭਰ ਕਰਦਾ ਹੈ। ਪਾਣੀ ਦਾ ਭਰਪੂਰ ਸੇਵਨ ਕਰਨ ਨਾਲ ਸਾਡੇ ਸਰੀਰ ਨੂੰ ਪਾਣੀ ਦੀ ਸਪਲਾਈ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਸਰੀਰ ਵਿੱਚ ਮੌਜੂਦ ਜ਼ਹਿਰੀਲੇ ਤੱਤਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਇੱਕ ਮਾਧਿਅਮ ਵੀ ਪਾਇਆ ਜਾਂਦਾ ਹੈ।

ਅਸੀਂ ਆਪਣੇ ਸਰੀਰ ਵਿੱਚ ਪਾਣੀ ਦੀ ਲੋੜੀਂਦੀ ਮਾਤਰਾ ਨੂੰ ਪੂਰਾ ਕਰਨ ਲਈ ਫਲਾਂ ਅਤੇ ਸਬਜ਼ੀਆਂ ਦੇ ਜੂਸ ਦਾ ਸੇਵਨ ਵੀ ਕਰ ਸਕਦੇ ਹਾਂ।

**ਕਸਰਤ**

ਸਿਹਤਮੰਦ ਰਹਿਣ ਲਈ ਕਸਰਤ ਕਰਨਾ ਬਹੁਤ ਜ਼ਰੂਰੀ ਹੈ। ਸਾਨੂੰ ਰੋਜ਼ਾਨਾ 30 ਤੋਂ 40 ਮਿੰਟ ਤੱਕ ਕਸਰਤ ਕਰਨੀ ਚਾਹੀਦੀ ਹੈ।ਰੋਜ਼ਾਨਾ ਕਸਰਤ ਕਰਨ ਨਾਲ ਸਰੀਰ ਵਿੱਚ ਊਰਜਾ ਦੀ ਇੱਕ ਪ੍ਰਣਾਲੀ ਬਣੀ ਰਹਿੰਦੀ ਹੈ। ਇਸਦੇ ਨਾਲ ਹੀ ਜੇਕਰ ਸਰੀਰ ਵਿੱਚ ਵਾਧੂ ਚਰਬੀ ਜਾਂ ਚਰਬੀ ਮੌਜੂਦ ਹੋਵੇ ਤਾਂ ਇਹ ਵੀ ਖਤਮ ਹੋ ਜਾਂਦੀ ਹੈ।ਸਵੇਰੇ ਜਲਦੀ ਕਸਰਤ ਕਰਨਾ ਸਰੀਰ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਯੋਗਾ ਅਤੇ ਧਿਆਨ ਕਰਨਾ ਵੀ ਇੱਕ ਚੰਗੀ ਪ੍ਰਕਿਰਿਆ ਹੈ।ਜੇਕਰ ਤੁਸੀਂ ਕਸਰਤ ਬਿਲਕੁਲ ਨਹੀਂ ਕਰਦੇ ਤਾਂ ਅੱਜ ਤੋਂ ਹੀ ਕਸਰਤ ਸ਼ੁਰੂ ਕਰਨ ਦੀ ਕੋਸ਼ਿਸ਼ ਕਰੋ। ਸ਼ੁਰੂਆਤੀ ਦਿਨਾਂ ਵਿੱਚ, ਤੁਸੀਂ 2-3 ਮਿੰਟ ਲਈ ਕਸਰਤ ਕਰ ਸਕਦੇ ਹੋ ਪਰ ਇਸਦੀ ਆਦਤ ਜ਼ਰੂਰ ਬਣਾਓ। ਸਰੀਰ ਨੂੰ ਪਤਲਾ ਰੱਖਣ ਲਈ ਤੈਰਾਕੀ ਕਰਨੀ ਚਾਹੀਦੀ ਹੈ।

**ਸਿਹਤਮੰਦ ਰਹਿਣ ਲਈ ਨੁਕਤੇ**

ਕਬਜ਼ ਤੋਂ ਪੀੜਤ ਲੋਕਾਂ ਨੂੰ ਸ਼ਾਮ ਨੂੰ ਪਪੀਤੇ ਦਾ ਸੇਵਨ ਕਰਨਾ ਚਾਹੀਦਾ ਹੈ। ਫਾਈਬਰ ਨਾਲ ਭਰਪੂਰ ਪਦਾਰਥਾਂ ਦਾ ਸੇਵਨ ਕਰਨ ਨਾਲ ਵੀ ਕਬਜ਼ ਤੋਂ ਰਾਹਤ ਮਿਲਦੀ ਹੈ।

ਦੰਦਾਂ ਨੂੰ ਸਿਹਤਮੰਦ ਅਤੇ ਸਾਫ਼ ਰੱਖਣ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਸਾਫ਼ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਇਕ ਗਿਲਾਸ ਪਾਣੀ ਪੀ ਕੇ ਹੀ ਸੌਣਾ ਚਾਹੀਦਾ ਹੈ।

ਖਾਣਾ ਖਾਂਦੇ ਸਮੇਂ ਜ਼ਿਆਦਾ ਪਾਣੀ ਨਹੀਂ ਪੀਣਾ ਚਾਹੀਦਾ। ਖਾਣੇ ਦੇ ਵਿਚਕਾਰ ਇੱਕ ਵਾਰ ਹੀ ਪੀਣਾ ਚਾਹੀਦਾ ਹੈ। ਹੋ ਸਕੇ ਤਾਂ ਖਾਣਾ ਖਾਣ ਤੋਂ ਅੱਧੇ ਘੰਟੇ ਬਾਅਦ ਪਾਣੀ ਪੀਓ।

ਰੋਜ਼ਾਨਾ ਯੋਗਾ ਕਰਨਾ ਸਾਡੇ ਸਰੀਰ ਲਈ ਫਾਇਦੇਮੰਦ ਹੁੰਦਾ ਹੈ। ਇਹ ਸਾਨੂੰ ਗੰਭੀਰ ਬਿਮਾਰੀਆਂ ਤੋਂ ਵੀ ਬਚਾ ਸਕਦਾ ਹੈ।

ਫਰਿੱਜ ਵਿੱਚ ਰੱਖਿਆ ਠੰਡਾ ਪਾਣੀ ਪੀਣ ਤੋਂ ਪਰਹੇਜ਼ ਕਰੋ। ਇਹ ਨਾ ਸਿਰਫ ਗਲੇ ਲਈ ਨੁਕਸਾਨਦੇਹ ਹੈ ਸਗੋਂ ਸਾਡੇ ਸਰੀਰ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

ਬਾਹਰੋਂ ਆਉਣ ਤੋਂ ਬਾਅਦ, ਬਾਹਰਲੀਆਂ ਚੀਜ਼ਾਂ ਨੂੰ ਛੂਹਣ ਤੋਂ ਬਾਅਦ, ਘਰ ਵਿੱਚ ਖਾਣਾ ਬਣਾਉਣ ਤੋਂ ਪਹਿਲਾਂ, ਖਾਣਾ ਖਾਣ ਤੋਂ ਪਹਿਲਾਂ, ਹੱਥ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ।

ਜੇਕਰ ਘਰ ਵਿੱਚ ਛੋਟੇ ਬੱਚੇ ਅਤੇ ਬੁੱਢੇ ਲੋਕ ਹਨ ਤਾਂ ਸਫ਼ਾਈ ਦਾ ਜ਼ਿਆਦਾ ਧਿਆਨ ਰੱਖਣਾ ਚਾਹੀਦਾ ਹੈ ।





# ਦੋ ਹੰਝੂ

**ਮਹਿੰਦਰ ਸਿੰਘ ਜੋਸ਼ੀ**

ਮੈਂ ਆਪਣੀਆਂ ਸਾਲਾਨਾ ਛੁੱਟੀਆਂ ਵਿਚੋਂ ਕੁਝ ਦਿਨ ਕੱਟਣ ਪਿੰਡ ਗਿਆ ਸਾਂ। ਇਕ ਸਵੇਰ ਧਰਮਸ਼ਾਲਾ ਕੋਲੋਂ ਲੰਘਦਿਆਂ ਆਪਣੇ ਬਚਪਨ ਦੇ ਮਿੱਤਰ ਸਾਧੂ ਨੂੰ ਉਥੇ ਬੈਠਾ ਦੇਖ ਕੇ ਰੁਕ ਗਿਆ। ਨਾਲ ਦੇ ਘਰ ਧਾਲੀਵਾਲਾਂ ਦੇ ਸੰਤੋਖ ਦਾ ਵਿਆਹ ਸੀ, ਤੇ ਸੁਨਾਮੋਂ ਆਇਆ ਬੈਂਡ ਵੱਜ ਰਿਹਾ ਸੀ। ਇਕ ਬਿਰਧ ਜਿਹੜਾ ਪਹਿਲਾਂ ਕਦੇ ਮੇਰਾ ਦੇਖਿਆ ਪ੍ਰਤੀਤ ਨਹੀਂ ਸੀ ਹੁੰਦਾ, ਅੱਗੇ ਜਾਂਦਾ ਖੜੋ ਕੇ ਵਾਜਾ ਸੁਣਨ ਲੱਗਾ। ਉਹਨੇ ਸੋਟੀ ਜ਼ਮੀਨ 'ਤੇ ਟੇਕ ਕੇ ਆਪਣੀ ਕੁੱਬੀ ਕਮਰ ਨੂੰ ਸਹਾਰਾ ਦਿੱਤਾ ਹੋਇਆ ਸੀ, ਤਦ ਵੀ ਉਹਦੀਆਂ ਮਾਸ-ਢਿਲਕੀਆਂ ਲੱਤਾਂ ਥਰ ਥਰ ਕੰਬ ਰਹੀਆਂ ਸਨ। ਉਹਨੂੰ ਬਾਹੋਂ ਫੜ ਕੇ ਮੈਂ ਆਪਣੇ ਕੋਲ ਬਹਾਇਆ ਤਾਂ ਉਹਦੀਆਂ ਅੱਖਾਂ ਦੇ ਕੋਇਆਂ ਵਿੱਚ ਦੋ ਨਿੱਕੇ ਨਿੱਕੇ ਹੰਝੂ ਅਟਕੇ ਨਜ਼ਰ ਆਏ। ਮੈਂ ਇਕ ਪਾਸੇ ਮੂੰਹ ਕੀਤਾ ਤਾਂ ਉਹਨੇ ਪਾਣੀ ਦੀਆਂ ਉਹ ਛਿੱਟਾਂ ਆਪਣੇ ਮੋਢੇ 'ਤੇ ਰੱਖੇ ਪਰਨੇ ਨਾਲ ਪੂੰਝ ਛੱਡੀਆਂ।

ਮੈਂ ਸਾਧੂ ਤੋਂ ਪੁੱਛਿਆ, ਕਿਥੋਂ ਵਿਆਹ ਕੇ ਲਿਆਏ ਨੇ ਇਹ ਕੁੜੀ ?

ਉਹ ਕਹਿੰਦਾ, ਕੁੜੀ ਕਿਉਂ ਜੀ, ਪਰੀ ਕਹੋ। ਦੱਸਦੇ ਨੇ ਬਾਰਾਂ ਜਮਾਤਾਂ ਪੜ੍ਹੀ ਐ, ਤੇ ਹੱਥ ਲਾਏ ਤੋਂ ਮੈਲੀ ਹੁੰਦੀ ਐ। ਉਹਦੇ ਨਾਲ ਦੀ ਇਕ ਵੀ ਬਹੂ ਅੱਜ ਤੱਕ ਪਿੰਡ 'ਚ ਨ੍ਹੀਂ ਆਈ।

ਮੈਂ ਕਿਹਾ, ਮੁੰਡੇ ਦਾ ਮੂੰਹ ਤਾਂ ਕਿਸੇ ਲੰਗੂਰ ਤੋਂ ਉਧਾਰ ਲਿਆ ਲੱਗਦੈ।

ਜੀ ਤੀਵੀਂ ਤਾਂ ਘਰ ਨੂੰ ਮਿਲਦੀ ਐ, ਬੰਦੇ ਨੂੰ ਕੌਣ ਪੁੱਛਦੈ! ਸਾਧੂ ਨੇ ਜਵਾਬ ਦਿੱਤਾ।

ਸਾਡੀ ਵਾਰਤਾਲਾਪ ਬਾਬੇ ਦੇ ਕੰਨੀਂ ਪੈ ਗਈ, ਤੇ ਉਹ ਇਹਦੇ ਵਿੱਚ ਸ਼ਾਮਲ ਹੁੰਦਿਆਂ ਬੋਲਿਆ,

ਇਹ ਝੂਠ ਐ, ਬਿਓਹ ਮਾਤਾ ਜਿਹੜੇ ਅੱਖਰ ਲਿਖ ਦਿੰਦੀ ਐ, ਬਿਨ ਪੁੱਛੇ ਪਾਰ ਹੋ ਜਾਂਦੇ ਨੇ। ਚੰਗੀ ਕੁੜੀ ਘਰ ਨੂੰ ਨ੍ਹੀਂ, ਭਾਗ ਨੂੰ ਜੁੜਦੀ ਐ।

ਇਹ ਕਿਸਮਤ ਦੀਆਂ ਲਕੀਰਾਂ ਵਾਲਾ ਸਿਧਾਂਤ ਮੈਂ ਪੜ੍ਹੇ ਲਿਖੇ ਨੇ ਤਾਂ ਕੀ ਸਵੀਕਾਰ ਕਰਨਾ ਸੀ, ਸਾਧੂ ਨੇ ਵੀ ਨਾ ਮੰਨਿਆ।

ਸਾਨੂੰ ਆਪਣੇ ਮਤ ਦਾ ਅਨੁਆਈ ਬਣਾਉਣ ਲਈ ਬਾਬੇ ਨੇ ਗੱਲ ਛੇੜੀ, ਜਿੰਨਾ ਮੇਰਾ ਬਾਪ ਹੱਸਮੁਖ ਸੀ, ਮਾਂ ਓਨੀਂ ਹੀ ਕਬੈੜੀ ਸੀ। ਬਿੱਸਵਾ ਬਹੁਤ ਸੀ, ਘਰ ਨੂੰ ਅੱਗ ਲਾਈ ਨ੍ਹੀਂ ਸੀ ਲੱਗਦੀ। ਤਾਂ ਵੀ ਪਤਾ ਨਹੀਂ ਕੀ ਉਹਦੇ ਢਿੱਡ 'ਚ ਸੂਲ ਉਠਦਾ, ਬਿਨਾਂ ਬਹਾਨੇ ਉਹਦੇ ਨਾਲ ਆਢਾ ਬੰਨ੍ਹੀ ਰੱਖਦੀ। ਇਕ ਵਾਰੀ ਉਹ ਪਾਣੀ ਝਾਰੇ ਨਾਲ ਮੰਜੇ ਪੈ ਕੇ ਇੱਕੀ ਦਿਨਾਂ ਪਿੱਛੋਂ ਸੱਥ 'ਚ ਗਿਆ ਤਾਂ ਉਥੇ ਪਹੁੰਚ ਕੇ ਵੀ ਉਹਦੇ ਅਗਲੇ ਪਿਛਲੇ ਪੁਣਨ ਲੱਗ ਪਈ। ਬਿਮਾਰ ਆਦਮੀ ਚਿੜਚਿੜਾ ਹੋ ਜਾਂਦੈ। ਮੇਰੇ ਬਾਪ ਨੇ ਤਾਓ ਖਾ ਕੇ ਗੋਰਲੇ ਖੂਹ 'ਚ ਛਾਲ ਜਾ ਮਾਰੀ। ਲੋਕਾਂ ਨੇ ਕਈ ਕੰਡੇ ਸਿੱਟ ਕੇ ਹਲਾਏ, ਪਰ ਉਹ ਮਰ ਕੇ ਈ ਬਾਹਰ ਆਇਆ।

ਅੰਦਰੋਂ ਪਿਆਰ ਦੋਹਾਂ ਜੀਆਂ ਦਾ ਐਨਾ ਸੀ, ਬੁੱਢੇ ਗੁਜਰੇ ਪਿੱਛੋਂ ਮਾਂ ਨੇ ਚਾਰ ਮਹੀਨੇ ਬੀ ਨਾ ਕੱਟੇ। ਐਵੇਂ ਘੁਰ ਘੁਰ ਕਰਨ ਦੀ ਬਾਣ ਹੁੰਦੀ ਐ ਜ਼ਨਾਨੀਆਂ ਨੂੰ। ਕਹਿੰਦੇ, ਜੇ ਅੰਦਰ ਦਾ ਗੁਬਾਰ ਨਾ ਕੱਢਣ, ਅੰਨ੍ਹੀਆਂ ਹੋ ਜਾਣ।

ਮੈਂ ਤੜਕੇ ਆਥਣੇ ਤਿੰਨ ਸੇਰ ਪੱਕਾ ਦੁੱਧ ਕਾਹੜਨਾ ਤੇ ਅੱਧਾ ਰਹੇ ਤੋਂ ਪੀ ਲੈਣਾ। ਕਦੇ ਮਲਾਈ ਨੂੰ ਤੌੜੀ ਪਾੜ ਲਈ, ਕਦੇ ਦਹੀਂ ਨੂੰ ਹੱਥ ਮਾਰ ਲਿਆ। ਮੂੰਹ ਦਾ ਸੁਆਦ ਬਣਾਉਣ ਨੂੰ ਇਕ ਅੱਧੀ ਗੁੱਲੀ ਦੀ ਲੋੜ ਹੁੰਦੀ, ਉਹ ਮੇਰੀ ਛੋਟੀ ਭੈਣ ਥੱਪ ਦਿੰਦੀ।

ਖ਼ੁਰਾਕ ਤੇ ਮਿਹਨਤ ਨਾਲ ਮੇਰਾ ਸਰੀਰ ਸ਼ਤੀਰ ਜਿੰਨਾ ਲੰਮਾ ਹੋ ਗਿਆ ਤੇ ਸਿਲ ਬਰਗਾ ਕਾਠਾ। ਮੇਰੇ ਕੋਲ ਸੱਤ ਪੋਰੀਆਂ ਦੀ ਡਾਂਗ ਹੁੰਦੀ ਤੇਲ 'ਚ ਭਿੱਜੀ ਹੋਈ। ਮੁੰਡੇ ਪੁੱਛਦੇ 'ਤੂੰ ਸੰਮ ਨ੍ਹੀਂ ਲਵਾਉਂਦਾ ?' ਮੈਂ ਕਹਿੰਦਾ, 'ਸੰਮ ਮੇਰੀਆਂ ਮੁੱਠੀਆਂ ਵਿਚ ਐ।' ਇਕ ਵਾਰ ਖੜਕਾ ਹੋ ਕੇ ਅੱਭੜਵਾਇਆ ਉਠਿਆ ਤਾਂ ਐਂ ਲੱਗਿਆ ਜਿਵੇਂ ਅੰਦਰ ਚੋਰ ਹੁੰਦੈ। ਮੈਂ ਦੋਹਾਂ ਹੱਥਾਂ 'ਚ ਫੜ ਸੋਟੀ ਮਾਰੀ ਤੇ ਬੁਰਜੀ ਦੇ ਬਚਾਲਿਓਂ ਇੱਟ ਬੁੜ੍ਹਕ ਕੇ ਬਾਹਰ ਆ ਡਿੱਗੀ! ਉਹ ਸੋਟੀ ਜੇ ਝੋਟੇ ਦੇ ਬੱਜੀ ਹੁੰਦੀ, ਲੱਕ ਤੋੜ ਦਿੰਦੀ। ਫੇਰ ਇਕ ਬਾਰੀ ਮੈਂ ਮੇਲਾ ਦੇਖ ਕੇ ਮੁੜਿਆ ਆਉਂਦਾ ਸੀ। ਰਾਹ 'ਚ ਬੰਦੇ ਲੜੀ ਜਾਣ, ਚਾਰ ਇਕ ਪਿੰਡ ਦੇ, ਤਿੰਨ ਇਕ ਦੇ। ਉਨ੍ਹਾਂ ਨੂੰ ਭਿੜਦੇ ਦੇਖ ਕੇ ਮੇਰਾ ਹੱਥ ਰਸਾਉਣ ਨੂੰ ਜੀ ਕਰ ਆਇਆ। ਮੈਂ ਮਾੜਿਆਂ ਦਾ ਦਰਦੀ ਹੋ ਕੇ ਚਾਰਾਂ ਵਿਚੋਂ ਇਕ ਦੇ ਪੁੜੇ 'ਤੇ ਡਾਂਗ ਛੱਡੀ। ਉਹ ਪਿਛਾਂਹ ਝਾਕਿਆ, ਤਾਂ ਮੈਂ; ਜਿਹਦੇ ਨਾਲ ਜਾਣ ਨਾ ਪਛਾਣ। ਚਾਰ ਉਹ ਤੇ ਤਿੰਨ ਉਹ, ਸਾਰੇ ਮੇਰੇ ਪਿੱਛੇ ਪੈ ਗਏ। ਮੈਂ ਇਕ ਭੜੀਂ ਨਾਲ ਪਿੱਠ ਜੋੜ ਕੇ ਸੋਟੀ ਚਲਾਈ ਤੇ ਸੱਤਾਂ ਨੂੰ ਭਾਜੜਾਂ ਪਾ ਦਿੱਤੀਆਂ।

ਮੈਂ ਅਜੇ ਮਛੋਹਰ ਈ ਸੀ, ਜਦ ਨਾਤਿਆਂ ਵਾਲਿਆਂ ਨੇ ਦਿਹਲੀ ਨੀਵੀਂ ਕਰ ਦਿੱਤੀ। ਮੈਂ ਬਾਪ ਨਾਲ ਬੀਤੀ ਯਾਦ ਕਰ ਕੇ ਵਿਆਹ ਤੋਂ ਚਲਦਾ ਸੀ। ਮੈਂ ਕਿਹਾ, ਪਤਾ ਨ੍ਹੀਂ ਕਿਹੜੀ ਕਲਜੋਗਣ ਦੇ ਬਸ ਪੈ ਜਾਂਗੇ। ਜੀਹਨੇ ਸਗਾਈ ਨੂੰ ਟੋਕਣਾ, ਮੈਂ ਉਹਨੂੰ ਇਹੀ ਕਹਿ ਕੇ ਟਾਲ ਦੇਣਾ, 'ਭਾਈ ਪਹਿਲਾਂ ਕੁੜੀ ਨੂੰ ਬਾਰੋਂ ਉਠਾ ਲਾਈਏ।'

ਇਕ ਦਿਨ ਖੁੰਢਾਂ 'ਤੇ ਗੱਲਾਂ ਤੁਰਦੀਆਂ 'ਚ ਕਿਸੇ ਨੇ ਕਿਹਾ, 'ਗੋਈਆਂ ਦੀ ਛੋਟੀ ਨੂੰਹ, ਬੜੀ ਛੈਲ ਐ।'

ਕੋਲੋਂ ਕੋਈ ਬੋਲਿਆ, 'ਗੋਈਆਂ ਦੀ ਨੂੰਹ ਨਾ ਹੋਈ, ਸਾਲੀ ਕਾਰੋ ਹੋ ਗਈ ਅਬਦੁਲ ਗੜ੍ਹ ਵਾਲੀ।'

ਮੈਂ ਕਿਹਾ, 'ਓਇ ਇਹ ਕਾਰੋ ਕੌਣ ਐਂ।'

ਉਹ ਕਹਿੰਦਾ, 'ਹੀਰ ਜੰਮੀ ਐ ਮੁੜ ਕੇ ਜੱਟਾਂ ਦੇ ਘਰ। ਰੱਜ ਕੇ ਸੋਹਣੀ, ਉਹਦਾ ਮੂੰਹ ਦੇਖ ਕੇ ਭੁੱਖ ਲਹਿੰਦੀ ਐ। ਬੜੇ ਬੜੇ ਪਿੰਡਾਂ ਦੇ ਮਾਲਕ ਉਹਦੇ ਸਾਕ ਨੂੰ ਹੱਥ ਬੰਨ੍ਹਦੇ ਫਿਰਦੇ ਨੇ, ਕਹਿੰਦੇ ਉਹਦੀ ਡੋਲੀ ਕਈ ਲੋਥਾਂ ਉਤੋਂ ਲੰਘੂ!'

ਮੈਂ ਚਿੜੀ ਚੂਹਕਦੀ ਨਾਲ ਘੋੜੀ 'ਤੇ ਕਾਠੀ ਪਾਈ ਤੇ ਰਤਾ ਕੁ ਦਿਨ ਚੜ੍ਹਦੇ ਨੂੰ ਅਬਦੁਲਗੜ੍ਹ ਪਹੁੰਚ ਗਿਆ। ਮੈਂ ਪਾਲੀਆਂ ਨੂੰ ਪੁੱਛਿਆ, 'ਓਇ ਥੋਡੇ ਪਿੰਡ ਕੋਈ ਕਾਰੋ ਐ।' ਕਹਿੰਦੇ, 'ਆਹੋ ਹੈ, ਹੁਣੇ ਹੁਣੇ ਹਾਜ਼ਰੀ ਲੈ ਕੇ ਖੇਤ ਗਈ ਐ।' ਮੈਂ ਘੋੜੀ ਰੇਬੀਏ ਪਾ ਲਈ। ਪਿੰਡੋਂ ਕੋਹ ਕੁ 'ਤੇ ਇਕ ਜ਼ਨਾਨੀ ਦਿਸੀ। ਤੋਰ ਕੀ ਸੀ, ਲੋਹੜਾ ਸੀ। ਨਿੱਕੀ ਨਿੱਕੀ ਡਿੰਘ, ਜਾਣੋਂ ਮੁਰਗਾਬੀ ਢਾਬ 'ਚ ਛੱਲਾਂ ਉਠਾਉਂਦੀ ਤੁਰੀ ਜਾਂਦੀ ਐ। ਮੇਰੇ ਮਨ ਨੇ ਕਿਹਾ, 'ਕਾਰੋ ਤਾਂ ਏਹੀ ਐ।' ਬਰਾਬਰ ਹੋ ਕੇ ਮੈਂ ਉਹਦਾ ਮੂੰਹ ਦੇਖਿਆ। ਭਾਵੇਂ ਉਹਨੂੰ ਸੂਰਜ ਕਹਿ ਲਓ, ਭਾਵੇਂ ਚੰਦ ਕਹਿ ਲਓ। ਨਾਉਂ ਪੁੱਛ ਕੇ ਕੀ ਕਰਨਾ ਸੀ। ਮੈਂ ਝਾਕਦਾ ਝਾਕਦਾ ਅੱਗੇ ਲੰਘ ਗਿਆ ਤੇ ਫੇਰ ਘੋੜੀ ਮੋੜ ਕੇ ਝਾਕਦਾ ਝਾਕਦਾ ਪਿੱਛੇ ਲੰਘ ਗਿਆ। ਦੋ ਤਿੰਨ ਗੇੜੇ ਏਵੇਂ ਮਾਰੇ। ਜਦੋਂ ਉਹ ਰੋਟੀ ਖਵਾ ਕੇ ਆਈ ਤਾਂ ਮੈਂ ਫੇਰ ਉਹਨੂੰ ਖੇਤਾਂ ਨੂੰ ਜਾਂਦਾ ਮਿਲਿਆ। ਉਹ ਮੇਰੇ ਰਾਹ ਵਿਚਾਲੇ ਹੋ ਕੇ ਖੜੋ ਗਈ। ਕਹਿੰਦੀ, 'ਤੂੰ ਕੌਣ ਐਂ ?'

ਮੈਂ ਕਿਹਾ, 'ਮੈਂ ਬਚਿੱਤਰ ਆਂ ਬਲਬੇਹੜੇ ਵਾਲੇ ਜੋਰਾਬਰ ਸਿੰਘ ਜ਼ੈਲਦਾਰ ਦਾ ਮੁੰਡਾ।'

ਕਹਿੰਦੀ, 'ਕਿਵੇਂ ਆਇਐਂ ?'

ਮੈਂ ਕਿਹਾ 'ਐਵੇਂ।'

ਕਹਿੰਦੀ, 'ਜੇ ਐਵੇਂ ਆਇਆ ਸੀ, ਤਾਂ ਡੰਡੀ ਕਿਹੜੇ ਕਸੂਰੋਂ ਘੋੜੀ ਦੇ ਖੁਰਾਂ ਤੋਂ ਬਢਵਾਤੀ।'

ਉਹਦੀ ਮੁਸਕੜੀ ਦੇਖ ਕੇ ਮੈਨੂੰ ਹੌਸਲਾ ਹੋ ਗਿਆ। ਮੈਂ ਕਿਹਾ, 'ਭਾਗਮਾਨ, ਮਾਰ ਭਾਵੇਂ ਛੱਡ, ਮੈਂ ਤਾਂ ਤੇਰਾ ਨਾਉਂ ਸੁਣ ਕੇ ਆਇਆਂ। ਸੱਤ ਸੌ ਵਿੱਘੇ ਜ਼ਮੀਨ ਐ, ਦੋ ਜੋੜੀਆਂ ਬਲਦਾਂ ਦੀਆਂ ਨੇ, ਚਾਰ ਮੈਸਾਂ ਨੇ। ਕਿਸੇ ਗੱਲ ਦਾ ਤੋੜਾ ਨੀਂ, ਜੇ ਦਿਲ ਗੱਡਦੈ ਘੋੜੀ 'ਤੇ ਬਹਿ ਜਾ।'

ਉਹਨੇ ਮੇਰੀ ਜੁੱਤੀ ਤੋਂ ਜੂੜੇ ਤਕ ਐਂ ਨਿਗਹਾ ਮਾਰੀ ਜਿਵੇਂ ਮੰਡੀ 'ਤੇ ਖ਼ਰੀਦਣ ਤੋਂ ਪਹਿਲਾਂ ਬਹਿੜਕਾ ਅੰਗੀਦੈ। ਫੇਰ ਕਹਿੰਦੀ, 'ਤੱਤਾ ਨਾ ਲੱਕ। ਭਲੇ ਘਰਾਂ ਦੀਆਂ ਧੀਆਂ ਉਧਲ ਕੇ ਨ੍ਹੀਂ ਜਾਂਦੀਆਂ ਹੁੰਦੀਆਂ। ਬਾਪੂ ਨਾਲ ਗੱਲ ਕਰ ਲੈ। ਕੀ ਪਤਾ ਮੈਂ ਵੀ ਕੋਲੋਂ ਹੰਗੂਰਾ ਭਰ ਦਿਆਂ।'

ਮੈਂ ਉਨ੍ਹਾਂ ਦੇ ਨਾਈ ਦੇ ਹੱਥ ਉਤੇ ਅੱਧ ਪਾ ਚਾਂਦੀ ਰੱਖੀ ਤੇ ਉਹਨੂੰ ਅਤਾ ਪਤਾ ਸਮਝਾ ਕੇ ਆ ਗਿਆ, ਨਾਈ ਨੇ ਕੁੜੀ ਦੇ ਪਿਉ ਨੂੰ ਦੱਸ ਪਾਈ ਤੇ ਡੂੰਮਾਂ ਜਿਉਂ ਮੇਰੇ ਸੋਹਲੇ ਗਾਏ। ਉਹ ਕਹਿੰਦਾ, 'ਜਾ ਕੇ ਘਰ ਬਾਹਰ ਦੇਖ ਆ।' ਨਾਈ ਸਾਡੇ ਪਿੰਡ ਆਇਆ ਤਾਂ ਮੈਂ ਭਰੀ ਵਾਂਸਲੀ ਉਹਦੇ ਲੱਕ ਨੂੰ ਬੰਨ੍ਹ ਦਿੱਤੀ ਪਰ ਕਰਮ ਮੇਰੇ ਖੋਟੇ, ਨੇਪਰੇ ਗੱਲ ਫੇਰ ਵੀ ਨਾ ਚੜ੍ਹੀ। ਬੁੱਢਾ ਕਹਿੰਦਾ, 'ਇਕ ਧੀ ਐ ਮੈਂ ਨ੍ਹੀਂ ਉਹ ਪੂੰਨੀਏਂ ਜੱਟਾਂ ਦੇ ਵਿਆਹੁਣੀ।'

ਮੈਂ ਫੇਰ ਜਾ ਕੇ ਕਾਰੋ ਦੇ ਹੱਥੀਂ ਪੈਰੀਂ ਪਿਆ। ਉਹ ਕਹਿੰਦੀ, 'ਦਿਲ ਨਾ ਛੱਡ। ਜ਼ਮੀਨ ਤਾਂ ਤੇਰੇ ਨਾਲੋਂ ਬਹੁਤੀ ਇਕ ਸਰਦਾਰ ਕੋਲ ਐ, ਜਿਹਨੇ ਗੇੜਿਆਂ ਮੂੰਹੋਂ ਆਪਣਾ ਤੇ ਸਾਡਾ ਪਿੰਡ ਇਕ ਕਰ ਰੱਖੇ ਨੇ; । ਤੂੰ ਘਰ ਉਹਦੇ ਨਾਲੋਂ ਸੋਹਣਾ ਪਾ ਲੈ, ਮੈਂ ਆਪੇ ਬਾਪੂ ਨੂੰ ਤੇਰੇ ਪਿੱਛੇ ਮਨਾ ਲਊਂ।'

ਮੈਂ ਸ਼ਹਿਰ ਦੇ ਇਕ ਬੁੱਢੇ ਮਿਸਤਰੀ ਦਾ ਸਿਆਣੂੰ ਸੀ। ਉਹਨੂੰ ਮਿਲ ਕੇ ਕਿਹਾ, 'ਇਕ ਘਰ ਪਾ ਦੇ ਜਿਹਦੇ ਨਾਲ ਦਾ ਪੰਜਾਹ ਪੰਜਾਹ ਕੋਹ 'ਚ ਕਿਸੇ ਕੋਲ ਨਾ ਹੋਵੇ।' ਹਾੜ੍ਹੀ ਬੜੀ ਸੁਹਣੀ ਲੱਗੀ ਸੀ ਤੇ ਉਹਦੀ ਬੱਟਤ ਪੱਲੇ ਸੀ। ਮੈਂ ਉਹ ਸਾਰੀ ਉਹਦੇ ਹੱਥ 'ਤੇ ਰੱਖ ਦਿੱਤੀ, ਪਰ ਉਹਨੇ ਸਿਰ ਹਿਲਾਇਆ, ਕਹਿੰਦਾ, 'ਇਹਦੇ ਨਾਲ ਕੁਸ਼ ਨ੍ਹੀਂ ਬਣਨਾ।' ਜੀ ਨੇ ਕਿਹਾ, ਵਿਆਹ ਪਿੱਛੋਂ ਕੀ ਲਹਿੰਗਾ ਫੂਕਾਂਗੇ। ਮੈਂ ਅੱਧੀ ਜ਼ਮੀਨ ਆਡ ਰਹਿਣ ਕਰ ਦਿੱਤੀ ਤੇ ਮਿਸਤਰੀ ਮੂਹਰੇ ਰੁਪਈਆਂ ਦਾ ਢੇਰ ਲਾ ਦਿੱਤਾ। ਉਹ ਦਸੌਰ ਗਿਆ ਤੇ ਗੱਡੀ ਪੱਥਰ ਦੀ ਭਰ ਲਿਆਇਆ। ਬਾਰੀਆਂ, ਝਰੋਖੇ, ਥਮ ?ਹਲੇ ਤੇ ਹੋਰ ਨਿਕ ਸੁਕ। ਉਹਨੇ ਕਦੇ ਕਿਸੇ ਰਾਜੇ ਦੇ ਮਹੱਲ 'ਤੇ ਕੰਮ ਕੀਤਾ ਸੀ। ਕਹਿੰਦਾ, 'ਉਹ ਚੀਜ਼ ਬਣਾ ਕੇ ਦੇਊਂ, ਜਿਹੜੀ ਯਾਦ ਰੱਖੇਂ।'

ਮੇਰਾ ਮਕਾਨ ਉਸਰਨਾ ਸ਼ੁਰੂ ਹੋਇਆ। ਚਾਰੇ ਪਾਸੇ ਖੁੱਲ੍ਹੇ ਬਰਾਂਡੇ, ਉਨ੍ਹਾਂ ਦੀਆਂ ਲਾਲ ਪੱਥਰ ਦੀਆਂ ਕੂਲੀਆਂ ਥਮਹਲੀਆਂ, ਥਮਹਲੀਆਂ ਵਿਚਾਲੇ ਚਿੱਟੇ ਪੱਥਰ ਦੀਆਂ ਫੁੱਲਦਾਰ ਜਾਲੀਆਂ ਤੇ ਅੰਦਰ ਅੰਤਾਂ ਦੇ ਕਮਰੇ। ਦਿਨਾਂ ਵਿਚ ਈ ਥੌਂ ਥੌਂ ਏਸ ਘਰ ਦੀ ਚਰਚਾ ਹੋਣ ਲੱਗੀ। ਪਿੰਡ ਵਿਚੋਂ ਰਾਹੀ ਲੰਘਦੇ, ਤਾਂ ਇਹਨੂੰ ਵਿੰਗ ਪਾ ਕੇ ਦੇਖ ਕੇ ਜਾਂਦੇ। ਇਕ ਦਿਨ ਅਬਦੁਲਗੜ੍ਹ ਗਿਆ ਤਾਂ ਕਾਰੋ ਦੇ ਭਾ ਦਾ ਚੰਦ ਚੜ੍ਹ ਗਿਆ। ਮੇਰੇ ਮੋਢੇ 'ਤੇ ਹੱਥ ਧਰ ਕੇ ਕਹਿੰਦੀ, 'ਮੈਂ ਸੁਣ ਲਈਆਂ ਤੇਰੀ ਹਬੇਲੀ ਦੀਆਂ ਗੱਲਾਂ। ਪੂਰੀ ਕਰ ਲੈ, ਤੇ ਆਪਾਂ ਆਪਣਾ ਕੌਲ ਨਭਾਉਣ ਨੂੰ ਹਾਜ਼ਰ ਆਂ।'

ਪੁੱਠੇ ਮੁੜਦੇ ਦੀ ਮੇਰੀ ਘੋੜੀ ਤਾਰਿਆਂ ਦੇ ਛੜਾਂ ਮਾਰਦੀ ਜਾਵੇ।

ਮੈਂ ਆਉਂਦਿਆਂ ਈ ਕਾਰੀਗਰ ਨੂੰ ਕਿਹਾ, 'ਭਾਵੇਂ ਕੰਧ ਕੰਧ ਉਤੇ ਰਾਜ ਖੜ੍ਹਾ ਕਰ ਦੇ, ਪਰ ਘਰ ਹੁਣ ਬਣਿਆ ਹੀ ਦਿਸੇ।'

ਮਾਜਨਾ ਮੇਰਾ ਐਡਾ ਨਹੀਂ ਸੀ, ਜਿੱਡਾ ਕੰਮ ਵਿੱਢ ਲਿਆ। ਦੋ ਕੁ ਮਹੀਨੇ ਪਿੱਛੋਂ ਮਿਸਤਰੀ ਫੇਰ ਪੈਸਿਆਂ ਨੂੰ ਉਦਾਲੇ ਹੋ ਗਿਆ। ਦਾਣੇ ਅਜੇ ਦੂਰ ਸੀ। ਮੈਂ ਸ਼ਾਹਾਂ ਕੋਲ ਗਿਆ ਤੇ ਬਾਕੀ ਰਹਿੰਦੀ ਜ਼ਮੀਨ ਵੀ ਗਹਿਣੇ ਪਾ ਦਿੱਤੀ।

ਮੈਨੂੰ ਹੁਣ ਇਕੋ ਲਗਨ ਸੀ, ਘਰ ਦੀ। ਫ਼ਿਰਨਾ ਤੁਰਨਾ ਕੀਤਾ ਬੰਦ। ਲੋਅ ਹੋਣ ਤੋਂ ਹਟਣ ਤੱਕ ਖੇਤਾਂ ਵਿਚ ਸੰਦ ਚਲਾਉਣੇ, ਰਾਤ ਨੂੰ ਫ਼ਸਲਾਂ ਦੀ ਰਾਖੀ ਸੌਣਾ। ਦੁੱਧ ਦੀ ਥਾਂਉਂ ਲੱਸੀ ਪੀਣੀ, ਰੋਟੀਆਂ ਕਦੇ ਚੋਪੜਨੀਆਂ ਹੋਈਆਂ ਚੋਪੜ ਲਈਆਂ, ਨਹੀਂ ਤਾਂ ਅਨ-ਚੋਪੜੀਆਂ ਹੀ ਖਾ ਲਈਆਂ। ਜਿਹੜਾ ਘਿਉ ਨਿਕਲਣਾ ਉਹਦੀ ਤਿੱਪ ਤਿੱਪ ਲੋਕਾਂ ਨੂੰ ਤੋਲ ਦੇਣੀ। ਕੌਡੀ ਕੌਡੀ ਦੀ ਕਿਰਸ ਕੀਤੀ। ਸਮਾਂ ਦੱਬ ਕੇ ਲੱਗਿਆ, ਬੇਸ਼ੁਮਾਰ ਜਿਣਸ ਹੋਈ ਪਰ ਜਿਹੜੀ ਰਕਮ ਵੱਟੀ, ਪਤਾ ਨਹੀ ਕਿਹੜੀਆਂ ਖੱਡਾਂ ਵਿਚ ਵੜ ਗਈ। ਮਿਸਤਰੀ ਨੇ ਕਾਠ ਖਰੀਦਣ ਜਾਣਾ ਸੀ। ਕਹਿੰਦਾ, 'ਪੈਸੇ ਕੱਢ।' ਮੈਂ ਦੋ ਬਲਦ ਵੇਚੇ, ਚਾਰੇ ਮੈਸਾਂ, ਸਾਰੀਆਂ ਟੂੰਮਾਂ। ਫ਼ੇਰ ਵੀ ਪੂੰਜੀ ਥੋੜ੍ਹੀ ਰਹਿੰਦੀ ਦਿਸੀ, ਤਾਂ ਮੈਂ ਹਿੱਕ 'ਤੇ ਪੱਥਰ ਧਰ ਕੇ ਘੋੜੀ ਕਿੱਲਿਉਂ ਖੋਲ੍ਹ ਦਿੱਤੀ।

ਮਿਸਤਰੀ ਦੀ ਉਡੀਕ ਵਿੱਚ ਕੰਮ ਬੰਦ ਸੀ। ਮੈਂ ਕਿਹਾ, ਭੱਜ ਕੇ ਕਾਰੋ ਦਾ ਮੂੰਹ ਦੇਖ ਆਵਾਂ।

ਕਹਿੰਦੀ, 'ਕੀ ਹਾਲ ਐ ਘਰ ਦਾ ?'

ਮੈਂ ਕਿਹਾ, 'ਛੱਤਾਂ 'ਤੇ ਐ।'

ਕਹਿੰਦੀ, 'ਹੋਣਾ ਸੀ ਹੌਸਲੇ ਨਾਲ ਤਕੜਾ, ਤੂੰ ਸੁਕਦਾ ਜਾਨੈਂ ?'

ਮੈਂ ਕਿਹਾ, 'ਨਹੀਂ ਸੁੱਕਣਾ ਕਿਉਂ ਐ, ਇਹ ਤਾਂ ਐਵੇਂ ਭਖ ਹੋ ਗਈ ਸੀ ਪੰਜ ਚਾਰ ਦਿਨ।'

ਫ਼ੇਰ ਪੁੱਛਦੀ ਐ, 'ਐਤਕੀਂ ਜੁੱਤੀ 'ਤੇ ਈ ਸਵਾਰ ਹੋ ਕੇ ਆਇਐਂ ?'

ਮੈਂ ਜਵਾਬ ਦਿੱਤਾ, 'ਘੋੜੀ ਆਪਣੀ ਕੋਈ ਮੰਗ ਕੇ ਵਾਂਢੇ ਲੈ ਗਿਆ ਸੀ ਯਾਰ ਦੋਸਤ।'

ਕਹਿੰਦੀ, 'ਚੰਗਾ ਜਾਹ, ਛੱਤਾਂ ਪਾ ਕੇ ਆਵੇਂਗਾ ਤਾਂ ਬ੍ਰਾਹਮਣ ਤੋਂ ਵਿਆਹ ਦੀ ਤਰੀਕ ਵੀ ਕਢਵਾ ਲਿਆਈਂ, ਬਾਪੂ ਮੰਨ ਗਿਐ।'

ਮੈਨੂੰ ਅਚਮੀ ਲੱਗ ਗਈ। ਕਦ ਮਕਾਨ ਸਿਰੇ ਚੜ੍ਹੇ, ਕਦ ਉਹਦੇ ਦਰ 'ਤੇ ਰੰਗਲੇ ਚੂੜੇ ਵਾਲੀ ਕਾਰੋ ਨੂੰ ਰੱਥ ਵਿਚੋਂ ਉਤਾਰਾਂ। ਮੈਂ ਤਖਾਣਾਂ ਦੇ ਨਾਸੀਂ ਧੂੰਆਂ ਚਾੜ੍ਹ ਦਿੱਤਾ, 'ਛੇਤੀ ਕਰੋ ਓਇ, ਛੇਤੀ ਕਰੋ', ਤੇ ਉਨ੍ਹਾਂ ਨੇ ਵੀ ਖਪਣ ਕੰਨੀਉਂ ਕੋਈ ਕਸਰ ਨਾ ਰੱਖੀ। ਸਾਡੇ ਬਨੇਰਿਆਂ 'ਤੇ ਪਲੱਸਤਰ ਹੋ ਰਿਹਾ ਸੀ, ਤੇ ਮੈਂ ਸੋਚੀ ਜਾਂਦਾ ਸੀ, ਅੱਜਕੱਲ੍ਹ ਵਿਚ ਟੱਕਰਾਂਗੇ ਕਾਰੋ ਦੇ ਬਾਪ ਨੂੰ, ਜਦ ਨਾਈ ਆ ਗਿਆ, ਅਬਦੁਲਗੜ੍ਹ ਤੋਂ ਪਾਟੀ ਚਿੱਠੀ ਲੈ ਕੇ। ਮੈਂ ਕਿਹਾ, 'ਸੁਖ ਐ ?' ਕਹਿੰਦਾ, 'ਚਲਾਣਾ ਕਰ ਗਈ ਕਰਤਾਰ ਕੁਰ।'

ਬਾਬੇ ਦੀ ਪਿਛਲੀ ਗੱਲ ਸੁਣ ਕੇ ਮੇਰੇ ਦਿਲ ਨੂੰ ਝਟਕਾ ਵੱਜਿਆ ਤੇ ਮੇਰੇ ਮੂੰਹੋਂ ਨਿਕਲਿਆ, 'ਚਲਾਣਾ ਕਰ ਗਈ ?'

ਉਹ ਕਹਿੰਦਾ, ਹਾਂ। ਜਿਹੜੇ ਸਰਦਾਰ ਦੀ ਗੱਲ ਮੈਂ ਕੀਤੀ ਸੀ, ਉਹਨੂੰ ਸੂਹ ਸੀ ਬਈ ਮੇਰੇ ਘਰ ਬਣਿਆ ਤੇ ਕਾਰੋ ਗਈ। ਉਹ ਮੌਕਾ ਤਾੜ ਕੇ ਨੌਕਰਾਂ ਨਾਲ ਉਹਨੂੰ ਝਿੜੀ ਵਿੱਚ ਚੱਕਣ ਆ ਪਿਆ। ਪੰਜ ਓਪਰੇ ਬੰਦੇ, ਸਾਰਿਆਂ ਕੋਲ ਹਥਿਆਰ, ਤੇ ਆਲੇ ਦੁਆਲੇ ਪਿੰਡ ਦਾ ਕੋਈ ਨਾ। ਕਾਰੋ ਚੁੱਪ ਕਰ ਕੇ ਦੁਸ਼ਮਣ ਮੂਹਰੇ ਘੋੜੇ 'ਤੇ ਬਹਿ ਗਈ। ਨੌਕਰਾਂ ਕੋਲ ਦੋ ਬੋਤੇ ਸੀ। ਉਹ ਉਨ੍ਹਾਂ ਨੇ ਅੱਗੇ ਪਿੱਛੇ ਕਰ ਲਏ। ਜਦੋਂ ਪਿੰਡ ਦੀ ਜੂਹ ਟੱਪਣ ਲੱਗੇ, ਕਾਰੋ ਨੇ ਮੁੜ ਕੇ ਸਰਦਾਰ ਦੀ ਗਰਦਨ ਨੂੰ ਜੱਫ਼ਾ ਮਾਰਿਆ ਤੇ ਖਿੱਚ ਕੇ ਭੁੰਜੇ ਸਿੱਟ ਲਿਆ। ਉਹਦੇ ਹਮੈਤੀ ਬੋਤੇ ਬਹਾ ਕੇ ਭੱਜੇ ਪਰ ਉਨ੍ਹਾਂ ਦੇ ਨੇੜੇ ਲੱਗਣ ਤੋਂ ਪਹਿਲਾਂ ਕਾਰੋ ਨੇ ਉਹਦੀ ਘੰਡੀ ਭੰਨ ਦਿੱਤੀ। ਇਕ ਨੌਕਰ ਨੇ ਬਰਛਾ ਚਲਾਇਆ ਤੇ ਉਹ ਸਾਰਾ ਉਹਦੀ ਵੱਖੀ ਵਿਚ ਲਹਿ ਗਿਆ। ਕਾਰੋ ਨੇ ਬਰਛਾ ਜੋਰ ਨਾਲ ਖਿੱਚ ਕੇ ਮੋੜਵਾਂ ਉਹਦੇ ਕਾਲਜੇ ਵਿਚ ਮਾਰਿਆ ਤੇ ਉਹ ਥਾਉਂ 'ਤੇ ਈ ਚਿੱਤ।

ਇਕ ਦਿਨ ਮੈਂ ਕਾਰੋ ਦਾ ਹੱਥ ਫ਼ੜਨ ਨੂੰ ਤਕਾਇਆ ਸੀ। (**ਬਾਕੀ ਸਫ਼ਾ 31 'ਤੇ**)

**ਅਮਰਪ੍ਰੀਤ ਸਿੰਘ ਝੀਤਾ**

# ਕੀੜੀ ਅਤੇ ਜੰਗਲ

ਇੱਕ ਵਾਰ ਦੀ ਗੱਲ ਹੈ ਕਿ ਇੱਕ ਸਦਾਬਹਾਰ ਜੰਗਲ ਵਿੱਚ ਘੁੰਮਦੇ ਹੋਏ ਰਾਜੇ ਸ਼ੇਰ ਨੇ ਦੇਖਿਆ ਕਿ ਇੱਕ ਕੀੜੀ ਚੌਲ ਦੇ ਦਾਣੇ ਹੌਲੀ ਹੌਲੀ ਚੁੱਕ ਕੇ ਆਪਣੇ ਭੌਣ ਤੱਕ ਲੈ ਕੇ ਜਾ ਰਹੀ ਹੈ।

ਸ਼ੇਰ ਨੇ ਸੋਚਿਆ ਕਿ ਇਸ ਕੀੜੀ ਦੇ ਕੰਮ ਨੂੰ ਹੋਰ ਸੌਖਾਲਾ ਬਣਾਵਾਂ ਤਾਂ ਜੋ ਇਹ ਜਲਦੀ ਨਾਲ ਜਿਆਦਾ ਖੁਰਾਕ ਇਕੱਠੀ ਕਰ ਲਏ। ਇਸ ਕੰਮ ਲਈ ਉਸਨੇ ਲੂੰਬੜੀ ਰੱਖ ਲਈ ਕਿ ਉਹ ਕੀੜੀ ਦੀ ਮਦਦ ਕਰੇ।

ਪਰ ਚਲਾਕ ਲੂੰਬੜੀ ਨੇ ਲੂੰਬੜ ਚਾਲਾਂ ਚੱਲ ਕੇ ਕੀੜੀ ਨੂੰ ਰਾਜੇ ਸ਼ੇਰ ਅੱਗੇ ਕੰਮਚੋਰ ਦਿਖਾ ਆਪਣੀ ਸੌਖ ਲਈ ਸੈਂਕੜੇ ਹੋਰ ਚਾਪਲੂਸ ਜਾਨਵਰ ਰੱਖ ਲਏ। ਅਖੀਰ 'ਚ ਚਲਾਕ ਲੂੰਬੜੀ ਨੇ ਉਸ ਕੀੜੀ ਸੰਗ ਸਭ ਕੀੜੇ- ਕੀੜੀਆਂ ਨੂੰ ਕੰਮਚੋਰ, ਫਾਲਤੂ ਦਰਸਾ ਕੇ ਜੰਗਲ ਵਿੱਚੋਂ ਬਾਹਰ ਕਢਾ ਦਿੱਤਾ ਪਰ



ਬਾਕੀ ਜੀਵਾਂ ਨੇ ਵੀ ਇਸਨੂੰ ਸੱਚ ਮੰਨ ਕੇ ਚੁੱਪ ਕਰਕੇ ਬੈਠੇ ਰਹੇ।ਜਦੋਂ ਉਸ ਚਲਾਕ ਲੂੰਬੜੀ ਨੇ ਸਾਰੇ ਜਾਨਵਰਾਂ ਨੂੰ ਇੱਕ ਇੱਕ ਕਰਕੇ ਰਾਜੇ ਸ਼ੇਰ ਦੀ ਖੁਰਾਕ ਬਣਾਉਣ ਵਾਲੀ ਨੀਤੀ ਜਨਤਕ ਕੀਤੀ ਤਾਂ ਸਭ ਜਾਨਵਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਾਰਾ ਜੰਗਲ ਉਦਾਸ ਤੇ ਸਹਿਮਿਆ ਰਹਿਣ ਲੱਗਾ। ਹੁਣ ਉਹ ਪਛਤਾ ਰਹੇ ਸਨ ਕਿ ਜੇ ਅਸੀਂ ਕੀੜੀ ਨਾਲ ਹੋਏ ਅਨਿਆਂ ਦੇ ਵਿਰੁੱਧ ਆਵਾਜ਼ ਉਠਾਈ ਹੁੰਦੀ, ਰਾਜੇ ਸ਼ੇਰ ਨੂੰ ਸੱਚ ਦਿਖਾਇਆ ਹੁੰਦਾ ਅਤੇ ਚਲਾਕ ਲੂੰਬੜੀ ਅਤੇ ਉਸਦੇ ਚਾਪਲੂਸਾਂ ਨੂੰ ਸਬਕ ਸਿਖਾ ਇੱਥੋਂ ਭਜਾਇਆ ਹੁੰਦਾ ਤਾਂ ਸਾਰਾ ਜੰਗਲ ਪਹਿਲਾਂ ਵਾਂਗ ਹੀ ਆਬਾਦ ਰਹਿੰਦਾ। ਪਰ ਹੁਣ ਤਾਂ ਬਹੁਤ ਦੇਰ ਹੋ ਗਈ ਸੀ।

# ਮੇਰੀ ਕਲਮ

## ਚੰਦਰੇ ਹਨੇਰੇ
ਮਨਜੀਤ ਇੰਦਰਾ

ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ

ਕੱਟ ਬੇੜੀਆਂ, ਪੈਰਾਂ 'ਚ ਅਸਾਂ
ਬਿਜਲੀ ਸੀ ਬੱਧੀ
ਸਾਡੇ ਪੈਰਾਂ 'ਚੋਂ ਹਟਾਓ
ਕਾਲੇ ਪੰਧ ਇਹ ਲੰਮੇਰੇ

ਸਾਡਾ ਚਾਨਣ ਚੁਰਾ ਕੇ
ਤੁਸੀਂ ਕਿੱਥੇ ਭੱਜ ਚੱਲੇ
ਅਸੀਂ ਜ਼ੁਲਮਾਂ ਦੇ ਵੈਰੀ
ਅਸਾਂ ਵੰਡਣੇ ਸਵੇਰੇ

ਸਾਡੇ ਨੈਣਾਂ ਵਿੱਚ ਭਖਦੇ ਨੇ
ਰੋਹ ਦੇ ਚਿੰਗਾੜੇ
ਅਸੀਂ ਹਿੰਮਤਾਂ ਦੇ ਜਾਏ
ਸਾਡੇ ਪਰਬਤਾਂ ਦੇ ਜੇਰੇ।

ਸਾਡੇ ਪੈਰਾਂ ਨਾਲ਼ ਕਾਲ਼
ਜਿਹੜਾ ਬੰਨ੍ਹਿਆ ਤੁਸਾਂ ਨੇ
ਤੁਹਾਡੇ ਸਿਰਾਂ ਉੱਤੇ ਕੂਕੂ
ਜਦੋਂ ਹੋਣਗੇ ਨਿਬੇੜੇ।

ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ।

## ਵਾਰਸ, ਬੁੱਲ੍ਹੇ ਵਰਗੇ ਬੈਠੇ, ਹੰਸ ਵਿਸਾਰ ਪੰਜਾਬੀ ਨੇ
ਬਾਬਾ ਨਜ਼ਮੀ

ਵਾਰਸ, ਬੁੱਲ੍ਹੇ ਵਰਗੇ ਬੈਠੇ, ਹੰਸ ਵਿਸਾਰ ਪੰਜਾਬੀ ਨੇ ।
ਕਿਸਰਾਂ ਆਖਾਂ ਮਾਂ ਬੋਲੀ ਦੇ 'ਬਰਖ਼ੁਦਾਰ' ਪੰਜਾਬੀ ਨੇ ।

ਬਾਲਾਂ ਦੇ ਮੂੰਹ ਜਿਹੜੇ ਅੱਖਰ ਚੋਗੇ ਵਾਂਗੂੰ ਦੇਣੇ ਸਨ,
ਉਹਨਾਂ ਬਦਲੇ ਫੜ ਫੜ ਓਬੜ ਤੁੰਨਦੇ ਯਾਰ ਪੰਜਾਬੀ ਨੇ ।

ਅੱਚਣਚੇਤੀ ਵੀ ਨਾ ਲਾਵੀਂ ਮੇਰੇ ਮੱਥੇ ਉਹਨਾਂ ਨੂੰ,
ਜਿਹੜੇ ਵੀ ਇਸ ਧਰਤੀ ਉੱਤੇ ਬਦਬੂਦਾਰ ਪੰਜਾਬੀ ਨੇ ।

ਓਧਰ ਓਧਰ ਕਰਾਂ ਸਲਾਮਾਂ ਦਿਲ ਦੀ ਦੁਨੀਆਂ ਕਹਿੰਦੀ ਏ,
ਜਿੱਧਰ ਜਿੱਧਰ ਜਾਂਦੇ ਮੇਰੇ ਬਾਕਿਰਦਾਰ ਪੰਜਾਬੀ ਨੇ ।

ਕੰਡ ਕਦੇ ਨਾ ਲੱਗੇ ਰੱਬਾ ਵਿਚ ਮੈਦਾਨੇ ਉਹਨਾਂ ਦੀ,
ਜਿਹੜੇ ਆਪਣੀ ਮਾਂ ਬੋਲੀ ਦੇ ਖ਼ਿਦਮਤਗਾਰ ਪੰਜਾਬੀ ਨੇ ।

ਖ਼ਵਾਜਾ 'ਫ਼ਰੀਦ', ਮੁਹੰਮਦ, ਵਾਰਸ, ਨਾਨਕ, ਬੁੱਲ੍ਹਾ, ਬਾਹੂ, ਲਾਲ,
ਇਹ ਪੰਜਾਬੀ ਉੱਚੇ ਸੁੱਚੇ, ਇਹ ਸਰਦਾਰ ਪੰਜਾਬੀ ਨੇ ।

ਆਪਣੀ ਬੋਲੀ ਬੋਲਣ ਵੇਲ਼ੇ ਜਿਹਨਾਂ ਦਾ ਸਾਹ ਘੁੱਟਦਾ ਏ,
'ਬਾਬਾ ਨਜ਼ਮੀ' ਦੇ ਦੇ ਫ਼ਤਵਾ, ਉਹ ਗ਼ੱਦਾਰ ਪੰਜਾਬੀ ਨੇ ।

## ਕਿਤਾਬੀ ਇਲਮ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਦਾਨਿਸ਼ਵਰੀ ਦਾ ਸਫ਼ਰ ਤਾਂ, ਚੜ੍ਹ ਹੁੰਦਾ ਅੱਖਰਾਂ ਦੀ ਘਨੇੜੀ।
ਨਹੀਂ ਤੇ ਰਾਤ ਅਗਿਆਨਤਾ ਦੀ, ਹੋ ਜਾਂਦੀ ਘੋਰ ਹਨੇਰੀ।

ਜ਼ਿੰਦਗੀ ਦਾ ਇਲਮ ਹੈ ਉਜਾਲਾ, ਜੋ ਕਦੀ ਮਿਟ ਨਹੀਂ ਸਕਦਾ,
ਦਿਖਾਵੇ ਰਾਹ ਰਾਹਬਰ ਬਣ ਕੇ, ਜਿਸ ਦੀ ਸ਼ਾਨ ਸਦਾ ਉਚੇਰੀ।

ਰੁਕ ਜਾਂਦੇ ਨੇ ਸਭ ਰਸਤੇ, ਮੰਜ਼ਿਲਾਂ ਨੂੰ ਜਾਂਦੇ ਜਾਂਦੇ,
ਬਿਨ ਇਲਮੋਂ ਨਹੀਂ ਮਿਲਦੀ, ਸਭਿਆਚਾਰ ਨੂੰ ਉਮਰ ਲੰਮੇਰੀ।

ਨਹੀਂ ਪਾ ਸਕੇ ਉਹ ਰੁਤਬੇ, ਜੋ ਨਾ ਝਰੀਟ ਸਕੇ ਕੁੱਝ ਅੱਖਰ,
ਇਤਿਹਾਸ ਗਵਾਹ ਹੈ ਸਾਡਾ, ਭਾਵੇਂ ਘੋਖੋ ਇਸਨੂੰ ਲੱਖ ਵੇਰੀ।

ਰਹਿਣ ਜ਼ਿੰਦਾ ਉਹ ਲੇਖਕ, ਜੋ ਨਵੇਂ ਕੁੱਝ ਪੂਰਨੇ ਪਾਂਦੇ,
ਤਹਿਰੀਰ ਬੁਨਿਆਦ ਬਣ ਜਾਂਦੀ, ਜਿਸ 'ਤੇ ਜਾਵੇ ਕੌਮ ਉਸੇਰੀ।

ਚੁੱਕ ਤਲਵਾਰਾਂ ਜੋ ਤੁਰ ਪੈਂਦੇ, ਸਿਰ ਕਰਨ ਕਲਮਾਂ ਦੇ,
ਜ਼ਮਾਨਾ ਲਾਹਣਤ ਪਾਵੇ ਉਨ੍ਹਾਂ ਨੂੰ, ਉਹ ਖੱਟਦੇ ਨਫ਼ਰਤ ਘਨੇਰੀ।

ਜੇ ਕਦੀ ਖੁਸ ਗਏ ਅੱਖਰ, ਤਾਂ ਲੱਗੇਗੀ ਮੌਤ ਦੀ ਕਚਹਿਰੀ,
ਜਿੱਥੇ ਜ਼ਿੰਦਗੀ ਬੇਤਾਣ ਬੇਚਾਰੀ, ਜਾਇਗੀ ਹਰੇਕ ਪਾਸਿਉਂ ਘੇਰੀ।

ਕੂੜੇਦਾਨ ਵਿੱਚ ਪਈ ਕਿਤਾਬ, ਕਰੇ ਸਵਾਲ ਪਾਠਕ ਨੂੰ,
ਕੀ ਇਹੀ ਸੀ ਕੀਮਤ ਤੇਰੇ ਮਨ, ਜੋ ਪਾਈ ਆਖ਼ਰ ਤੂੰ ਮੇਰੀ ?

ਕਲਮੋਂ ਅਤੇ ਕਿਤਾਬੋਂ ਬੇਮੁੱਖ, ਹੋ ਜਾਵਣ ਵਾਲਿਆ ਲੋਕਾ!
ਮਦਾਰੀ ਦੇ ਤਮਾਸ਼ੇ ਤੋਂ ਭੈੜੀ, ਹੋ ਜਾਵੇਗੀ ਹਾਲਤ ਤੇਰੀ।

ਕਿਤਾਬ ਦਾ ਡੂੰਘਾ ਦਰਦ, ਕਹਿੰਦਾ ਹੈ ਚੀਖ ਚੀਖ ਤੈਨੂੰ,
ਫੜ ਹਾਲੇ ਵੀ ਪੱਲਾ ਮੇਰਾ, ਮਤਾਂ ਮਿਟ ਜਾਏ ਦਾਸਤਾਂ ਤੇਰੀ!

## ਨਿੱਕੀ ਕਹਾਣੀ
ਕਮਲਜੀਤ ਨੀਲੋਂ

ਮੇਰੇ ਪਾਪਾ ਕਿੰਨੇ ਸਾਰੇ ਗਮਲੇ ਲਿਆਏ।
ਫੁੱਲਾਂ ਵਾਲੇ ਬੂਟੇ, ਅਸੀਂ ਉਨ੍ਹਾਂ 'ਚ ਲਗਾਏ।
ਹਰ ਰੋਜ਼ ਉਨ੍ਹਾਂ ਵਿੱਚ, ਪਾਣੀ ਰਿਹਾ ਪਾਉਂਦਾ,
ਪਾਣੀ ਪਾ ਕੇ ਉਨ੍ਹਾਂ ਦੀ, ਪਿਆਸ ਨੂੰ ਬੁਝਾਉਂਦਾ।
ਡੋਡੀਆਂ ਨਿਕਲੀਆਂ ਤਾਂ, ਚਾਅ ਸੀ ਚੜ੍ਹਾਇਆ,
ਖ਼ੁਸ਼ੀ ਦਾ ਨਾ ਮੇਰੇ ਤੋਂ, ਅੰਦਾਜ਼ਾ ਜਾਵੇ ਲਾਇਆ।
ਫੁੱਲ ਜਦੋਂ ਨਿਕਲੇ ਤਾਂ, ਹੋ ਗਈ ਕਮਾਲ,
ਮੈਂ ਵੀ ਖਿੜ ਗਿਆ, ਫੇਰ ਉਨ੍ਹਾਂ ਫੁੱਲਾਂ ਨਾਲ।
ਮਿਹਨਤ ਜੇ ਕਰੀਏ, ਤਾਂ ਰੰਗ ਇਹ ਲਿਆਵੇ,
ਡੋਡੀਆਂ ਖਿੜਾ ਕੇ, ਫੇਰ ਫੁੱਲ ਇਹ ਬਣਾਵੇ।
ਨਿੱਕੀ ਜਿਹੀ ਕਹਾਣੀ, ਸਾਨੂੰ ਬੜਾ ਕੁਝ ਕਹਿੰਦੀ,
ਬੁੱਝੋ ਬੁੱਝੋ 'ਨੀਲੋਂ' ਜੋ, ਸੁਨੇਹਾ ਸਾਨੂੰ ਦਿੰਦੀ।

## ਸਵਾਗਤ
ਸ਼ਿਵ ਕੁਮਾਰ ਬਟਾਲਵੀ



ਹੈਂ ਤੂੰ ਆਈ ਮੇਰੇ ਗਰਾਂ
ਹੈਂ ਤੂੰ ਆਈ ਮੇਰੇ ਗਰਾਂ ।
ਹੋਰ ਗੂਹੜੀ ਹੋ ਗਈ ਹੈ,
ਮੇਰਿਆਂ ਬੋਹੜਾਂ ਦੀ ਛਾਂ ।
ਖਾ ਰਹੇ ਨੇ ਚੂਰੀਆਂ
ਅੱਜ ਮੇਰਿਆਂ ਮਹਿਲਾਂ ਦੇ ਕਾਂ ।
ਹੈਂ ਤੂੰ ਆਈ ਮੇਰੇ ਗਰਾਂ,
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਆਲ੍ਹਣਾ ਮੇਰੇ ਦਿਲ 'ਚ ਖ਼ੁਸ਼ੀਆਂ
ਪਾਣ ਦੀ ਕੀਤੀ ਹੈ ਹਾਂ ।
ਤੇਰੇ ਨਾਂ ਤੇ ਪੈ ਗਏ ਨੇ,
ਮੇਰਿਆਂ ਰਾਹਾਂ ਦੇ ਨਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਪੌਣ ਦੇ ਹੋਠਾਂ 'ਤੇ ਅੱਜ ਹੈ
ਮਹਿਕ ਨੇ ਪਾਈ ਸਰਾਂ
ਟੁਰਦਾ ਟੁਰਦਾ ਰੁਕ ਗਿਆ ਹੈ
ਵੇਖ ਕੇ ਤੈਨੂੰ ਸਮਾਂ
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਲੈ ਲਈ ਕਲੀਆਂ ਨੇ
ਭੌਰਾਂ ਨਾਲ ਅੱਜ ਚੋਬੀ ਹੈ ਲਾਂ ।
ਤੇਰੀ ਹਰ ਇਕ ਪੈੜ 'ਤੇ
ਹੈ ਤਿਤਲੀਆਂ ਰੱਖੀ ਜ਼ਬਾਂ
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਆ ਤੇਰੇ ਪੈਰਾਂ 'ਚ ਪੁੱਗੇ
ਸਫ਼ਰ ਦੀ ਮਹਿੰਦੀ ਲਗਾਂ ।
ਆ ਤੇਰੇ ਨੈਣਾਂ ਨੂੰ ਮਿੱਠੇ
ਸੁਪਨਿਆਂ ਦੀ ਪਿਉਂਦ ਲਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਵਰਤ ਰੱਖੇਗੀ ਨਿਰਾਹਾਰੀ
ਮੇਰੀਆਂ ਪੀੜਾਂ ਦੀ ਮਾਂ ।
ਆਉਣਗੇ ਖ਼ੁਸ਼ੀਆਂ ਦੇ ਖ਼ਤ
ਅੱਜ ਮੇਰਿਆਂ ਗੀਤਾਂ ਦੇ ਨਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੋਰ ਗੂਹੜੀ ਹੋ ਗਈ ਹੈ
ਮੇਰਿਆਂ ਬੋਹੜਾਂ ਦੀ ਛਾਂ ।
ਖਾ ਰਹੇ ਨੇ ਚੂਰੀਆਂ
ਅੱਜ ਮੇਰਿਆਂ ਮਹਿਲਾਂ ਦੇ ਕਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

## ਕਵਿਤਾ ਦੀ ਰੁੱਤ
ਡਾ. ਅਮਰਜੀਤ ਕੌਂਕੇ

ਜਦੋਂ ਵੀ
ਕਵਿਤਾ ਦੀ ਰੁੱਤ ਆਈ
ਤੇਰੀਆਂ ਯਾਦਾਂ ਦੇ ਕਿੰਨੇ ਮੌਸਮ
ਆਪਣੇ ਨਾਲ ਲਿਆਈ

ਮੈਂ ਕਵਿਤਾ ਨਹੀਂ
ਜਿਵੇਂ ਤੈਨੂੰ ਹੀ ਲਿਖਦਾ ਹਾਂ
ਮੇਰੇ ਪੋਟਿਆਂ
ਮੇਰੇ ਨੈਣਾਂ
ਮੇਰੇ ਲਹੂ ਵਿੱਚ
ਤੇਰਾ ਅਜਬ ਜਿਹਾ ਸਰੂਰ ਤੁਰਦਾ ਹੈ
ਅਜੀਬ ਜਿਹਾ ਖ਼ਿਆਲ
ਹੈਰਾਨ ਕਰਨ ਵਾਲਾ
ਪਤਾ ਨਹੀਂ ਕਿੱਥੋਂ ਫੁਰਦਾ ਹੈ

ਤੂੰ ਅਛੋਪਲੇ ਜਿਹੇ
ਮੇਰੇ ਕੋਲ ਆ ਬਹਿੰਦੀ
ਤੇਰੀ ਨਜ਼ਰ
ਮੇਰੀ ਕਵਿਤਾ ਦਾ
ਇਕੱਲਾ-ਇਕੱਲਾ ਸ਼ਬਦ
ਕਿਸੇ ਪਾਰਖੂ ਵਾਂਗ
ਟੁਣਕਾ ਕੇ ਵੇਖਦੀ
ਮੇਰੇ ਨੈਣਾਂ 'ਚ
ਤੇਰਾ ਮੁਸਕਰਾਉਂਦਾ ਚਿਹਰਾ ਆਉਂਦਾ
ਮੇਰੇ ਦੁਆਲੇ ਸ਼ਬਦਾਂ ਦਾ



ਮੀਂਹ ਵਰ੍ਹਦਾ
ਤੇ ਮੈਂ ਕਿਸੇ ਬੱਚੇ ਵਾਂਗ
ਸ਼ਬਦਾਂ ਨੂੰ ਚੁੱਕ ਚੁੱਕ
ਉਹਨਾਂ ਨੂੰ
ਕਤਾਰਾਂ 'ਚ ਸਜਾਉਂਦਾ

ਕਿਤੇ ਵੀ ਹੋਵੇਂ ਭਾਵੇਂ
ਕਿੰਨੀ ਵੀ ਦੂਰ
ਅਸੀਮ ਅਨੰਤ ਦੂਰੀ 'ਤੇ

ਪਰ ਕਵਿਤਾ ਦੀ ਰੁੱਤ ਵਿੱਚ
ਤੂੰ ਸਦਾ
ਮੇਰੇ ਕੋਲ ਕੋਲ ਹੁੰਦੀ...।

## ਕੱਲ ਰਾਤੀਂ ਕੁਝ ਲੱਕੜਹਾਰੇ
ਸੁਰਜੀਤ ਪਾਤਰ





ਕੱਲ ਰਾਤੀਂ ਕੁਝ ਲੱਕੜਹਾਰੇ
ਕਾਲੇ ਵਣ ਚੋਂ ਲੰਘ ਰਹੇ ਸਨ
ਸਾਵੇ ਸਾਵੇ ਬਿਰਖਾਂ ਕੋਲੋਂ
ਬਲਦਾ ਚੁੱਲ੍ਹਾ ਮੰਗ ਰਹੇ ਸਨ

ਕਿਹੜੇ ਸੇਕ ਨੇ ਇਉਂ ਪਿਘਲਾਏ
ਪਾਣੀ ਨੀਵੇਂ ਉੱਤਰ ਆਏ
ਧਰਤ ਸੁਹਾਗਣ ਦੇ ਪੋਰਾਂ ਨੂੰ
ਕਤਰਾ ਕਤਰਾ ਅੰਗ ਰਹੇ ਸਨ

ਲੰਘਦੇ ਨੰਗੇ ਬਾਜ਼ਾਰਾਂ 'ਚੋਂ
ਆਉਂਦੇ ਵਾਰਿਸ ਜਾਂਦੇ ਪੁਰਖੇ
ਉਹਲੇ ਉਹਲੇ ਬਚਦੇ ਫਿਰਦੇ
ਇਕ ਦੂਜੇ ਤੋਂ ਸੰਗ ਰਹੇ ਸਨ

ਲੋਹੇ ਨੂੰ ਹਥਿਆਰ ਬਣਾ ਕੇ
ਬੰਦੇ ਭੁੱਖ ਪਿਆਸ ਮਿਟਾ ਕੇ
ਆਪੇ ਘੜੀਆਂ ਮੂਰਤੀਆਂ ਤੋਂ
ਰੋ ਰੋ ਮਾਫੀ ਮੰਗ ਰਹੇ ਸਨ

ਇਕ ਬੰਦੇ ਦੇ ਹੁਕਮ ਦੇ ਬੱਧੇ
ਇਕ ਨੂੰ ਸੂਲੀ ਟੰਗ ਰਹੇ ਸਨ
ਕਿੰਨੇ ਕੋਲੋਂ ਦੁੱਖ 'ਚ ਡੁੱਬੇ
ਚੁਪ ਚੁਪੀਤੇ ਲੰਘ ਰਹੇ ਸਨ

ਅਰਸ਼ 'ਤੇ ਤਾਰੇ ਧਰਤ 'ਤੇ ਅੱਖਰ
ਚਮਕ ਰਹੇ ਸਨ ਰਾਤ ਬਰਾਤੇ
ਸਨ ਕੁਝ ਲੋਕ ਜੋ ਕਾਇਨਾਤ ਨੂੰ
ਪਿਆਰ ਦੇ ਰੰਗ 'ਚ ਰੰਗ ਰਹੇ ਸਨ

# ਹੁਣ ਸਿਰਫ਼ ਪੁਰਾਣੀਆਂ ਪੰਜਾਬੀ ਫ਼ਿਲਮਾਂ ਜਾਂ ਮਿਊਜ਼ੀਅਮਾਂ ’ਚ ਹੀ ਹੁੰਦੇ ਨੇ ਪੰਜਾਬੀ ਸੱਭਿਆਚਾਰ ਦੇ ਦਰਸ਼ਨ


ਬਲਰਾਜ ਸਿੰਘ ਸਿੱਧੂ
95011-00062





ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੁਣ ਸਿਰਫ਼ ਪੁਰਾਣੀਆਂ ਪੰਜਾਬੀ ਫਿਲਮਾਂ ਜਾਂ ਮਿਊਜ਼ੀਅਮਾਂ ਵਿੱਚ ਹੀ ਹੁੰਦੇ ਹਨ। ਅੱਜ ਜੇ ਕੋਈ ਖੁੱਲ੍ਹਾ ਕੁੜਤਾ ਤੇ ਧੂੰਹਵਾਂ ਚਾਦਰਾ ਬੰਨ੍ਹ ਕੇ ਬਾਜ਼ਾਰ ਵਿੱਚ ਦੀ ਲੰਘ ਜਾਵੇ ਤਾਂ ਲੋਕ ਮੁੜ-ਮੁੜ ਕੇ ਵੇਖਦੇ ਹਨ। ਪੰਜਾਬ ਦੇ 1% ਘਰਾਂ ਵਿੱਚ ਵੀ ਹੁਣ ਚਾਟੀ ਵਿੱਚ ਮਧਾਣੀ ਨਹੀਂ ਖੜਕਦੀ।

ਘਰ ਦੇ ਦਹੀਂ, ਲੱਸੀ, ਮੱਖਣ ਤੇ ਘਿਉ ਦਾ ਸਵਾਦ ਲੋਕਾਂ ਨੂੰ ਭੁੱਲ ਗਿਆ ਹੈ। ਕੁੱਜੇ ਵਿੱਚ ਰਿੱਝਦਾ ਸਾਗ, ਦਾਣੇ ਭੁੰਨਣ ਵਾਲੀ ਭੱਠੀ, ਕਮਾਦ ਪੀੜਨ ਵਾਲਾ ਵੇਲਣਾ, ਗੁੜ ਬਣਾਉਣ ਵਾਲੇ ਕੜਾਹੇ ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ। ਨਵੀਂ ਪੀੜ੍ਹੀ ਨੂੰ ਤਾਂ ਹੁਣ ਇਲਮ ਨਹੀਂ ਕਿ ਗੁੱਲੀ ਡੰਡਾ, ਬੰਟੇ (ਕੱਚ ਦੀਆਂ ਗੋਲ਼ੀਆਂ), ਲਿਖਣ ਵਾਲੀਆਂ ਫੱਟੀਆਂ, ਲਾਟੂ, ਲੁਕਣ-ਮੀਟੀ, ਬਾਂਦਰ ਕਿੱਲਾ, ਸ਼ਟਾਪੂ, ਪਿੱਠੂ ਗਰਮ, ਛੂਹਣ ਛਪਾਈ, ਬੰਟੇ ਖੇਡਣ ਵਾਲੀ ਖੁੱਤੀ ਤੇ ਗੁੱਲੀ-ਡੰਡਾ ਖੇਡਣ ਵਾਲੀ ਰਾਬ ਕੀ ਹੁੰਦੀ ਹੈ? ਸਾਉਣ ਮਹੀਨੇ ਲੱਗਦੀਆਂ ਤੀਆਂ ਹੁਣ ਸਿਰਫ਼ ਗਾਣਿਆਂ ਜਾਂ ਫਿਲਮਾਂ ਵਿੱਚ ਰਹਿ ਗਈਆਂ ਹਨ।

ਪਿੱਪਲਾਂ, ਬੋਹੜਾਂ ਥੱਲੇ ਹੁਣ ਸੱਥਾਂ ਨਹੀਂ ਲੱਗਦੀਆਂ, ਉਨ੍ਹਾਂ ਦੀ ਜਗ੍ਹਾ ਐੱਮਪੀ ਕੋਟੇ ਵਿੱਚੋਂ ਆਏ ਸੀਮੈਂਟ ਦੇ ਬੈਂਚਾਂ ਨੇ ਲੈ ਲਈ ਹੈ। ਟਾਂਗਾ ਕਿਤੇ ਵਿਰਲਾ-ਟਾਵਾਂ ਹੀ ਦਿਸਦਾ ਹੈ। ਪਹਿਲਾਂ ਸ਼ਹਿਰਾਂ ਵਿੱਚ ਟਾਂਗੇ ਖੜ੍ਹੇ ਕਰਨ ਲਈ ਖ਼ਾਸ ਤੌਰ ’ਤੇ ਟਾਂਗਾ ਸਟੈਂਡ ਬਣੇ ਹੁੰਦੇ ਸਨ। ਪਿੰਡਾਂ ਵਿੱਚ ਵਿਕਣ ਆਉਣ ਵਾਲੀ ਮਲਾਈ ਬਰਫ ਦੀ ਜਗ੍ਹਾ ਕੁਲਫੀਆਂ ਅਤੇ ਆਈਸ ਕਰੀਮਾਂ ਨੇ ਲੈ ਲਈ ਹੈ। ਫੇਰੀ ਵਾਲੇ ਵੱਲੋਂ ਕਾਗਜ਼ ’ਤੇ ਪਾ ਕੇ ਦਿੱਤੀ ਜਾਂਦੀ ਮਲਾਈ ਬਰਫ ਦੀ ਇਕ ਪਤਲੀ ਜਿਹੀ ਕਾਤਰ ਅਮੁੱਲ ਦੀ ਪਿਸਤਾ ਕੁਲਫੀ ਨਾਲੋਂ ਜ਼ਿਆਦਾ ਮਜ਼ਾ ਦਿੰਦੀ ਸੀ।



ਹੁਣ ਕੋਈ ਕਿਸਾਨ ਖੇਤੀਬਾੜੀ ਲਈ ਬਲਦ ਜਾਂ ਊਠ ਨਹੀਂ ਪਾਲਦਾ। ਗੱਡੇ, ਹਲ, ਪੰਜਾਲੀਆਂ, ਅਰਲੀ, ਹੱਥ ਤੇ ਡੰਗਰਾਂ ਨਾਲ ਚੱਲਣ ਵਾਲੇ ਟੋਕੇ, ਵੇਲਣੇ, ਵੱਟਾਂ ਪਾਉਣ ਵਾਲੇ ਜਿੰਦਰੇ, ਤੂੜੀ ਦੇ ਮੂਸਲ ਤੇ ਫਲ੍ਹੇ ਆਦਿ ਵਰਗੇ ਖੇਤੀ ਦੇ ਸੰਦ ਅਜਾਇਬਘਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਘਰਾਂ ਵਿੱਚ ਵਰਤਣ ਵਾਲਾ ਸਾਮਾਨ ਜਿਵੇਂ ਹੱਥ ਵਾਲੀਆਂ ਚੱਕੀਆਂ, ਮਧਾਣੀਆਂ, ਸੇਵੀਆਂ ਵੱਟਣ ਵਾਲੀ ਬਿੱਲੀ, ਕਾੜ੍ਹਨੀ, ਚਾਟੀ, ਚੱਕਵੇਂ ਚੁੱਲ੍ਹੇ, ਨਾਲੇ ਅਤੇ ਖੇਸ ਬੁਣਨ ਵਾਲੀ ਖੱਡੀ, ਕਿੱਲੀਆਂ, ਚਰਖੇ, ਸਰ੍ਹੋਂ ਦੇ ਤੇਲ ਵਾਲੇ ਦੀਵੇ, ਆਟੇ ਦੀਆਂ ਚਿੜੀਆਂ ਤੇ ਘਰ ਦਾ ਗੁੜ-ਸ਼ੱਕਰ ਵੀ ਗਾਇਬ ਹੋ ਗਏ ਹਨ। ਹੁਣ ਕੁੜੀਆਂ ਪਹਿਲਾਂ ਵਾਂਗ ਤ੍ਰਿੰਝਣਾਂ ਵਿੱਚ ਬੈਠ ਕੇ ਸੂਤ ਨਹੀਂ ਕੱਤਦੀਆਂ। ਪਿੱਤਲ ਤੇ ਕਾਂਸੀ ਦੀ ਜਗ੍ਹਾ ਸਟੀਲ ਦੇ ਭਾਂਡੇ ਆ ਜਾਣ ਕਾਰਨ ਕਲੀ ਕਰਨ ਵਾਲਿਆਂ ਦੇ ਹੋਕੇ ਵੀ ਸੁਣਾਈ ਨਹੀਂ ਦੇਂਦੇ। ਸਕੂਲ ਜਾਣ ਲਈ ਬੋਰੀ ਵਾਲੇ ਬਸਤੇ ਹੁੰਦੇ ਸਨ। ਜਮਾਤ ਵਿੱਚ ਬੈਠਣ ਲਈ ਬੋਰੀ ਜਾਂ ਇੱਟ ਨਾਲ ਸਾਰ ਲਿਆ ਜਾਂਦਾ ਸੀ। ਜਿਸ ਵਿਦਿਆਰਥੀ ਦਾ ਬਸਤਾ ਚਿੱਟੀ ਬੋਰੀ ਦਾ ਬਣਿਆ ਹੁੰਦਾ ਸੀ, ਉਸ ਦੀ ਸਾਰੀ ਕਾਲਸ ਵਿੱਚ ਟੌਹਰ ਹੁੰਦਾ ਸੀ। ਵਿਆਹਾਂ ਦੀ ਸ਼ਾਨ ਅਤੇ ਮੋਹ-ਪਿਆਰ ਖ਼ਤਮ ਹੋ ਗਿਆ ਹੈ। ਪਹਿਲਾਂ ਜੰਞ ਕਈ-ਕਈ ਦਿਨ ਤਕ ਰੱਖੀ ਜਾਂਦੀ ਸੀ। ਕੋਈ ਜਿੰਨੇ ਦਿਨ ਵੱਧ ਜੰਞ ਰੱਖਦਾ, ਉਨੀ ਹੀ ਇਲਾਕੇ ਵਿੱਚ ਬੱਲੇ-ਬੱਲੇ ਹੁੰਦੀ। ਕਈ ਵਾਰ ਤਾਂ ਬਰਾਤ ਤਰਲੇ ਕੱਢ ਕੇ ਵਾਪਸ ਜਾਂਦੀ ਸੀ ਕਿ ਹੁਣ ਸਾਨੂੰ ਘਰ ਦੇ ਕੰਮ ਵੀ ਕਰ ਲੈਣ ਦਿਉ। ਸਾਰਾ ਪਿੰਡ ਰਲ-ਮਿਲ ਕੇ ਬਰਾਤ ਦੀ ਸੇਵਾ ਕਰਦਾ ਸੀ।

ਪਿੰਡ ਦੇ ਲਾਗੀ ਹੀ ਸਾਰਾ ਖਾਣਾ ਤਿਆਰ ਕਰਦੇ ਸਨ, ਨਾ ਕੋਈ ਮੈਰਿਜ ਪੈਲੇਸ ਦਾ ਖ਼ਰਚਾ ਤੇ ਨਾ ਕੈਟਰਿੰਗ ਦਾ। ਜਾਂਞੀਆਂ ਵਾਸਤੇ ਖੁੱਲ੍ਹੀਆਂ ਮਠਿਆਈਆਂ, ਮਿੱਠੇ ਨਮਕੀਨ ਚਾਵਲ, ਮੁਰਗਾ ਬੱਕਰਾ ਅਤੇ ਘੋੜੀਆਂ ਵਾਸਤੇ ਵਧੀਆ ਦਾਣਾ ਵਰਤਾਇਆ ਜਾਂਦਾ ਸੀ। ਸ਼ਰੀਕੇ-ਬਰਾਦਰੀ ਵਾਲੇ ਸੰਭਾਲਣ ਵਾਸਤੇ ਇਕ-ਇਕ ਘੋੜੀ ਆਪਣੇ ਘਰ ਬੰਨ੍ਹ ਲੈਂਦੇ ਸਨ ਤਾਂ ਜੋ ਕੁੜੀ ਵਾਲੇ ’ਤੇ ਬਹੁਤਾ ਬੋਝ ਨਾ ਪਵੇ। ਬਹੁਤ ਮਜ਼ਾ ਆਉਂਦਾ ਸੀ ਜਦੋਂ ਲਾਗੀ ਸਵੇਰੇ-ਸਵੇਰੇ ਨਾਨਕੇ ਮੇਲ ਨੂੰ ਮੰਜੀਆਂ ’ਤੇ ਪਿੱਤਲ ਦਾ ਡੱਕਵਾਂ ਚਾਹ ਦਾ ਗਲਾਸ ਤੇ ਨਾਲ ਮਿੱਠੀ ਬੂੰਦੀ ਅਤੇ ਮੱਠੀਆਂ ਦੇ ਥਾਲ ਵਰਤਾਉਂਦਾ ਸੀ।

ਮਿੱਟੀ ਦੇ ਕੋਠਿਆਂ ’ਤੇ ਸਿਰਕੀ ਅਤੇ ਕਾਨਿਆਂ ਦੀਆਂ ਛੱਤਾਂ ਹੁਣ ਕੋਈ ਨਹੀਂ ਪਾਉਂਦਾ। ਬਿਜਲੀ ਦੀਆਂ ਮੋਟਰਾਂ ਕਾਰਨ ਖੂਹਾਂ ਦਾ ਵਜੂਦ ਖ਼ਤਮ ਹੋ ਗਿਆ ਹੈ। ਜੇ ਕਿਸੇ ਪਿੰਡ ਵਿੱਚ ਖੂਹ ਹੈ ਵੀ ਤਾਂ ਉਹ ਕੂੜਾ-ਕਰਕਟ ਸੁੱਟਣ ਦੇ ਕੰਮ ਆਉਂਦਾ ਹੈ। ਪਹਿਲਾਂ ਪਿੰਡਾਂ ਵਿੱਚ ਡੰਗਰਾਂ ਦੇ ਚਰਨ ਵਾਸਤੇ ਚਰਾਂਦਾ ਅਤੇ ਰੌੜਾਂ ਹੁੰਦੀਆਂ ਸਨ। ਹਰੀ ਕ੍ਰਾਂਤੀ ਕਾਰਨ ਉਹ ਵੀ ਖ਼ਤਮ ਹੋ ਗਈਆਂ। ਨਹਿਰੀ ਪਾਣੀ ਦੀ ਵਾਰੀ ਸਹੀ ਸਮੇਂ ’ਤੇ ਲਾਉਣ ਲਈ ਪਿੰਡ ਵਿੱਚ ਇਕ ਘੜੀ ਵਾਲਾ ਰਾਖਾ ਹੁੰਦਾ ਸੀ। ਉਸ ਨੂੰ ਹਾੜ੍ਹੀ-ਸਾਉਣੀ ਸਾਰੇ ਪਿੰਡ ਵਾਲੇ ਥੋੜ੍ਹੇ-ਥੋੜ੍ਹੇ ਪੈਸੇ ਇਕੱਠੇ ਕਰ ਕੇ ਦੇਂਦੇ ਸਨ। ਉਹ ਹੀ ਹਰੇਕ ਦੇ ਪਾਣੀ ਦੀ ਵਾਰੀ ਦਾ ਸਹੀ ਸਮਾਂ ਦੱਸਦਾ ਸੀ। ਵ੍ਹਟਸਐਪ ਤੇ ਈਮੇਲਾਂ ਕਾਰਨ ਹੁਣ ਕੋਈ ਚਿੱਠੀਆਂ ਨਹੀਂ ਪਾਉਂਦਾ। ਬੱਚਿਆਂ ਦੇ ਬਸਤਿਆਂ ਵਿੱਚੋਂ ਕਲਮ, ਦਵਾਤ, ਫੱਟੀ, ਕੈਦਾ, ਪਹਾੜੇ ਅਤੇ ਸਲੇਟਾਂ ਖ਼ਤਮ ਹੋ ਗਏ ਸਨ। ਲੀਰਾਂ ਨਾਲ ਬਣਾਈਆਂ ਗੁੱਡੀਆਂ-ਪਟੋਲੇ ਤੇ ਖਿੱਦੋ ਖੂੰਡੀ ਦੀ ਜਗ੍ਹਾ ਚੀਨੀ ਮਾਲ ਨੇ ਲੈ ਲਈ ਹੈ। ਬਿਜਲੀ ਦੀਆਂ ਚੱਕੀਆਂ ਨੇ ਖਰਾਸ ਅਤੇ ਘਰਾਟ ਖਾ ਲਏ ਹਨ। ਘਰਾਟਾਂ ਤੇ ਖਰਾਸਾਂ ਦਾ ਆਟਾ ਹੌਲੀ-ਹੌਲੀ ਪੀਸਿਆ ਹੋਣ ਕਾਰਨ ਬਹੁਤ ਗੁਣਕਾਰੀ ਤੇ ਮਿੱਠਾ ਹੁੰਦਾ ਸੀ। **(ਬਾਕੀ ਸਫ਼ਾ 31 ’ਤੇ)**

## ਢਿੱਡੀਂ ਪੀੜਾਂ ਪਾਉਣ ਵਾਲੀ ਫ਼ਿਲਮ ਫੁਕਰੇ-3 ਦਸੰਬਰ ਨੂੰ ਹੋਵੇਗੀ ਰਿਲੀਜ਼

ਮੁੰਬਈ/ਏ.ਟੀ.ਨਿਊਜ਼: ਬਾਲੀਵੁੱਡ ਦੀ ਚਰਚਿਤ ਫਿਲਮ ਫੁਕਰੇ-3 ਇਸ ਸਾਲ ਦਸੰਬਰ ਵਿੱਚ ਰਿਲੀਜ਼ ਕੀਤੀ ਜਾਵੇਗੀ। ਰਿਤੇਸ਼ ਸਿਧਵਾਨੀ ਅਤੇ ਫ਼ਰਹਾਨ ਅਖ਼ਤਰ ਦੀ ਐਕਸੈਲ ਐਂਟਰਟੇਨਮੈਂਟ ਨੇ ਸੋਸ਼ਲ ਮੀਡੀਆ ਦੇ ਟਵਿੱਟਰ ਖਾਤੇ ’ਤੇ ਫਿਲਮ ਦੇ ਰਿਲੀਜ਼ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਸ ਪੋਸਟ ਵਿੱਚ ਲਿਖਿਆ ਗਿਆ ਹੈ ਕਿ ‘ਜੁਗਾੜੂ ਮੁੰਡੇ ਇੱਕ ਵਾਰ ਫਿਰ ਇੱਕ ਦਸੰਬਰ 2023 ਨੂੰ ਦਰਸ਼ਕਾਂ ਨੂੰ ਹਸਾਉਣ ਲਈ ਸਿਨੇਮਾ ਘਰਾਂ ਵਿੱਚ ਆ ਰਹੇ ਹਨ। ਇਹ ਆਪਣੇ ਹੁਨਰ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣਗੇ। ਇਸ ਫਿਲਮ ਨੂੰ ਪਹਿਲਾਂ ਇਸ ਸਾਲ 7 ਸਤੰਬਰ ਨੂੰ ਰਿਲੀਜ਼ ਕੀਤਾ ਜਾਣਾ ਸੀ। ਇਸ ਫਿਲਮ ਦਾ ਪਹਿਲਾ ਭਾਗ ਸਾਲ 2013 ਵਿੱਚ ਆਇਆ ਸੀ। ਇਸ ਤੋਂ ਬਾਅਦ ਦੂਜਾ ਭਾਗ ਸਾਲ 2017 ਵਿੱਚ ‘ਫੁਕਰੇ ਰਿਟਰਨਜ਼’ ਦੇ ਨਾਂ ਹੇਠ ਰਿਲੀਜ਼ ਕੀਤਾ ਗਿਆ ਸੀ। ਇਹ ਚਾਰ ਦੋਸਤਾਂ ਦੀ ਕਹਾਣੀ ਹੈ। ਇਨ੍ਹਾਂ ਵਿੱਚ ਇਹ ਚਾਰ ਕਿਰਦਾਰ ਹਨੀ (ਪੁਲਕਿਤ ਸ਼ਰਮਾ), ਚੂਚਾ (ਵਰੁਣ ਸ਼ਰਮਾ), ਲਾਲੀ (ਮਨਜੋਤ ਸਿੰਘ) ਅਤੇ ਜ਼ਫਰ (ਅਲੀ ਫਜ਼ਲ) ਨੇ ਅਦਾ ਕੀਤੇ ਹਨ। ਇਹ ਚਾਰੇ ਸੌਖੇ ਤਰੀਕੇ ਨਾਲ ਪੈਸਾ ਕਮਾਉਣ ਦੇ ਚੱਕਰਾਂ ਵਿੱਚ ਰਹਿੰਦੇ ਹਨ। ਇਸ ਫਿਲਮ ਦਾ ਨਿਰਦੇਸ਼ਨ ਮ੍ਰਿਗਦੀਪ ਸਿੰਘ ਲਾਂਬਾ ਨੇ ਕੀਤਾ ਹੈ।



## ਅਲ ਜਜ਼ੀਰਾ ਦੀ ਫ਼ਿਲਮ ‘ਇੰਡੀਆ... ਹੂ ਲਿਟ ਦਿ ਫ਼ਿਊਜ਼’ ਦੇ ਪ੍ਰਸਾਰਣ ’ਤੇ ਲੱਗੀ ਰੋਕ



ਬੀਤੇ ਦਿਨੀਂ ਇਲਾਹਾਬਾਦ ਹਾਈ ਕੋਰਟ ਨੇ ਕਤਰ ਦੇ ਚੈਨਲ ਅਲ ਜਜ਼ੀਰਾ ਨੂੰ ‘ਇੰਡੀਆ... ਹੂ ਲਿਟ ਦਿ ਫਿਊਜ਼’ ਟਾਈਟਲ ਨਾਲ ਬਣੀ ਫ਼ਿਲਮ ਦਾ ਪ੍ਰਸਾਰਣ ਕਰਨ ਤੋਂ ਰੋਕ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਪਟੀਸ਼ਨ ਵਿੱਚ ਚੁੱਕੇ ਗਏ ਮੁੱਦਿਆਂ ਦਾ ਹੱਲ ਹੋਣ ਤੱਕ ਇਹ ਫ਼ਿਲਮ ਪ੍ਰਸਾਰਿਤ ਨਾ ਕੀਤੀ ਜਾਵੇ।ਅਦਾਲਤ ਨੇ ਸੁਧੀਰ ਕੁਮਾਰ ਨਾਮਕ ਵਿਅਕਤੀ ਵਲੋਂ ਦਰਜ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਇਹ ਹੁਕਮ ਦਿੱਤਾ ਹੈ।ਸੁਧੀਰ ਕੁਮਾਰ ਨੇ ਆਪਣੀ ਅਰਜ਼ੀ ਵਿੱਚ ਦਲੀਲ ਦਿੱਤੀ ਹੈ ਕਿ ਜੇਕਰ ਇਹ ਫ਼ਿਲਮ ਪ੍ਰਸਾਰਿਤ ਕੀਤੀ ਜਾਂਦੀ ਹੈ ਤਾਂ ਇਸ ਨਾਲ ਹਿੰਦੂ-ਮੁਸਲਮ ਧਰਮ ਦੇ ਲੋਕਾਂ ਵਿਚਾਲੇ ਨਫਰਤ ਪੈਦਾ ਹੋ ਸਕਦੀ ਹੈ ਤੇ ਦੇਸ਼ ਦੀ ਖ਼ੁਸ਼ਹਾਲੀ ਵਿਗੜ ਸਕਦੀ ਹੈ।ਇਸ ਮਾਮਲੇ ਦੀ ਅਗਲੀ ਸੁਣਵਾਈ 6 ਜੁਲਾਈ ਨੂੰ ਹੋਵੇਗੀ। ਫਿਲਮ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮੌਜੂਦਾ ਸਰਕਾਰ ਦੇ ਰਾਜ ਕਾਲ ਦੌਰਾਨ ਭਾਰਤ ਵਿੱਚ ਮੁਸਲਮਾਨਾਂ ’ਤੇ ਬਹੁਤ ਜ਼ਿਆਦਾ ਅੱਤਿਆਚਾਰ ਹੋ ਰਹੇ ਹਨ। ਉਨ੍ਹਾਂ ਨੂੰ ਸਮਾਜਿਕ-ਆਰਥਿਕ, ਰਾਜਨੀਤਿਕ ਅਤੇ ਵਿੱਦਿਅਕ ਤੌਰ ’ਤੇ ਦਬਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ।ਇਹੀ ਦੋਸ਼ ਲਗਾਉਂਦੇਹੋਏ ਫਿਲਮ ਵਿੱਚ ਸਵਾਲ ਉਠਾਇਆ ਗਿਆ ਹੈ ਕਿ ਭਾਰਤ ਵਿਚ ਇਸ ਤਰ੍ਹਾਂ ਦੀ ਅੱਗ ਲਗਾਉਣ ਲਈ ਕੌਣ ਜ਼ਿੰਮੇਵਾਰ ਹੈ।

## ਮਹਾਂਮਾਰੀ ਕਾਰਨ ਭਾਰਤੀ ਫ਼ਿਲਮ ਉਦਯੋਗ ਨੇ ਅੰਦਾਜ਼ਨ 24 ਮਿਲੀਅਨ ਦਰਸ਼ਕਾਂ ਨੂੰ ਗੁਆਇਆ

ਮੀਡੀਆ ਵਿਸ਼ਲੇਸ਼ਣ ਫਰਮ ਓਰਮੈਕਸ ਮੀਡੀਆ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ 122 ਮਿਲੀਅਨ ਥੀਏਟਰ-ਗੋਅਰ ਹਨ, ਯਾਨੀ, ਜਿਨ੍ਹਾਂ ਨੇ ਪਿਛਲੇ 12 ਮਹੀਨਿਆਂ (ਜਨਵਰੀ-ਦਸੰਬਰ 2022) ਵਿੱਚ ਇੱਕ ਥੀਏਟਰ ਵਿੱਚ ਘੱਟੋ-ਘੱਟ ਇੱਕ ਫਿਲਮ ਦੇਖੀ ਹੈ। ਜਨਵਰੀ-ਮਾਰਚ 2020 ਦੀ ਮਿਆਦ ਵਿੱਚ ਅਰਥਾਤ ਮਹਾਂਮਾਰੀ ਸ਼ੁਰੂ ਹੋਣ ਤੋਂ ਠੀਕ ਪਹਿਲਾਂ, ਇਹ ਗਿਣਤੀ 146 ਮਿਲੀਅਨ ਸੀ। ਇਸ ਲਈ, ਭਾਰਤੀ ਫਿਲਮ ਉਦਯੋਗ ਨੇ ਮਹਾਂਮਾਰੀ ਦੇ ਕਾਰਨ ਅੰਦਾਜ਼ਨ 24 ਮਿਲੀਅਨ ਦਰਸ਼ਕਾਂ ਨੂੰ ਗੁਆ ਦਿੱਤਾ ਹੈ, ਜਿਸ ਨੂੰ ਉਹ 2023-24 ਵਿੱਚ ਦੁਬਾਰਾ ਬਣਾਉਣ ਦੀ ਉਮੀਦ ਕਰਨਗੇ।

ਇਸ ਵਿੱਚ ਕਿਹਾ ਗਿਆ ਹੈ ਕਿ ਇੱਕ ਔਸਤ ਭਾਰਤੀ ਸਿਨੇਮਾ ਦੇਖਣ ਵਾਲਾ ਇੱਕ ਥੀਏਟਰ ਵਿੱਚ 1.5 ਭਾਸ਼ਾਵਾਂ ਵਿੱਚ ਫਿਲਮਾਂ ਦੇਖਦਾ ਹੈ।

ਭਾਰਤ ਦੇ ਥੀਏਟਰ ਬ੍ਰਹਿਮੰਡ ਨੂੰ ਤੋੜਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਹਿੰਦੀ 58 ਮਿਲੀਅਨ ਦਰਸ਼ਕਾਂ ਦੇ ਨਾਲ ਸਭ ਤੋਂ ਵੱਧ ਦੇਖੀ ਜਾਣ ਵਾਲੀ ਭਾਸ਼ਾ ਹੈ, ਤਾਂ ਹਿੰਦੀ ਥੀਏਟਰ-ਜਾਣ ਵਾਲਾ ਬ੍ਰਹਿਮੰਡ ਪੂਰਵ-ਮਹਾਂਮਾਰੀ ਸਮੇਂ ਨਾਲੋਂ 21.5 ਪ੍ਰਤੀਸ਼ਤ ਸੁੰਗੜ ਗਿਆ ਹੈ।



ਇਸ ਦੇ ਉਲਟ, ਜ਼ਿਆਦਾਤਰ ਦੱਖਣੀ ਭਾਰਤੀ ਭਾਸ਼ਾਵਾਂ ਦੇ ਸਰੋਤੇ ਜਾਂ ਤਾਂ ਸਥਿਰ ਰਹੇ ਜਾਂ ਦਰਸ਼ਕਾਂ ਵਿੱਚ ਵਾਧਾ ਦੇਖਿਆ ਗਿਆ ਸੀ। 11.6 ਮਿਲੀਅਨ ਤੋਂ 14.5 ਮਿਲੀਅਨ ਤੱਕ ਕੰਨੜ ਫਿਲਮਾਂ ਦੇ ਦਰਸ਼ਕਾਂ ਦੀ ਗਿਣਤੀ ਵਿੱਚ ਸਭ ਤੋਂ ਵੱਧ 25 ਪ੍ਰਤੀਸ਼ਤ ਵਾਧਾ ਹੋਇਆ ਹੈ। ਤਾਮਿਲ ਫਿਲਮਾਂ ਦਾ ਫਿਲਮ ਦਰਸ਼ਕ ਅਧਾਰ 282 ਮਿਲੀਅਨ ’ਤੇ ਸਥਿਰ ਰਿਹਾ, ਜਦੋਂ ਕਿ ਤੇਲਗੂ ਫਿਲਮਾਂ ਦਾ ਫਿਲਮ ਦਰਸ਼ਕ ਅਧਾਰ 7.8 ਪ੍ਰਤੀਸ਼ਤ ਘਟ ਕੇ 280 ਮਿਲੀਅਨ ਰਹਿ ਗਿਆ।ਇਹ ਰਿਪੋਰਟ, ਜਨਵਰੀ 2023 ਵਿੱਚ ਸ਼ਹਿਰੀ ਅਤੇ ਪੇਂਡੂ ਭਾਰਤ ਵਿੱਚ 15,000 ਭਾਰਤੀ ਦਰਸ਼ਕਾਂ ਵਿੱਚ ਕੀਤੀ ਗਈ ਖੋਜ ਦੇ ਆਧਾਰ ’ਤੇ, ਭਾਰਤ ਦੀ ਇੱਕੋ ਇੱਕ ਵੱਡੇ ਪੱਧਰ ਦੀ ਦਰਸ਼ਕ ਖੋਜ ਹੈ ਜਿਸਦਾ ਉਦੇਸ਼ ਭਾਰਤ ਵਿੱਚ ਥੀਏਟਰ ਦੇਖਣ ਵਾਲਿਆਂ ਲਈ ਬਾਜ਼ਾਰ ਨੂੰ ਰੂਪ ਦੇਣਾ ਹੈ।

# ਭਾਰਤ ਤੇ ਪਾਕਿਸਤਾਨ ਦੇ ਸਾਂਝੇ ਪਹਿਲਵਾਨ ਗਾਮੇ ਦੀ ਦੁਖਾਂਤਕ ਮੌਤ



ਪ੍ਰਿੰ. ਸਰਵਣ ਸਿੰਘ



ਪਹਿਲਵਾਨ ਗ਼ੁਲਾਮ ਹੁਸੈਨ ਉਰਫ਼ ਗਾਮੇ ਦਾ ਜਨਮ 22 ਮਈ 1878 ਨੂੰ ਹੋਇਆ ਸੀ ਤੇ ਦੇਹਾਂਤ 23 ਮਈ 1960 ਨੂੰ ਹੋਇਆ। ਉਹ ਰੋਜ਼ਾਨਾ ਤਿੰਨ ਹਜ਼ਾਰ ਡੰਡ ਕੱਢਦਾ ਸੀ ਤੇ ਪੰਜ ਹਜ਼ਾਰ ਬੈਠਕਾਂ। ਗਲ 'ਚ 95 ਕਿਲੋ ਦਾ ਪੱਥਰ ਪਾ ਕੇ ਦੌੜਦਾ ਤੇ ਅਖਾੜੇ 'ਚ ਚਾਲੀ ਪੱਠਿਆਂ ਨੂੰ ਜ਼ੋਰ ਕਰਾਉਂਦਾ। ਉਹਦੀ ਰੋਜ਼ਾਨਾ ਖ਼ੁਰਾਕ ਵਿੱਚ ਤਿੰਨ ਸੇਰ ਬਦਾਮ, ਅੱਧ ਸੇਰ ਘਿਉ ਤੇ ਪੰਜ ਮੁਰਗੇ ਸ਼ਾਮਲ ਸਨ। ਨਾਲ ਤਾਜ਼ੇ ਫਲਾਂ ਦਾ ਜੂਸ, ਬੱਕਰੇ ਦੀ ਯਖਣੀ ਤੇ ਛੇ ਸੱਤ ਲੀਟਰ ਦੁੱਧ ਪੀਂਦਾ। ਉਹਦਾ ਕੱਦ 5 ਫੁੱਟ 7 ਇੰਚ ਸੀ, ਪਰ ਜੁੱਸੇ ਦਾ ਭਾਰ 112 ਕਿਲੋਗਰਾਮ ਸੀ। ਮੁੱਛਾਂ ਲੰਮੀਆਂ ਤੇ ਗਲ 'ਚ ਤਵੀਤ ਪਾਉਂਦਾ ਸੀ। ਉਸ ਨੇ ਰਿਆਸਤ ਬੜੌਦਾ ਵਿੱਚ 12 ਕੁਇੰਟਲ ਦਾ ਪੱਥਰ ਚੁੱਕ ਵਿਖਾਇਆ ਸੀ ਜੋ ਅਜੇ ਵੀ ਬੜੌਦਾ ਦੇ ਅਜਾਇਬਘਰ ਵਿੱਚ ਵੇਖਿਆ ਜਾ ਸਕਦਾ ਹੈ। ਉਸ ਉਪਰ ਉਕਰਿਆ ਹੋਇਆ ਹੈ ਕਿ 1200 ਕਿਲੋਗਰਾਮ ਭਾਰਾ ਇਹ ਪੱਥਰ ਗਾਮਾ ਪਹਿਲਵਾਨ 23 ਦਸੰਬਰ 1902 ਨੂੰ ਛਾਤੀ ਤੱਕ ਉਠਾ ਕੇ ਕੁਝ ਕਦਮ ਤੁਰਿਆ ਵੀ ਸੀ। ਉਸ ਨੇ ਪੰਜ ਹਜ਼ਾਰ ਕੁਸ਼ਤੀਆਂ ਲੜੀਆਂ ਜਿਨ੍ਹਾਂ 'ਚ ਇਕ ਵਾਰ ਵੀ ਨਹੀਂ ਢੱਠਾ। ਆਖ਼ਰ 82ਵੇਂ ਸਾਲ ਉਸ ਨੂੰ ਮੌਤ ਹੀ ਢਾਹ ਸਕੀ।

ਉਹ ਬ੍ਰਿਟਿਸ਼ ਇੰਡੀਆ, ਰਾਜਿਆਂ ਦੀਆਂ ਰਿਆਸਤਾਂ, ਅਜੋਕੇ ਭਾਰਤ ਤੇ ਪਾਕਿਸਤਾਨ ਦਾ ਸਾਂਝਾ ਪਹਿਲਵਾਨ ਸੀ। ਉਸ ਦਾ ਜਨਮ ਅੰਮ੍ਰਿਤਸਰ ਵਿੱਚ ਹੋਇਆ ਸੀ ਤੇ ਦੇਹਾਂਤ ਲਾਹੌਰ ਵਿੱਚ। 1947 ਵਿੱਚ ਪੰਜਾਬ ਦੀ ਮਾਰੂ ਵੰਡ ਵੇਲੇ ਉਸ ਨੂੰ ਪਟਿਆਲੇ ਤੋਂ ਲਾਹੌਰ ਜਾਣਾ ਪਿਆ ਸੀ। ਪਟਿਆਲੇ ਤੋਂ ਲਾਹੌਰ ਜਾਂਦਿਆਂ ਉਹਦੀ ਤੇ ਉਹਦੇ ਪਰਿਵਾਰ ਦੇ ਜੀਆਂ ਦੀ ਕਿਸੇ ਲੁਟੇਰੇ ਜਾਂ ਜਨੂੰਨੀ ਨੇ ਲੁੱਟ ਮਾਰ ਨਹੀਂ ਸੀ ਕੀਤੀ। ਲਾਹੌਰ ਪੁੱਜ ਕੇ ਉਸ ਨੇ ਵੀ ਮੋਹਨੀ ਰੋਡ ਦੇ ਅਨੇਕਾਂ ਹਿੰਦੂਆਂ ਸਿੱਖਾਂ ਨੂੰ ਮੁਸਲਮਾਨ ਲੁਟੇਰਿਆਂ ਤੇ ਜਨੂੰਨੀਆਂ ਹੱਥੋਂ ਬਚਾਇਆ ਤੇ ਪੱਲਿਓਂ ਰਾਸ਼ਨ ਦੇ ਕੇ ਬਾਰਡਰ ਲੰਘਾਇਆ ਸੀ। ਉਹ ਰੁਸਤਮੇ ਜ਼ਮਾਂ ਭਲਵਾਨ ਹੋਣ ਦੇ ਨਾਲ ਨੇਕ ਇਨਸਾਨ ਤੇ ਸੱਚਾ ਮੁਸਲਮਾਨ ਸੀ। ਰੱਬ ਦਾ ਉਹ ਭਲਾ ਬੰਦਾ ਸਭਨਾਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਨੂੰ ਇਕੋ ਰੱਬ ਦੇ ਬੰਦੇ ਸਮਝਦਾ ਸੀ।

ਗਾਮੇ ਦੇ ਵੱਡ ਵਡੇਰਿਆਂ ਦਾ ਪਿਛੋਕੜ ਕਸ਼ਮੀਰ ਦਾ ਸੀ। ਉਹ ਜੁੱਦਾ ਦਰਿਆ ਕਿਨਾਰੇ ਵਸਦੇ ਸਨ ਤੇ ਦਰੀਆਂ ਗਲੀਚਿਆਂ ਦਾ ਕਾਰੋਬਾਰ ਕਰਦੇ ਸਨ। 1825 ਦੇ ਗੇੜ ਜਦੋਂ ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤਾਂ ਗਾਮੇ ਦਾ ਦਾਦਾ ਅੰਮ੍ਰਿਤਸਰ ਆ ਗਿਆ ਤੇ ਇੱਥੇ ਪੱਕੀ ਰਿਹਾਇਸ਼ ਕਰ ਲਈ। 1850 ਦੇ ਗੇੜ 'ਚ ਉਹਦੇ ਘਰ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਅਜ਼ੀਜ਼ ਬਖ਼ਸ਼ ਰੱਖਿਆ ਗਿਆ। ਅੰਮ੍ਰਿਤਸਰ ਅਖਾੜਿਆਂ ਦਾ ਘਰ ਸੀ ਜਿੱਥੇ ਉਹ ਕੁਸ਼ਤੀਆਂ ਵੱਲ ਖਿੱਚਿਆ ਗਿਆ ਤੇ ਨਾਮੀ ਪਹਿਲਵਾਨ ਬਣ ਗਿਆ। ਉਹਦਾ ਵਿਆਹ ਲੂਣ ਪਹਿਲਵਾਨ ਦੀ ਲੜਕੀ ਨਾਲ ਹੋਇਆ ਜਿਸ ਦੇ ਪੇਟੋਂ ਗੁਲਾਮ ਹੁਸੈਨ ਗਾਮੇ ਨੇ ਜਨਮ ਲਿਆ।

ਗਾਮੇ ਤੇ ਜ਼ਬਿਸਕੋ ਦਰਮਿਆਨ ਦੁਬਾਰਾ ਹੋਣ ਵਾਲਾ ਚਿਰਾਂ ਤੋਂ ਉਡੀਕਿਆ ਜਾ ਰਿਹਾ ਮੁਕਾਬਲਾ ਪਟਿਆਲਾ ਵਿੱਚ 29 ਜਨਵਰੀ, 1928 ਨੂੰ ਇਸ ਮੌਕੇ ਲਈ ਖ਼ਾਸ ਤੌਰ 'ਤੇ ਉਸਾਰੇ ਗਏ ਰਿੰਗ ਵਿੱਚ ਸ਼ੁਰੂ ਹੋਇਆ।

ਗਾਮੇ ਦੇ ਜਨਮ ਸਮੇਂ ਰਿਆਸਤ ਦੱਤੀਆ ਦਾ ਰਾਜਾ ਭਵਾਨੀ ਸਿੰਘ ਪਹਿਲਵਾਨਾਂ ਦੀ ਪਾਲਣਾ ਤੇ ਸਰਪ੍ਰਸਤੀ ਕਰਦਾ ਸੀ। ਉਸ ਨੇ ਅੰਬਰਸਰੀਏ ਪਹਿਲਵਾਨ ਅਜ਼ੀਜ਼ ਬਖ਼ਸ ਨੂੰ ਆਪਣਾ ਦਰਬਾਰੀ ਪਹਿਲਵਾਨ ਬਣਾ ਕੇ ਆਪਣੇ ਕੋਲ ਰੱਖ ਲਿਆ। ਫਿਰ ਅਜ਼ੀਜ਼ ਬਖ਼ਸ਼ ਆਪਣੇ ਪਰਿਵਾਰ ਨੂੰ ਅੰਮ੍ਰਿਤਸਰੋਂ ਦੱਤੀਏ ਲੈ ਗਿਆ। ਉਸ ਸਮੇਂ ਗਾਮੇ ਦੀ ਉਮਰ ਚਾਰ ਸਾਲ ਸੀ। ਗਾਮਾ ਭਲਵਾਨਾਂ ਨੂੰ ਜ਼ੋਰ ਕਰਦਿਆਂ ਵੇਖ ਉਨ੍ਹਾਂ ਦੀ ਰੀਸੇ ਲੰਗੋਟ ਪਾ ਲੈਂਦਾ ਤੇ ਅਖਾੜੇ ਦੁਆਲੇ ਗੇੜੀਆਂ ਦੇਣ ਲੱਗਦਾ। ਉਹ ਅਜੇ ਪੰਜਾਂ ਸਾਲਾਂ ਦਾ ਹੋਇਆ ਸੀ ਕਿ ਅਜ਼ੀਜ਼ ਬਖ਼ਸ਼ ਦੀ ਅਚਾਨਕ ਮੌਤ ਹੋ ਗਈ। ਅੱਬਾ ਦੀ ਮੌਤ ਤੋਂ ਦੋ ਮਹੀਨੇ ਬਾਅਦ ਗਾਮੇ ਦੇ ਨਿੱਕੇ ਭਰਾ ਦਾ ਜਨਮ ਹੋਇਆ ਜਿਸ ਦਾ ਨਾਂ ਇਮਾਮ ਬਖ਼ਸ਼ ਰੱਖਿਆ ਗਿਆ। ਗਾਮੇ ਨੇ ਤਾਂ ਆਪਣੇ ਅੱਬਾ ਦਾ ਪਿਆਰ ਦੁਲਾਰ ਕੁਝ ਸਮਾਂ ਮਾਣ ਲਿਆ ਸੀ ਪਰ ਇਮਾਮ ਬਖ਼ਸ਼ ਨੂੰ ਉਹ ਵੀ ਨਸੀਬ ਨਾ ਹੋਇਆ। ਉਂਜ ਗਾਮੇ ਵਾਂਗ ਇਮਾਮ ਬਖ਼ਸ਼ ਵੀ ਰੁਸਤਮ ਪਹਿਲਵਾਨ ਬਣਿਆ। ਪੀੜ੍ਹੀਆਂ ਦਾ ਖੇਲ੍ਹ ਹੈ ਕਿ 1971 ਵਿੱਚ ਇਮਾਮ ਬਖ਼ਸ਼ ਦੀ ਦੋਹਤੀ ਕੁਲਸੁਮ ਬੱਟ, ਨਵਾਜ਼ ਸ਼ਰੀਫ਼ ਦੀ ਬੇਗਮ ਬਣੀ ਜੋ ਤਿੰਨ ਵਾਰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਰਿਹਾ ਅਤੇ ਪੜਦੋਹਤੀ ਦਾ ਨਿਕਾਹ ਅਰਬ ਦੇ ਪ੍ਰਿੰਸ ਨਾਲ ਹੋਇਆ। ਗਾਮੇ ਦੀਆਂ ਦੋ ਸ਼ਾਦੀਆਂ 'ਚੋਂ ਪੰਜ ਪੁੱਤਰ ਹੋਏ ਤੇ ਚਾਰ ਧੀਆਂ। ਪੰਜੇ ਪੁੱਤਰ ਬਚਪਨ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ, ਧੀਆਂ ਬਚੀਆਂ ਰਹੀਆਂ।

ਬਾਲਕ ਗਾਮਾ ਜਦੋਂ ਆਪਣੀ ਮਾਂ ਨੂੰ ਪੁੱਛਦਾ, ਸਾਡਾ ਅੱਬਾ ਕਦੋਂ ਘਰ ਆਵੇਗਾ ਤਾਂ ਮਾਂ ਕੁੱਛੜ ਚੁੱਕੇ ਇਮਾਮ ਨੂੰ ਸੰਭਾਲਦੀ ਵੱਡੇ ਪੁੱਤਰ ਨੂੰ ਝੂਠੀ-ਮੂਠੀ ਦੀ ਤਸੱਲੀ ਦਿੰਦੀ, ਉਹ ਅੰਬਰਸਰ ਗਏ ਨੇ, ਬੱਸ ਆਉਂਦੇ ਹੀ ਹੋਣਗੇ। ਏਨਾ ਕਹਿੰਦਿਆਂ ਮਾਂ ਦੇ ਹੰਝੂ ਉਮੜ ਆਉਂਦੇ। ਅਜ਼ੀਜ਼ ਬਖ਼ਸ਼ ਦੀ ਮੌਤ ਪਿੱਛੋਂ ਗਾਮੇ ਦੀ ਦੇਖਭਾਲ ਉਹਦੇ ਨਾਨੇ ਲੂਣ ਭਲਵਾਨ ਨੇ ਕੀਤੀ, ਪਰ ਲੂਣ ਭਲਵਾਨ ਵੀ ਸਾਲ ਕੁ ਬਾਅਦ ਰੱਬ ਨੂੰ ਪਿਆਰਾ ਹੋ ਗਿਆ। ਫਿਰ ਗਾਮੇ ਦੇ ਮਾਮੇ ਈਦੇ ਭਲਵਾਨ ਨੇ ਭਾਣਜੇ ਨੂੰ ਸੰਭਾਲਿਆ। ਈਦਾ ਬੇਸ਼ੱਕ ਮੌਜੀ ਭਲਵਾਨ ਸੀ, ਪਰ ਉਸ ਨੇ ਗਾਮੇ ਨੂੰ ਪੂਰੇ ਜ਼ਾਬਤੇ ਵਿੱਚ ਰੱਖਿਆ। ਉਸ ਨੂੰ ਚੰਗੀ ਖ਼ੁਰਾਕ ਖੁਆਈ ਤੇ ਕਸਰਤ ਕਰਵਾਈ। ਜਦੋਂ ਗਾਮਾ ਦਸਾਂ ਕੁ ਸਾਲਾਂ ਦਾ ਹੋਇਆ ਤਾਂ ਉਸ ਨੇ ਆਪਣੇ ਛੋਟੇ ਮਾਮੇ ਬੂਟੇ ਪਹਿਲਵਾਨ ਨਾਲ ਰਾਜੇ ਜੋਧਪੁਰ ਦੇ ਕਸਰਤੀ ਦੰਗਲ ਵਿੱਚ ਜਾਣ ਦੀ ਇਜਾਜ਼ਤ ਮੰਗੀ। ਉੱਥੇ ਮੁਕਾਬਲੇ ਦੀ ਪਹਿਲੀ ਸ਼ਰਤ ਸੀ ਕਿ ਜਿਹੜਾ ਜੁਆਨ ਜ਼ਿਆਦਾ ਬੈਠਕਾਂ ਲਾਵੇਗਾ ਉਹੀ ਪਹਿਲਵਾਨ ਮੰਨਿਆ ਜਾਵੇਗਾ। ਬੈਠਕਾਂ ਲਾਉਂਦੇ ਚਾਰ ਸੌ ਜੁਆਨਾਂ 'ਚੋਂ ਪਿੱਛੇ ਪੰਜਾਹ ਜੁਆਨ ਰਹਿ ਗਏ ਜਿਨ੍ਹਾਂ 'ਚ ਗਾਮਾ ਵੀ ਸੀ। ਫਿਰ ਚੌਂਦਾਂ ਰਹਿ ਗਏ। ਗਾਮਾ ਹਾਲੇ ਵੀ ਡਟਿਆ ਹੋਇਆ ਸੀ। ਰਾਜੇ ਜਸਵੰਤ ਸਿੰਘ ਨੇ ਉਸ ਨੂੰ ਛਾਤੀ ਨਾਲ ਲਾਇਆ ਤੇ ਭਲਵਾਨੀ ਦੀ ਉਚੇਚੀ ਸਿਖਲਾਈ ਦੇਣ ਲਈ ਚੁਣ ਲਿਆ। 15 ਸਾਲਾਂ ਦੀ ਉਮਰ ਤਕ ਉਹ ਤਕੜਾ ਪਹਿਲਵਾਨ ਬਣ ਗਿਆ। ਤਦ ਗਾਮੇ ਦੇ ਮਨ ਵਿੱਚ ਚਾਹਤ ਪੈਦਾ ਹੋਈ ਕਿ ਹੁਣ ਤਕੜੇ ਪਹਿਲਵਾਨਾਂ ਨਾਲ ਕੁਸ਼ਤੀਆਂ ਲੜੀਆਂ ਜਾਣ।

ਦੱਤੀਆ ਤੋਂ ਉਹ ਰਿਆਸਤ ਰੀਵਾ 'ਚ ਚਲਾ ਗਿਆ ਜਿੱਥੋਂ ਦਾ ਰਾਜਾ ਪਰਤਾਪ ਸਿੰਘ ਸੀ। ਉੱਥੇ ਉਹ ਚਾਰ ਸਾਲ ਰਿਹਾ ਤੇ ਕੁਸ਼ਤੀਆਂ ਲੜਦਾ ਦੇਸ਼ ਦਾ ਸਰਬੋਤਮ ਪਹਿਲਵਾਨ ਬਣ ਗਿਆ। ਪਹਿਲਵਾਨ ਹੀ ਨਹੀਂ ਸਗੋਂ ਆਦਮੀ ਤੋਂ ਇਨਸਾਨ ਵੀ ਬਣ ਗਿਆ। ਗਾਮਾ 19 ਸਾਲ ਦਾ ਹੋਇਆ ਤਾਂ ਉਸ ਦਾ ਪਹਿਲਾ ਵੱਡਾ ਮੁਕਾਬਲਾ ਗੁੱਜਰਾਂਵਾਲੀਏ ਰਹੀਮ ਬਖ਼ਸ਼ ਸੁਲਤਾਨੀਵਾਲੇ ਨਾਲ ਹੋਇਆ ਜਿਸ ਦੀ ਉਮਰ 28 ਸਾਲ ਦੀ ਸੀ। ਲੋਕ ਸਮਝਦੇ ਸਨ ਕਿ ਗਾਮਾ ਐਡੇ ਵੱਡੇ ਪਹਿਲਵਾਨ ਦੇ ਮੁਕਾਬਲੇ ਮਸਾਂ ਦੋ ਚਾਰ ਮਿੰਟ ਹੀ ਟਿਕੇਗਾ, ਪਰ ਉਹ ਇਕ ਘੰਟਾ ਕੁਸ਼ਤੀ ਲੜ ਕੇ ਵੀ ਬਰਾਬਰ ਰਿਹਾ ਤੇ ਕੁਸ਼ਤੀ ਅਗਾਂਹ ਪਾ ਦਿੱਤੀ ਗਈ।

ਫਿਰ ਗਾਮੇ ਨੇ ਹਿੰਦ ਮਹਾਂਦੀਪ ਦੇ ਸਾਰੇ ਪਹਿਲਵਾਨਾਂ ਨੂੰ ਵੰਗਾਰਿਆ ਕਿ ਕੋਈ ਵੀ ਪਹਿਲਵਾਨ ਮੇਰੇ ਨਾਲ ਘੁਲ਼ ਲਵੇ। ਉਸ ਨੇ ਚੋਟੀ ਦੇ ਪਹਿਲਵਾਨ ਗ਼ੁਲਾਮ ਮਹੀਓਦੀਨ ਨੂੰ ਕੁਝ ਸਕਿੰਟਾਂ ਵਿੱਚ ਹੀ ਢਾਹ ਕੇ ਦੁਨੀਆਂ ਦੰਗ ਕਰ ਦਿੱਤੀ। ਮਹਾਰਾਜਾ ਦੱਤੀਆ ਨੇ ਉਸ ਨੂੰ ਬਾਈ ਸੇਰ ਭਾਰੀ ਚਾਂਦੀ ਦੀ ਗੁਰਜ ਨਾਲ ਨਿਵਾਜਿਆ ਤੇ 20 ਹਜ਼ਾਰ ਰੁਪਏ ਨਕਦ ਇਨਾਮ ਦਿੱਤੇ। ਫਿਰ ਉਸ ਨੇ ਰਿਆਸਤ ਬੜੌਦਾ ਦੇ ਦਰਬਾਰੀ ਪਹਿਲਵਾਨਾਂ ਦੀ ਕੰਡ ਲਾਈ। 21 ਸਾਲ ਦੀ ਉਮਰ ਵਿੱਚ ਦੌਦ ਪਹਿਲਵਾਨ ਨੂੰ ਚਿੱਤ ਕੀਤਾ। ਰਿਆਸਤ ਟੇਕਮਗੜ੍ਹ ਤੇ ਗਵਾਲੀਅਰ ਦੇ ਪਹਿਲਵਾਨਾਂ ਨੂੰ ਵੀ ਪਛਾੜ ਦਿੱਤਾ। ਰਿਆਸਤ ਭੂਪਾਲ ਦੇ ਦਿਓਕੱਦ ਪਹਿਲਵਾਨ ਪਰਤਾਪੇ ਦੀ ਵੀ ਕੰਡ ਲਾ ਦਿੱਤੀ। ਰਾਮੂ ਬਾਲੀ ਵਾਲਾ ਤੇ ਉਹਦਾ ਪੁੱਤਰ ਫਿਰੋਜ਼ਦੀਨ ਗੂੰਗਾ ਸਾਰੇ ਉਹਤੋਂ ਕੰਨੀ ਕਰਤਾਉਣ ਲੱਗੇ।

ਹਿੰਦ ਮਹਾਂਦੀਪ 'ਚ ਸੱਤ ਫੁੱਟਾ ਭਲਵਾਨ ਰਹੀਮ ਬਖ਼ਸ਼ ਹੀ ਸੀ ਜਿਹੜਾ ਉਹਤੋਂ ਅਜੇ ਢੱਠਾ ਨਹੀਂ ਸੀ। ਜਦੋਂ ਰਹੀਮ ਬਖ਼ਸ਼ ਨਾਲ ਉਹਦਾ ਦੂਜਾ ਭੇੜ ਹੋਇਆ ਤਾਂ ਗਾਮੇ ਨੇ 14 ਦਾਅ ਵਰਤੇ ਤੇ ਰਹੀਮ ਬਖ਼ਸ਼ ਨੇ 16 ਦਾਅ। ਪਰ ਦੋ ਘੰਟੇ ਖਹਿਣ ਪਿੱਛੋਂ ਵੀ ਕਿਸੇ ਦੀ ਜਿੱਤ ਹਾਰ ਨਾ ਹੋਈ। ਉਨ੍ਹਾਂ ਵਿਚਕਾਰ ਤੀਜਾ ਮੁਕਾਬਲਾ ਲਾਹੌਰ ਵਿਖੇ ਹੋਇਆ। ਉਹ ਮੁਕਾਬਲਾ 2 ਘੰਟੇ 20 ਮਿੰਟ ਜਾਰੀ ਰਿਹਾ। ਭਾਵੇਂ ਗਾਮੇ ਦਾ ਹੱਥ ਉਪਰ ਰਿਹਾ ਪਰ ਜਿੱਤ ਹਾਰ ਨਾ ਹੋ ਸਕੀ। ਅਗਲੇ ਸਾਲ ਉਨ੍ਹਾਂ ਦੇ ਚੌਥੇ ਮੁਕਾਬਲੇ ਦੀ ਉਡੀਕ ਹੋਣ ਲੱਗੀ ਜੋ ਰਹੀਮ ਬਖ਼ਸ਼ ਦੇ ਬਿਮਾਰ ਹੋਣ ਕਰਕੇ ਹੋ ਨਾ ਸਕਿਆ। ਗਾਮੇ ਨੂੰ ਹਿੰਦ ਮਹਾਂਦੀਪ ਦਾ ਸਭ ਤੋਂ ਤਕੜਾ ਪਹਿਲਵਾਨ ਮੰਨ ਲਿਆ ਗਿਆ।

1910 ਵਿੱਚ ਲੰਡਨ ਵਿਖੇ ਜੌਨ ਬੁੱਲ ਆਲਮੀ ਕੁਸ਼ਤੀ ਮੁਕਾਬਲੇ ਹੋਣੇ ਸਨ। ਬੰਗਾਲ ਦੇ ਕਰੋੜਪਤੀ ਸੇਠ ਸ਼ਰਤ ਕੁਮਾਰ ਮਿੱਤਰਾ ਨੇ ਗਾਮੇ, ਉਹਦੇ ਛੋਟੇ ਭਰਾ ਇਮਾਮ ਬਖ਼ਸ਼, ਅਹਿਮਦ ਬਖ਼ਸ਼ ਅੰਮ੍ਰਿਤਸਰੀ ਤੇ ਗਾਮੂੰ ਪਹਿਲਵਾਨ ਜਲੰਧਰੀ ਨੂੰ ਸਪਾਂਸਰ ਕੀਤਾ। ਸਾਰੀ ਟੋਲੀ ਲਾਹੌਰ ਤੋਂ ਬੰਬਈ ਤਕ ਰੇਲ ਗੱਡੀ 'ਤੇ ਗਈ ਤੇ ਉੱਥੇ ਦੋ ਦਿਨ ਠਹਿਰ ਕੇ ਸਮੁੰਦਰੀ ਜਹਾਜ਼ 'ਤੇ ਵੀਨਸ ਵੱਲ ਰਵਾਨਾ ਹੋਈ। ਅੱਠ ਦਿਨ ਉਹ ਇਟਲੀ ਦੇ ਹੋਟਲ ਵਿੱਚ ਰੁਕੇ ਤੇ ਫਿਰ ਫਰਾਂਸ ਨੂੰ ਰਵਾਨਾ ਹੋਏ। ਉੱਥੇ ਉਹ ਵੀਹ ਦਿਨ ਰਹਿ ਕੇ ਲੰਡਨ ਪਹੁੰਚੇ। ਉਨ੍ਹਾਂ ਦਾ ਮੈਨੇਜਰ ਆਸਟਰੇਲੀਆ ਤੋਂ ਮਿਸਟਰ ਬੈਂਜ਼ਮਿਨ ਸੀ। ਉੱਥੇ ਅਮਰੀਕਾ, ਯੂਰਪ ਤੇ ਜਪਾਨ ਦੇ ਸਾਰੇ ਰੁਸਤਮ ਪਹਿਲਵਾਨ ਢੁੱਕੇ ਹੋਏ ਸਨ।

ਗਾਮਾ ਮੁੱਢਲੀਆਂ ਕੁਸ਼ਤੀਆਂ ਜਿੱਤਦਾ ਫਾਈਨਲ ਵਿੱਚ ਪੁੱਜ ਗਿਆ। ਦੂਜੇ ਪਾਸਿਓਂ ਪੋਲੈਂਡ ਦਾ ਜੰਮਪਲ ਸਟੈਨਲੇ ਜ਼ਬਿਸਕੋ ਜੋ ਯੂਰਪ ਦਾ ਚੈਂਪੀਅਨ ਬਣਨ ਪਿੱਛੋਂ ਅਮਰੀਕਨ ਸ਼ਹਿਰੀ ਬਣ ਗਿਆ ਸੀ, ਫਾਈਨਲ 'ਚ ਪੁੱਜਾ। 10 ਸਤੰਬਰ 1910 ਨੂੰ ਵਾਈਟ ਸਿਟੀ ਸਟੇਡੀਅਮ ਲੰਡਨ, ਜਿੱਥੇ ਦੋ ਸਾਲ ਪਹਿਲਾਂ ਓਲੰਪਿਕ ਖੇਡ ਹੋਈਆਂ ਸਨ, ਤੀਹ ਹਜ਼ਾਰ ਦਰਸ਼ਕਾਂ ਦਾ 'ਕੱਠ ਹੋਇਆ। ਅਖ਼ਬਾਰਾਂ ਨੇ ਗਾਮੇ ਤੇ ਜ਼ਬਿਸਕੋ ਦੀ ਕੁਸ਼ਤੀ ਨੂੰ 'ਬੈਟਲ ਆਫ਼ ਸੈਂਚਰੀ' ਦਾ ਨਾਂ ਦਿੱਤਾ। ਉਦੋਂ ਗਾਮੇ ਦੀ ਉਮਰ 32 ਸਾਲ ਸੀ ਤੇ ਜ਼ਬਿਸਕੋ ਦੀ 30 ਸਾਲ।

(ਬਾਕੀ ਸਫ਼ਾ 31 'ਤੇ)

# ਉਲੰਪੀਅਨ ਭਵਾਨੀ ਦੇਵੀ ਨੇ ਕਾਂਸੇ ਦਾ ਮੈਡਲ ਜਿੱਤ ਕੇ ਰਚਿਆ ਇਤਿਹਾਸ



ਬੀਜਿੰਗ: ਉਲੰਪੀਅਨ ਭਵਾਨੀ ਦੇਵੀ ਨੇ ਚੀਨ ਦੇ ਵੂਕਸੀ ਵਿੱਚ ਏਸ਼ਿਆਈ ਤਲਵਾਰਬਾਜ਼ੀ ਚੈਂਪੀਅਨਸ਼ਿਪ ਦੇ ਮਹਿਲਾ ਸੇਬਰ ਮੁਕਾਬਲੇ ਦੇ ਸੈਮੀਫਾਈਨਲ ਵਿੱਚ ਹਾਰ ਦੇ ਬਾਵਜੂਦ ਕਾਂਸੇ ਦਾ ਮੈਡਲ ਜਿੱਤ ਕੇ ਇਤਿਹਾਸ ਰਚਿਆ।ਇਹ ਇਸ ਚੈਂਪੀਅਨਸ਼ਿਪ ਵਿੱਚ ਭਾਰਤ ਦਾ ਪਹਿਲਾ ਮੈਡਲ ਹੈ। ਸੈਮੀਫਾਈਨਲ ਵਿੱਚ ਭਵਾਨੀ ਨੂੰ ਉਜ਼ਬੇਕਿਸਤਾਨ ਦੀ ਜੇਨਾਬ ਡੇਈਬੇਕੋਵਾ ਖ਼ਿਲਾਫ਼ ਸਖ਼ਤ ਮੁਕਾਬਲੇ ਵਿੱਚ 14-15 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਨੇ ਇਸ ਵੱਕਾਰੀ ਚੈਂਪੀਅਨਸ਼ਿਪ ਵਿੱਚ ਭਾਰਤ ਲਈ ਪਹਿਲਾ ਮੈਡਲ ਯਕੀਨੀ ਬਣਾਇਆ। ਭਵਾਨੀ ਨੇ ਕੁਆਰਟਰ ਫਾਈਨਲ ਵਿੱਚ ਪਿਛਲੀ ਵਾਰ ਦੀ ਵਿਸ਼ਵ ਚੈਂਪੀਅਨ ਜਾਪਾਨ ਦੀ ਮਿਸਾਕੀ ਐਮੁਰਾ ਨੂੰ 15-10 ਨਾਲ ਹਰਾ ਕੇ ਉਲਟਫੇਰ ਕੀਤਾ ਸੀ। ਮਿਸਾਕੀ ਖ਼ਿਲਾਫ਼ ਇਹ ਭਵਾਨੀ ਦੀ ਪਹਿਲੀ ਜਿੱਤ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਜਾਪਾਨ ਦੀ ਖਿਡਾਰਨ ਖ਼ਿਲਾਫ਼ ਆਪਣੇ ਸਾਰੇ ਮੁਕਾਬਲੇ ਗੁਆਏ ਸਨ। ਭਵਾਨੀ ਨੂੰ ਰਾਊਂਡ ਆਫ 64 ਵਿੱਚ ਬਾਈ ਮਿਲੀ ਸੀ ਜਿਸ ਤੋਂ ਬਾਅਦ ਅਗਲੇ ਗੇੜ ਵਿੱਚ ਉਨ੍ਹਾਂ ਨੇ ਕਜ਼ਾਕਿਸਤਾਨ ਦੀ ਡੋਸਪੇ ਕਰੀਨਾ ਨੂੰ ਹਰਾਇਆ। ਭਾਰਤੀ ਖਿਡਾਰੀ ਨੇ ਪ੍ਰੀ ਕੁਆਰਟਰ ਫਾਈਨਲ ਵਿੱਚ ਵੀ ਉਲਟਫੇਰ ਕਰਦੇ ਹੋਏ ਤੀਜਾ ਦਰਜਾ ਓਜਾਕੀ ਸੇਰੀ ਨੂੰ 15-11 ਨਾਲ ਹਰਾਇਆ।ਭਾਰਤੀ ਤਲਵਾਰਬਾਜ਼ੀ ਸੰਘ ਦੇ ਜਨਰਲ ਸਕੱਤਰ ਰਾਜੀਵ ਮਹਿਤਾ ਨੇ ਭਵਾਨੀ ਨੂੰ ਉਨ੍ਹਾਂ ਦੀ ਇਤਿਹਾਸਕ ਉਪਲੱਬਧੀ 'ਤੇ ਕਿਹਾ ਕਿ ਇਹ ਭਾਰਤੀ ਤਲਵਾਰਬਾਜ਼ੀ ਲਈ ਬਹੁਤ ਮਾਣ ਦਾ ਦਿਨ ਹੈ। ਭਵਾਨੀ ਨੇ ਉਹ ਕੀਤਾ ਹੈ ਜਿਸ ਨੂੰ ਇਸ ਤੋਂ ਪਹਿਲਾਂ ਕੋਈ ਹਾਸਲ ਨਹੀਂ ਕਰ ਸਕਿਆ ਹੈ। ਉਹ ਵੱਕਾਰੀ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਤਲਵਾਰਬਾਜ਼ ਹੈ। ਚਾਹੇ ਉਹ ਸੈਮੀਫਾਈਨਲ ਵਿੱਚ ਹਾਰ ਗਈ ਪਰ ਮੁਕਾਬਲਾ ਕਾਫੀ ਫਸਵਾਂ ਰਿਹਾ। ਸਿਰਫ਼ ਇਕ ਅੰਕ ਦਾ ਫ਼ਰਕ ਸੀ। ਇਸ ਲਈ ਇਹ ਵੱਡਾ ਸੁਧਾਰ ਹੈ। ਉਲੰਪਿਕ ਵਿੱਚ ਕੁਆਲੀਫਾਈ ਕਰਨ ਵਾਲੀ ਪਹਿਲੀ ਭਾਰਤੀ ਤਲਵਾਰਬਾਜ ਬਣੀ ਭਵਾਨੀ ਟੋਕੀਓ ਖੇਡਾਂ ਵਿੱਚ ਰਾਊਂਡ ਆਫ 32 'ਚੋਂ ਬਾਹਰ ਹੋ ਗਈ ਸੀ।

# ਸ਼ਾਟਪੁੱਟਰ ਤੇਜਿੰਦਰ ਪਾਲ ਸਿੰਘ ਤੂਰ ਨੇ ਆਪਣਾ ਏਸ਼ੀਆਈ ਰਿਕਾਰਡ ਤੋੜਿਆ

## ਵਿਸ਼ਵ ਚੈਂਪੀਅਨਸ਼ਿਪ ਲਈ ਕੀਤਾ ਕੁਆਲੀਫਾਈ




ਭੁਵਨੇਸ਼ਵਰ/ਏ.ਟੀ.ਨਿਊਜ਼ :- ਭਾਰਤ ਦੇ ਚੋਟੀ ਦੇ ਸ਼ਾਟਪੁੱਟ ਖਿਡਾਰੀ ਤੇਜਿੰਦਰ ਪਾਲ ਸਿੰਘ ਤੂਰ ਨੇ ਇੱਥੇ ਰਾਸ਼ਟਰੀ ਅੰਤਰਰਾਜੀ ਚੈਂਪੀਅਨਸ਼ਿਪ ਦੇ ਆਖਰੀ ਦਿਨ 21.77 ਮੀਟਰ ਦੇ ਥ੍ਰੋਅ ਨਾਲ ਆਪਣਾ ਏਸ਼ੀਆਈ ਰਿਕਾਰਡ ਤੋੜ ਕੇ ਵਿਸ਼ਵ ਚੈਂਪੀਅਨਸ਼ਿਪ ਲਈ ਕੁਆਲੀਫਾਈ ਕੀਤਾ। ਪੰਜਾਬ ਦੀ ਨੁਮਾਇੰਦਗੀ ਕਰ ਰਹੇ ਤੂਰ ਦਾ ਏਸ਼ੀਆਈ ਰਿਕਾਰਡ 21.49 ਮੀਟਰ ਦਾ ਸੀ, ਜਿਹੜਾ ਉਨ੍ਹਾਂ ਨੇ 2021 ਵਿਚ ਪਟਿਆਲਾ ਵਿਚ ਬਣਾਇਆ ਸੀ।ਇਸ 28 ਸਾਲ ਦੇ ਖ਼ਿਡਾਰੀ ਨੇ ਕਲਿੰਗਾ ਸਟੇਡੀਅਮ 'ਚ ਤੀਜੀ ਥ੍ਰੋਅ 'ਚ 21.77 ਮੀਟਰ ਤਕ ਗੋਲਾ ਸੁੱਟਿਆ ਜਿਹੜਾ ਇਸ ਸੈਸ਼ਨ 'ਚ ਵਿਸ਼ਵ 'ਚ 9ਵਾਂ ਸਰਵਸ੍ਰੇਸ਼ਠ ਪ੍ਰਦਰਸ਼ਨ ਹੈ। ਵਿਸ਼ਵ ਚੈਂਪੀਅਨਸ਼ਿਪ ਦਾ ਕੁਆਲੀਫਾਇੰਗ ਸਟੈਂਡਰਡ 21.40 ਮੀਟਰ ਦਾ ਹੈ। ਉਹ ਏਸ਼ੀਆਈ ਖੇਡਾਂ ਲਈ ਵੀ ਕੁਆਲੀਫਾਈ ਕਰ ਚੁੱਕੇ ਹਨ, ਜਿਸ ਦਾ ਕੁਆਲੀਫਾਇੰਗ ਸਟੈਂਡਰਡ 19 ਮੀਟਰ ਦਾ ਹੈ।

## ਸਿੱਖ ਕੌਮ ਦਾ ਜੁਝਾਰੂ ਸਿੰਘ

ਉਹਨਾਂ ਨੂੰ ਵੈਂਟੀਲੇਟਰ 'ਤੇ ਲਾਇਆ ਹੋਇਆ ਸੀ।

ਅਵਤਾਰ ਸਿੰਘ ਖੰਡਾ ਦੀ ਮਰਹੂਮ ਦੀਪ ਸਿੱਧੂ ਨਾਲ ਵੀ ਨੇੜਤਾ ਸੀ ਤੇ ਅੰਮ੍ਰਿਤਪਾਲ ਸਿੰਘ ਨਾਲ ਵੀ। ਅੰਮ੍ਰਿਤਪਾਲ ਸਿੰਘ ਜਦੋਂ ਰੂਪੋਸ਼ ਹੋ ਗਿਆ ਸੀ ਤਾਂ ਖੰਡੇ ਦੀ ਭੈਣ ਅਤੇ ਮਾਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਵੀ ਰੱਖਿਆ ਸੀ। ਕੌਮ ਦੇ ਇਨ੍ਹਾਂ ਜੁਝਾਰੂ ਸਿੰਘਾਂ ਦਾ ਸਮੇਂ ਤੋਂ ਪਹਿਲਾਂ ਤੁਰ ਜਾਣਾ ਸਿੱਖ ਕੌਮ ਤੇ ਪੰਥ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਹੈ। ਅਦਾਰਾ ਅੰਮ੍ਰਿਤਸਰ ਟਾਈਮਜ਼ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਭਾਈ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਦੇਵੇ ਤੇ ਉਸ ਜੁਝਾਰੂ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ।

***

## ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਯਤਨਸ਼ੀਲ

ਕਰਵਾਉਣੀ ਜ਼ਰੂਰੀ ਹੈ ਕਿ ਇਸ ਪਿੱਛੇ ਕੋਈ ਸਿਆਸੀ ਪ੍ਰੇਰਨਾ ਨਹੀਂ ਸੀ। ਅਸੀਂ ਪੂਰੀ ਤਰ੍ਹਾਂ ਜਾਣੂ ਹਾਂ ਕਿ ਅਜਿਹੀਆਂ ਸਿਆਸੀ ਤੌਰ 'ਤੇ ਪ੍ਰੇਰਿਤ ਘਟਨਾਵਾਂ ਅਤੀਤ ਵਿੱਚ ਵਾਪਰੀਆਂ ਹਨ, ਜਿਵੇਂ ਕਿ 2006 ਵਿੱਚ ਅਲੈਗਜ਼ੈਂਡਰ ਲਿਟਵਿਨੇਨਕੋ ਦੇ ਕੇਸ ਦੁਆਰਾ ਉਦਾਹਰਣ ਦਿੱਤੀ ਗਈ ਹੈ। ਮਨੁੱਖੀ ਅਧਿਕਾਰਾਂ ਦੀ ਯੂਰਪੀਅਨ ਅਦਾਲਤ ਨੇ ਰੇਡੀਏਸ਼ਨ ਜ਼ਹਿਰ ਦੁਆਰਾ ਉਸਦੀ ਹੱਤਿਆ ਲਈ ਕ੍ਰੇਮਲਿਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਲਿਟਵਿਨੇਨਕੋ ਇੱਕ ਸਾਬਕਾ ਰੂਸੀ ਖੁਫੀਆ ਅਧਿਕਾਰੀ ਸੀ ਜੋ ਪੱਛਮ ਵਿੱਚ ਬਦਲ ਗਿਆ ਸੀ।ਇਸ ਤੋਂ ਇਲਾਵਾ, 2018 ਵਿੱਚ ਇੱਕ ਸਾਬਕਾ ਰੂਸੀ ਵਿਅਕਤੀ ਨੂੰ ਸ਼ਾਮਲ ਕਰਨ ਵਾਲੀ ਜ਼ਹਿਰ ਦੀ ਇੱਕ ਅਜਿਹੀ ਘਟਨਾ ਵਾਪਰੀ ਸੀ, ਜਿਵੇਂ ਕਿ ਏਬੀਸੀ ਨਿਊਜ਼ ਦੁਆਰਾ ਰਿਪੋਰਟ ਕੀਤੀ ਗਈ ਹੈ।

ਉਹਨਾਂ ਕਿਹਾ ਕਿ ਸਿੱਖ ਕੌਂਸਲ ਯੂਕੇ ਦੇ ਸਮੂਹ ਮੈਂਬਰਾਂ ਦੀ ਤਰਫੋਂ, ਅਸੀਂ ਭਾਈ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਅਤੇ ਸਿੱਖ ਪ੍ਰਵਾਸੀ ਸਿੱਖਾਂ ਨਾਲ ਅਜਿਹੇ ਸਮਰਪਿਤ ਕਾਰਕੁੰਨ ਦੇ ਵਿਛੋੜੇ ਲਈ ਦਿਲੀ ਹਮਦਰਦੀ ਪ੍ਰਗਟ ਕਰਦੇ ਹਾਂ। ਭਾਈ ਅਵਤਾਰ ਸਿੰਘ ਹਮੇਸ਼ਾ ਬੇਇਨਸਾਫ਼ੀ ਦਾ ਸਾਹਮਣਾ ਕਰਦੇ ਹੋਏ ਡਟੇ ਰਹੇ ਅਤੇ ਵਿਸ਼ਵਾਸ, ਸੱਚ ਅਤੇ ਨਿਆਂ ਲਈ ਲਗਾਤਾਰ ਲੜਦੇ ਰਹੇ।

***

## ਪਰਿਵਾਰ ਤੇ ਜਥੇਬੰਦੀਆਂ ਨੇ ਸਿੱਖ

ਸ਼੍ਰੋਮਣੀ ਅਕਾਲੀ ਦਲ (ਅ) ਦੇ ਭਾਈ ਸਰਬਜੀਤ ਸਿੰਘ, ਰਵੀ ਸਿੰਘ ਖਾਲਸਾ ਏਡ, ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਤੇ ਬਾਬਾ ਸਰਬਜੋਤ ਸਿੰਘ ਬੇਦੀ ਤੇ ਸਿਮਰਨਜੀਤ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਭਾਈ ਖੰਡੇ ਦੀ ਮੌਤ ਬਾਰੇ ਜਾਂਚ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਭਾਈ ਖੰਡਾ ਪੰਥ ਦਾ ਸ਼ਹੀਦ ਹੈ। ਉਹਨਾਂ ਕਿਹਾ ਕਿ ਸਾਨੂੰ ਸ਼ਕ ਹੈ ਕਿ ਸਿੱਖ ਵਿਰੋਧੀ ਏਜੰਸੀਆਂ ਵਲੋਂ ਉਸ ਨੂੰ ਜ਼ਹਿਰ ਦਿੱਤਾ ਗਿਆ ਹੈ।

ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਯੂਕੇ ਦੇ ਸਿੱਖ ਨੌਜਵਾਨ ਅਵਤਾਰ ਸਿੰਘ ਖੰਡਾ ਦੇ ਅਚਾਨਕ ਬੇਵਕਤੀ ਚਲਾਣੇ ਦੀ ਖ਼ਬਰ ਦੁੱਖਦਾਈ ਹੈ। ਸਰਕਾਰ ਇਸ ਨੌਜਵਾਨ ਬਾਰੇ ਕੁਝ ਸੋਚੇ, ਕੋਈ ਵੱਖਵਾਦੀ ਦਾ ਤਖ਼ੱਲਸ ਦੇਵੇ, ਪਰ ਸਾਡੇ ਲਈ ਇਸ ਅੰਮ੍ਰਿਤਧਾਰੀ ਨੌਜਵਾਨ ਦਾ ਅਚਾਨਕ ਚਲਾਣਾ ਅਸਹਿ ਹੈ। ਵਾਹਿਗੁਰੂ ਇਸ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਭਾਈ ਖੰਡੇ ਦੇ ਪਰਿਵਾਰ ਵੱਲੋਂ ਜਾਂਚ ਦੀ ਮੰਗ ਕੀਤੀ ਗਈ ਹੈ। ਖੰਡਾ ਦੀ ਮਾਂ ਮੋਗਾ ਵਿੱਚ ਅਧਿਆਪਕ ਹੈ ,ਉਸ ਦੇ ਦਿਲ 'ਤੇ ਕੀ ਬੀਤ ਰਹੀ ਹੋਵੇਗੀ ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ ਕਿਉਂਕਿ ਪੁੱਤਰ ਅਵਤਾਰ ਸਿੰਘ ਖੰਡਾ ਜਦੋਂ 3 ਸਾਲ ਦਾ ਸੀ ਤਾਂ ਪਤੀ ਦਾ ਦੇਹਾਂਤ ਹੋ ਗਿਆ ਸੀ, ਛੋਟੀ ਉਮਰ ਪੁੱਤਰ ਨੂੰ ਇਕੱਲ਼ੇ ਪਾਲਿਆ ਅਤੇ ਫਿਰ ਪੜ੍ਹਨ ਦੇ ਲਈ ਬ੍ਰਿਟੇਨ ਭੇਜਿਆ ਸੀ।

1988 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਰੋਡੇ ਪਿੰਡ ਵਿੱਚ ਅਵਤਾਰ ਸਿੰਘ ਖੰਡਾ ਦਾ ਜਨਮ ਹੋਇਆ ਸੀ । ਕਾਲੇ ਦੌਰ ਵੇਲੇ ਉਸ ਦੇ ਘਰ ਅਕਸਰ ਸੁਰੱਖਿਆ ਏਜੰਸੀਆਂ ਪੁੱਛ-ਗਿੱਛ ਕਰਨ ਦੇ ਲਈ ਆਉਂਦੀਆਂ ਸਨ, ਇਸੇ ਵਜ੍ਹਾ ਕਰਕੇ ਪਰਿਵਾਰ ਕਦੇ ਪਟਿਆਲਾ ਅਤੇ ਲੁਧਿਆਣਾ ਤਾਂ ਕਦੇ ਮੋਗਾ ਸ਼ਿਫਟ ਹੋਇਆ । ਜਿਸ ਸਾਲ ਅਵਤਾਰ ਸਿੰਘ ਖੰਡਾ ਦਾ ਜਨਮ ਹੋਇਆ ਉਸੇ ਸਾਲ ਹੀ ਚਾਚੇ ਬਲਵੰਤ ਸਿੰਘ ਖੁਖਰਾਨਾ ਦਾ ਸਿਰ ਤੋਂ ਹੱਥ ਉੱਠ ਗਿਆ, ਪੁਲਿਸ ਨੇ ਝੂਠੇ ਐਂਕਾਊਂਟਰ ਵਿੱਚ ਉਨ੍ਹਾਂ ਨੂੰ ਮਾਰ ਦਿੱਤਾ । ਫਿਰ ਖੰਡਾ ਦੇ ਜਦੋਂ ਤਿੰਨ ਸਾਲ ਸੀ ਤਾਂ 3 ਮਾਰਚ 1991 ਨੂੰ ਪਿਤਾ ਕੁਲਵੰਤ ਸਿੰਘ ਖੁਖਰਾਨਾ ਦਾ ਵੀ ਐਂਕਾਊਂਟਰ ਕਰ ਦਿੱਤਾ ਗਿਆ। ਬਚਪਨ ਸਿਰਫ਼ ਮਾਂ ਦੀ ਗੋਦ ਵਿੱਚ ਹੀ ਬੀਤਿਆਂ, ਮਾਂ ਸਕੂਲ ਵਿੱਚ ਅਧਿਆਪਕ ਸੀ, ਚੰਗੀ ਜ਼ਿੰਦਗੀ ਦੀ ਤਲਾਸ਼ ਲਈ ਨੌਜਵਾਨ ਅਵਤਾਰ ਸਿੰਘ ਖੰਡਾ 22 ਸਾਲ ਦੀ ਉਮਰ ਵਿੱਚ ਬ੍ਰਿਟੇਨ ਪੜਾਈ ਕਰਨ ਚਲਾ ਗਿਆ ।

***

## ਤਾਮਿਲਨਾਡੂ ਨੇ ਕੇਂਦਰੀ ਏਜੰਸੀਆਂ ਦੇ ਦਾਖ਼ਲੇ 'ਤੇ

ਅਤੇ ਰਾਜਸਥਾਨ ਤੋਂ ਬਾਅਦ ਹੁਣ ਤਾਮਿਲਨਾਡੂ ਵੀ ਉਨ੍ਹਾਂ ਰਾਜਾਂ ਵਿੱਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨੇ ਕੇਂਦਰੀ ਜਾਂਚ ਏਜੰਸੀਆਂ ਉੱਤੇ ਪਾਬੰਦੀ ਲਗਾਈ ਹੋਈ ਹੈ। ਇਨ੍ਹਾਂ ਰਾਜਾਂ ਵਿੱਚ ਸੀਬੀਆਈ ਅਤੇ ਈਡੀ ਵਰਗੀਆਂ ਕੇਂਦਰੀ ਏਜੰਸੀਆਂ ਰਾਜ ਸਰਕਾਰ ਦੀ ਸਹਿਮਤੀ ਲਏ ਬਿਨਾਂ ਕਿਸੇ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕਰ ਸਕਦੀਆਂ। ਹਾਂ, ਨਿਸ਼ਚਤ ਤੌਰ 'ਤੇ ਇੱਕ ਛੋਟ ਸ਼ਾਮਲ ਹੈ. ਜੇਕਰ ਜਾਂਚ ਅਦਾਲਤ ਦੇ ਹੁਕਮਾਂ ਦੇ ਆਧਾਰ 'ਤੇ ਜਾਂ ਰਾਜ ਸਰਕਾਰ ਦੀ ਸਿਫ਼ਾਰਿਸ਼ 'ਤੇ ਕੀਤੀ ਜਾ ਰਹੀ ਹੈ ਤਾਂ ਇਸ 'ਤੇ ਕੋਈ ਰੋਕ ਨਹੀਂ ਹੋਵੇਗੀ। ਅਸਲੀਅਤ ਇਹ ਹੈ ਕਿ ਜਦੋਂ ਵੀ ਕਿਸੇ ਮਾਮਲੇ ਵਿੱਚ ਕੇਂਦਰੀ ਏਜੰਸੀਆਂ ਤੋਂ ਜਾਂਚ ਦੀ ਲੋੜ ਪੈਂਦੀ ਹੈ ਤਾਂ ਲੋਕ ਹਾਈ ਕੋਰਟ ਵਿੱਚ ਚਲੇ ਜਾਂਦੇ ਹਨ। ਜੇਕਰ ਅਦਾਲਤ ਇਜਾਜ਼ਤ ਦਿੰਦੀ ਹੈ ਤਾਂ ਜਾਂਚ ਕੀਤੀ ਜਾਂਦੀ ਹੈ।

**ਕੇਂਦਰੀ ਏਜੰਸੀਆਂ ਵਿਰੁੱਧ 14 ਪਾਰਟੀਆਂ ਨੂੰ ਨਿਰਾਸ਼ਾ**

ਸੀਬੀਆਈ ਅਤੇ ਈਡੀ ਦੀ ਕਾਰਵਾਈ ਤੋਂ ਨਾਰਾਜ਼ 14 ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸੁਪਰੀਮ ਕੋਰਟ ਵਲ ਰੁਖ਼ ਕੀਤਾ। ਇਸ ਵਿੱਚ ਬਿਹਾਰ ਤੋਂ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਅਤੇ ਪੱਛਮੀ ਬੰਗਾਲ ਤੋਂ ਮੁੱਖ ਮੰਤਰੀ ਮਮਤਾ ਬੈਨਰਜੀ ਵੀ ਸ਼ਾਮਲ ਸਨ। ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਹੈ ਕਿ ਕੇਂਦਰੀ ਏਜੰਸੀਆਂ ਦੀ ਜਾਂਚ ਨੂੰ ਰੋਕਿਆ ਨਹੀਂ ਜਾ ਸਕਦਾ।

**ਏਜੰਸੀਆਂ ਦੀ ਜਾਂਚ ਦਾ ਚੋਣਾਂ 'ਤੇ ਕਿੰਨਾ ਕੁ ਅਸਰ ਹੋਵੇਗਾ ?**

ਕੇਂਦਰੀ ਜਾਂਚ ਏਜੰਸੀਆਂ ਆਪਣਾ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਅਦਾਲਤ ਜਾਂ ਰਾਜ ਸਰਕਾਰਾਂ ਨੂੰ ਜਾਂਚ ਕਰਨ ਲਈ ਕਿਹਾ ਹੈ। ਆਮ ਆਦਮੀ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਸ ਦੇ ਚਹੇਤੇ ਨੇਤਾ ਜਾਂ ਵਿਰੋਧੀ ਨੇਤਾ ਦੀ ਜਾਂਚ ਹੋ ਰਹੀ ਹੈ। ਆਮ ਭਾਵਨਾ ਇਹ ਹੈ ਕਿ ਚੋਰ ਜਾਂ ਭ੍ਰਿਸ਼ਟਾਚਾਰੀ ਨੂੰ ਫੜਿਆ ਜਾਣਾ ਚਾਹੀਦਾ ਹੈ। ਲਾਲੂ ਯਾਦਵ ਦੇ ਪਰਿਵਾਰ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਮਾਮਲੇ ਵਿੱਚ ਵੀ ਉਨ੍ਹਾਂ ਦੀ ਆਪਣੀ ਜਾਤ ਤੋਂ ਇਲਾਵਾ ਕਿਸੇ ਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਜਾਂਚ ਏਜੰਸੀਆਂ ਉਨ੍ਹਾਂ ਦੇ ਪਰਿਵਾਰ ਖਿਲਾਫ ਜਾਂਚ ਕਰ ਰਹੀਆਂ ਹਨ। ਹਾਂ, ਥੋੜ੍ਹਾ ਬਹੁਤਾ ਸ਼ੱਕ ਤਦ ਤੱਕ ਬਰਕਰਾਰ ਰਹਿੰਦਾ ਹੈ ,ਜਦ ਤਕ ਦੋਸ਼ ਸਾਬਤ ਨਾ ਹੋ ਜਾਵੇ। ਸੁਖਾਂਤਕ ਪਹਿਲੂ ਇਹ ਹੈ ਕਿ ਈਡੀ ਨੇ ਜਿੰਨੇ ਕੇਸਾਂ ਦੀ ਹੁਣ ਤਕ ਜਾਂਚ ਕੀਤੀ ਹੈ ,ਉਸ ਵਿੱਚ ਜ਼ਿਆਦਾਤਰ ਦੇ ਖਿਲਾਫ ਦੋਸ਼ ਸਿਧ ਹੋਏ ਹਨ ਤੇ ਸਜ਼ਾ ਵੀ ਹੋਈ ਹੈ ਪਰ ਇਸ ਦੇ ਬਾਵਜੂਦ ਮੋਦੀ ਸਰਕਾਰ ਸ਼ੱਕ ਦੇ ਘੇਰੇ ਵਿੱਚ ਹੈ ਕਿ ਉਹ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਜਾਂਚ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ।

***

## ਭਾਈ ਹਰਦੀਪ ਸਿੰਘ ਨਿੱਝਰ ਨੂੰ

ਪਿੰਡ ਵਿੱਚ ਹੀ ਭਾਈ ਨਿੱਝਰ ਦੀ ਜ਼ਮੀਨ ਜਾਇਦਾਦ ਹੈ। ਪਿੰਡ ਦੇ ਕੁਝ ਬਜ਼ੁਰਗਾਂ ਨੇ ਦੱਸਿਆ ਕਿ ਨਿੱਝਰ ਸ਼ੁਰੂ ਤੋਂ ਹੀ ਨਿੱਘੇ ਸੁਭਾਅ ਦਾ ਰਿਹਾ ਹੈ। ਭਾਈ ਹਰਦੀਪ ਸਿੰਘ ਨਿੱਝਰ ਖਾਲਿਸਤਾਨ ਟਾਈਗਰ ਫੋਰਸ (ਕੇਟੀਐਫ) ਦੇ ਮੁਖੀ ਸਨ। ਐਨ.ਆਈ.ਏ. ਨੇ ਹਾਲ ਹੀ 'ਚ 40 ਖਾੜਕੂਆਂ ਦੀ ਸੂਚੀ ਜਾਰੀ ਕੀਤੀ ਸੀ, ਉਸ 'ਚ ਭਾਈ ਨਿੱਝਰ ਦਾ ਨਾਂ ਵੀ ਸੀ। ਬਰੈਂਪਟਨ ਸ਼ਹਿਰ ਵਿੱਚ ਖਾਲਿਸਤਾਨ ਦੇ ਹੱਕ ਵਿੱਚ ਰਾਏ-ਸ਼ੁਮਾਰੀ ਕਰਵਾਉਣ ਵਿੱਚ ਵੀ ਭਾਈ ਨਿੱਝਰ ਦੀ ਭੂਮਿਕਾ ਸੀ। ਭਾਈ ਨਿੱਝਰ ਭਾਰਤੀ ਏਜੰਸੀਆਂ ਦੀ ਮੋਸਟ ਵਾਂਟੇਡ ਖਾੜਕੂਆਂ ਦੀ ਸੂਚੀ ਵਿੱਚ ਸ਼ਾਮਲ ਸੀ।

ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਨੇ ਪਿਛਲੇ ਸਾਲ 31 ਜਨਵਰੀ, 2021 ਨੂੰ ਜਲੰਧਰ ਵਿੱਚ ਹਿੰਦੂ ਪੁਜਾਰੀ ਕਮਲਦੀਪ ਸ਼ਰਮਾ ਦੀ ਹੱਤਿਆ ਦੀ ਸਾਜ਼ਿਸ਼ ਦੇ ਸਬੰਧ ਵਿੱਚ ਭਾਈ ਨਿੱਝਰ ਸਮੇਤ ਚਾਰ ਲੋਕਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ।

ਇਸ ਮਾਮਲੇ ਵਿੱਚ ਚਾਰਜਸ਼ੀਟ ਕੀਤੇ ਗਏ ਤਿੰਨ ਹੋਰਾਂ ਵਿੱਚ ਕਮਲਜੀਤ ਸ਼ਰਮਾ ਅਤੇ ਰਾਮ ਸਿੰਘ ਹਨ, ਜਿਨ੍ਹਾਂ ਨੇ ਭਾਈ ਨਿੱਝਰ ਅਤੇ ਉਸ ਦੇ ਸਹਿਯੋਗੀ ਅਰਸ਼ਦੀਪ ਸਿੰਘ ਉਰਫ਼ ਪ੍ਰਭਾ ਦੇ ਕਹਿਣ 'ਤੇ ਪੁਜਾਰੀ 'ਤੇ ਹਮਲਾ ਕੀਤਾ ਸੀ।

ਪੁਲਿਸ ਵੱਲੋਂ ਨਿੱਝਰ ਦੇ ਖ਼ਿਲਾਫ਼ 23 ਜਨਵਰੀ 2015 ਨੂੰ ਲੁੱਕਆਊਟ ਨੋਟਿਸ ਅਤੇ 14 ਮਾਰਚ 2016 ਨੂੰ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਜਿਸ ਵਿੱਚ ਉਸ ਦੀ ਹਵਾਲਗੀ ਦੀ ਮੰਗ ਕੀਤੀ ਜਾ ਰਹੀ ਸੀ। ਜੁਲਾਈ 2020 ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਭਾਈ ਨਿੱਝਰ ਨੂੰ ਇੱਕ ਵਿਅਕਤੀਗਤ ਖਾੜਕੂ ਵਜੋਂ ਨਾਮਜ਼ਦ ਕੀਤਾ ਗਿਆ ਸੀ।

ਇੱਕ ਹੋਰ ਮਾਮਲੇ ਵਿੱਚ ਐਨਆਈਏ ਨੇ ਭਾਈ ਨਿੱਝਰ ਦੀ ਪੰਜਾਬ ਵਿੱਚ ਉਸ ਦੇ ਪਿੰਡ ਵਿੱਚ ਜਾਇਦਾਦ ਕੁਰਕ ਕੀਤੀ ਸੀ। ਜਿਸ ਦੇ ਪੋਸਟਰ ਅੱਜ ਵੀ ਉਸ ਦੇ ਘਰ ਦੇ ਬਾਹਰ ਲੱਗੇ ਹੋਏ ਹਨ। ਕੈਨੇਡਾ ਵਿੱਚ ਭਾਈ ਨਿੱਝਰ ਖ਼ਿਲਾਫ਼ 10 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ। ਨਿੱਝਰ 'ਤੇ ਪਿਛਲੇ ਸਾਲ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਦਾ ਦੋਸ਼ ਲਗਾਇਆ ਗਿਆ ਸੀ, ਜਿਸ ਨੂੰ ਸਰੀ 'ਚ 1985 'ਚ ਏਅਰ ਇੰਡੀਆ ਅੱਤਵਾਦੀ ਬੰਬ ਧਮਾਕੇ ਦੇ ਮਾਮਲੇ 'ਚ ਬਰੀ ਕਰ ਦਿੱਤਾ ਗਿਆ ਸੀ।

***

## ਭਾਈ ਨਿੱਝਰ ਦੇ ਕਤਲ ਲਈ ਭਾਰਤੀ ਖੁਫ਼ੀਆ

ਦੁਹਰਾਇਆ ਸੀ ਅਤੇ ਆਪਣੇ ਸਪੀਚ ਦੇ ਅੰਤ ਵਿੱਚ 'ਕੀਰਤਨ ਸੋਹਲਾ' ਦੀ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ਤੁਕ ਪੜ੍ਹ ਆਖ਼ਰੀ ਫਤਹਿ ਬੁਲਾਈ ਸੀ।

ਉਹਨਾਂ ਨੇ ਭਾਈ ਨਿੱਝਰ ਨੂੰ ਖਾਲਿਸਤਾਨ ਦੇ ਸੰਘਰਸ਼ ਦਾ ਸ਼ਹੀਦ ਕਰਾਰ ਦਿੱਤਾ। ਉਹਨਾਂ ਕਿਹਾ ਕਿ ਨੇੜਲੇ ਸਮੇਂ ਵਿੱਚ ਸਿੱਖ ਆਜ਼ਾਦੀ ਪਸੰਦਾਂ ਉੱਤੇ ਭਾਰਤੀ ਏਜੰਸੀਆਂ ਦਾ ਵਿਦੇਸ਼ਾਂ ਦੀ ਧਰਤੀ 'ਤੇ ਇਕ ਤੋਂ ਬਾਅਦ ਇਹ ਦੂਜਾ ਘਾਤਕ ਹਮਲਾ ਹੈ।

***

## ਭਾਈ ਨਿੱਝਰ ਨੂੰ ਸ਼ਹੀਦ ਕਰਾਉਣ ਦਾ ਘਿਨਾਉਣਾ

ਸਿੱਖ ਫੈਡਰੇਸ਼ਨ ਯੂਕੇ ਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਜਸਪਾਲ ਸਿੰਘ ਕੰਗ ਅਤੇ ਹੋਰ ਬਹੁਤ ਸਾਰੇ ਸਿੰਘਾਂ ਨੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਵਰਗੇ ਅਜ਼ਾਦੀ ਦੀ ਲਹਿਰ ਦੇ ਹੀਰਿਆਂ ਦੀ ਸ਼ਹਾਦਤ ਨਾਲ ਵਕਤੀ ਤੌਰ ਤੇ ਘਾਟਾ ਜ਼ਰੂਰ ਪੈਂਦਾ ਹੈ ਪਰ ਇਹੋ ਅਜਿਹੇ ਖਾਲਿਸਤਾਨ ਦੀ ਲਹਿਰ ਨੂੰ ਧੁਰ ਅੰਦਰ ਤੋਂ ਪ੍ਰਣਾਇਆ ਹੋਇਆ ਜਿਸ ਦਾ ਪੁਲਿਸ ਵੱਲੋਂ ਪਿੰਡ ਵਾਲਾ ਘਰ ਜ਼ਬਤ ਕਰਨ, ਪੁਲਿਸ ਵੱਲੋਂ 10 ਲੱਖ ਦਾ ਇਨਾਮ ਰੱਖਣ ਦੀ ਪ੍ਰਵਾਹ ਕੀਤੇ ਬਿਨਾ ਨਿਰੰਤਰ ਖਾਲਿਸਤਾਨ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਖਾਲਿਸਤਾਨ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਇਸ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਤੱਤਪਰ ਰਹਿਣਾ ਹੀ ਭਾਈ ਹਰਦੀਪ ਸਿੰਘ ਨਿੱਝਰ ਨੂੰ ਸੱਚੀ ਸ਼ਰਧਾਂਜਲੀ ਤੇ ਭਾਰਤੀ ਏਜੰਸੀਆਂ ਦੇ ਇਸ ਘਿਨਾਉਣੇ ਕਾਰਨਾਮੇ ਦਾ ਉੱਤਰ ਹੋਵੇਗਾ।

***

## ਭਾਈ ਨਿੱਝਰ ਦੇ ਕਤਲ ਦੀ ਉੱਚ ਪੱਧਰੀ ਜਾਂਚ ਹੋਵੇ

ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਭਾਈ ਜੋਗਾ ਸਿੰਘ ਨੇ ਕਿਹਾ ਕਿ ਸਿੱਖ ਕੌਮ ਦੀ ਅਜ਼ਾਦੀ ਪਸੰਦ ਸਿੱਖਾਂ ਵਾਸਤੇ ਬਹੁਤ ਵੱਡਾ ਘਾਟਾ ਹੈ। ਉਸ ਦੇ ਅਕਾਲ ਚਲਾਣੇ ਨਾਲ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਬੁਲੰਦ ਹੋ ਰਹੀ ਆਵਾਜ਼ ਨੂੰ ਧੱਕਾ ਲੱਗਿਆ ਹੈ। ਉਹਨਾਂ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਰਦਾਸ ਕੀਤੀ ਗਈ ਕਿ ਅਕਾਲ ਪੁਰਖ ਵਾਹਿਗੁਰੂ ਦੀ ਉਸ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵ ਕਾਲ ਲਈ ਨਿਵਾਸ ਅਤੇ ਪਰਿਵਾਰ ਭਾਣਾ ਮੰਨਣ ਦਾ ਬਲ ਬਖ਼ਸ਼ਣ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵੱਲੋਂ ਸ਼ੱਕ ਪ੍ਰਗਟ ਕੀਤਾ ਗਿਆ ਕਿ ਇਸ ਕਤਲ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੋ ਸਕਦਾ ਹੈ । ਇਸ ਕਰਕੇ ਇਸ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਜਿਸ ਵਾਸਤੇ ਕੈਨੇਡਾ ਸਥਿਤ ਸਿੱਖ ਜਥੇਬੰਦੀਆਂ, ਸਿੱਖ ਅਦਾਰਿਆਂ ਅਤੇ ਇਨਸਾਫ ਪਸੰਦ ਭਾਈਚਾਰੇ ਨੂੰ ਯਤਨ ਕਰਨ ਦੀ ਖਾਸ ਲੋੜ ਹੈ। ਜ਼ਿਕਰਯੋਗ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਗੁਰੂ ਨਾਨਕ ਸਿੱਖ ਗੁਰਦਵਾਰਾ ਸਾਹਿਬ ਸਰੀ ਦਾ ਮੁੱਖ ਸੇਵਾਦਾਰ ਸੀ ਅਤੇ ਸਿੱਖਸ ਫਾਰ ਜਸਟਿਸ ਦਾ ਕਾਰਕੁਨ ਸੀ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵੱਲੋਂ ਅਹਿਦ ਦੁਹਰਾਇਆ ਗਿਆ ਕਿ ਅਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਯਤਨ ਜਾਰੀ ਰਹਿਣਗੇ, ਇਹਨਾਂ ਯਤਨਾਂ ਨੂੰ ਕੋਈ ਰੋਕ ਨਹੀਂ ਸਕਦਾ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਿੱਚ ਸ਼ਾਮਿਲ ਸਿੱਖ ਜਥੇਬੰਦੀਆਂ ਬ੍ਰਿਟਿਸ਼ ਸਿੱਖ ਕੌਂਸਲ ਯੂ.ਕੇ ਦੇ ਮੁਖੀ ਭਾਈ ਤਰਸੇਮ ਸਿੰਘ ਦਿਉਲ, ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ, ਬੱਬਰ ਸਿੱਖ ਆਰਗਨਾਈਜੇਸ਼ਨ ਦੇ ਭਾਈ ਅਵਤਾਰ ਸਿੰਘ ਸੰਘੇੜਾ, ਯੂਨਾਈਟਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ, ਖਾਲਿਸਤਾਨ ਜਲਾਵਨ ਸਰਕਾਰ ਪ੍ਰਧਾਨ-ਮੰਤਰੀ ਭਾਈ ਗੁਰਮੇਜ ਸਿੰਘ ਗਿੱਲ, ਧਰਮ ਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਦੇ ਭਾਈ ਚਰਨ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਦੇ ਭਾਈ ਜਗਵਿੰਦਰ ਸਿੰਘ, ਧਰਮ ਯੁੱਧ ਜਥਾ ਦਮਦਮੀ ਟਕਸਾਲ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਮਟਨ , ਸ਼੍ਰੋਮਣੀ ਅਕਾਲੀ ਦਲ ਯੂ.ਕੇ. ਦੇ ਪ੍ਰਧਾਨ ਭਾਈ ਗੁਰਦੇਵ ਸਿੰਘ ਚੌਹਾਨ ਵੱਲੋਂ ਭਾਈ ਹਰਦੀਪ ਸਿੰਘ ਦੁਆਰਾ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।

***

## ਭਾਈ ਨਿੱਝਰ ਨੂੰ ਸ਼ਹੀਦ ਕਰਨਾ ਸਿੱਖਾਂ ਦੀ ਆਵਾਜ਼ ਦਬਾਉਣ ਦਾ ਯਤਨ

ਸੱਚੇ ਪਾਤਿਸ਼ਾਹ ਭਾਈ ਹਰਦੀਪ ਸਿੰਘ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਤੇ ਖਾਲਸਾ ਪੰਥ ਨੂੰ ਸੰਘਰਸ਼ ਤੇ ਰਸਤੇ ਉੱਤੇ ਦ੍ਰਿੜਤਾ ਨਾਲ ਚੱਲਦੇ ਰਹਿਣ ਦਾ ਬਲ ਬਖ਼ਸ਼ਣ।

ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਨੇ ਕਿਹਾ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਵੱਲੋਂ ਗੁਰੂ ਘਰ ਦੀ ਸੇਵਾ ਵਿੱਚ ਵਿਚਰਦਿਆਂ ਸਿੱਖਾਂ ਦੀ ਅਜ਼ਾਦੀ ਦੇ ਸੰਘਰਸ਼ ਦੀ ਕੀਤੀ ਜਾਂਦੀ ਹਿਮਾਇਤ ਤੇ ਪ੍ਰਚਾਰ ਤੋਂ ਦਿੱਲੀ ਦਰਬਾਰ (ਇੰਡੀਅਨ ਸਟੇਟ) ਡਾਹਡਾ ਔਖ ਮਹਿਸੂਸ ਕਰਦਾ ਸੀ। ਇਸ ਵੇਲੇ ਦਿੱਲੀ ਦਰਬਾਰ ਸਿੱਖ ਮਸਲੇ ਨੂੰ ਆਪਣੇ ਅਨੁਸਾਰ ਨਜਿੱਠਣ ਦੀ ਕਵਾਇਦ ਸ਼ੁਰੂ ਕਰ ਚੁੱਕਾ ਹੈ। ਅਜਿਹੇ ਹਾਲਾਤ ਵਿਚ ਇਸ ਵਾਰਦਾਤ ਨੂੰ ਦੁਸ਼ਮਣ ਦੇ ਵੱਡੇ ਤੇ ਗੰਭੀਰ ਹਮਲੇ ਵੱਜੋਂ ਹੀ ਵੇਖਿਆ ਜਾਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਦੁਸ਼ਮਣ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹੇ ਹਮਲਿਆਂ ਨਾਲ ਸੱਚਾਈ ਨਹੀਂ ਬਦਲੀ ਜਾ ਸਕਦੀ ਅਤੇ ਖਾਲਸਾ ਪੰਥ ਦਾ ਸੰਘਰਸ਼ ਗੁਰੂ ਓਟ ਸਦਕਾ ਜਾਰੀ ਰਹਿਣਾ ਹੈ।

ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਤੇ ਹੋਰਨਾਂ ਮੁਲਕਾਂ ਵਿੱਚ ਵੱਸਦੇ ਸਿੱਖਾਂ ਨੂੰ ਸਭ ਆਪਸੀ ਵਖਰੇਵੇਂ ਪਾਸੇ ਰੱਖ ਕੇ ਇੱਕਮੁੱਠ ਹੋਣਾ ਚਾਹੀਦਾ ਹੈ ਅਤੇ ਮੁਕਾਮੀ ਹਾਲਾਤ ਮੁਤਾਬਿਕ ਢੁਕਵੀਂ ਕਾਰਵਾਈ ਕਰਨ ਚਾਹੀਦੀ ਹੈ ਤਾਂ ਕਿ ਇਸ ਘਟਨਾ ਦੀ ਤਹਿ ਤੱਕ ਜਾ ਕੇ ਇਸ ਹਮਲੇ ਪਿੱਛੇ ਕੰਮ ਕਰਦੀ ਵੈਰੀ ਦੀ ਵਿਉਂਤਬੰਦੀ ਨੂੰ ਸੰਸਾਰ ਸਾਹਮਣੇ ਲਿਆਂਦਾ ਜਾ ਸਕੇ।

ਉਹਨਾਂ ਕਿਹਾ ਕਿ ਅੱਜ ਦੇ ਸਮੇਂ ਸੰਸਾਰ, ਦੱਖਣੀ ਏਸ਼ੀਆ ਤੇ ਇੰਡੀਅਨ ਉਪ ਮਹਾਂਦੀਪ ਹਾਲਾਤ ਅਸਥਿਰਤਾ ਵਾਲੇ ਬਣੇ ਹੋਏ ਹਨ। ਇਥੇ ਹੋ ਰਹੀ ਉਥਲ-ਪੁਥਲ ਦਾ ਅਸਰ ਸਿੱਖਾਂ ਉੱਤੇ ਵੀ ਪੈ ਰਿਹਾ ਹੈ। ਦਿੱਲੀ ਦਰਬਾਰ ਸਿੱਖਾਂ ਦੇ ਪਵਿੱਤਰ ਸੰਕਲਪਾਂ, ਸੰਸਥਾਵਾਂ ਤੇ ਸਿੱਖ ਅਗਵਾਈ (ਲੀਡਰਸ਼ਿਪ) ਨੂੰ ਨਿਸ਼ਾਨੇ ਉੱਤੇ ਲੈ ਰਿਹਾ ਹੈ। ਅਜਿਹੇ ਵਿੱਚ ਗੁਰ-ਸੰਗਤ ਅਤੇ ਖਾਲਸਾ ਪੰਥ ਨੂੰ ਅੰਦਰੂਨੀ ਕਤਾਰਬੰਦੀ ਕਾਇਦਾਬੱਧ ਕਰਨ ਤੇ ਆਪਸ ਵਿੱਚ ਇਤਫ਼ਾਕ ਕਾਇਮ ਕਰਨ ਦੀ ਸਖ਼ਤ ਜਰੂਰਤ ਹੈ। ਵੈਰੀ ਦੀ ਇਹ ਵਿਉਂਤਬੰਦੀ ਤੇ ਸਿੱਖਾਂ ਦੀ ਕੀਤੀ ਜਾ ਰਹੀ ਘੇਰਾਬੰਦੀ ਆਪਸੀ ਇਤਫ਼ਾਕ ਨਾਲ ਹੀ ਨਜਿੱਠੀ ਜਾ ਸਕਦੀ ਹੈ।

***

## ਭਾਈ ਨਿੱਝਰ ਨੇ ਆਜ਼ਾਦ ਸਿੱਖ ਰਾਜ ਦੇ ਸੰਘਰਸ਼ 'ਚ

ਕੁਝ ਦਿਨ ਪਹਿਲਾਂ, ਇੰਗਲੈਂਡ ਵਿੱਚ ਭਾਈ ਅਵਤਾਰ ਸਿੰਘ ਖੰਡਾ ਦੀ ਦਰਦਨਾਕ ਮੌਤ ਤੋਂ ਬਾਅਦ ਟਵਿੱਟਰ 'ਤੇ ਹਿੰਦੂਤਵੀ ਖਾਤਿਆਂ ਨੇ ਖੁੱਲ੍ਹੇਆਮ ਧਮਕੀਆਂ ਜਾਰੀ ਕੀਤੀਆਂ ਸਨ, ਜੋ ਇਹ ਸੰਕੇਤ ਦਿੰਦੀਆਂ ਸਨ ਕਿ ਅਗਲਾ ਟੀਚਾ ਕੈਨੇਡੀਅਨ ਏਜੰਸੀਆਂ ਅਤੇ ਭਾਈ ਨਿੱਝਰ ਦੋਵੇਂ ਸਨ।

ਸਿੱਖ ਫੈਡਰੇਸ਼ਨ ਅਮਰੀਕਾ ਨੇ ਕਿਹਾ ਕਿ ਇਸ ਸੰਭਾਵੀ ਖ਼ਤਰਿਆਂ ਅਤੇ ਹਮਲਿਆਂ ਤੋਂ ਸਾਰੇ ਸਿੰਘ ਸਿੰਘਣੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ ਜੋ ਇਸ ਸਮੇਂ ਭਾਰਤੀ ਅੱਤਵਾਦ ਦਾ ਸਰਗਰਮੀ ਨਾਲ ਮੁਕਾਬਲਾ ਕਰ ਰਹੇ ਹਨ। ਸਿੱਖ ਫੈਡਰੇਸ਼ਨ ਅਮਰੀਕਾ ਸਭ ਤੋਂ ਪਹਿਲਾਂ ਉਹਨਾਂ ਸਿੰਘਾ ਦੀ ਸੁਰੱਖਿਆ ਨੂੰ ਤਰਜੀਹ ਦਿੰਦੇ ਹਨ ਜੋ ਆਜ਼ਾਦ ਸਿੱਖ ਰਾਜ ਦੀ ਲੜਾਈ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

***

## ਗੁਰਬਾਣੀ ਪ੍ਰਸਾਰਣ ਸਬੰਧੀ

ਲਾ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਬਿੱਲ ਸਦਨ ਵਿੱਚ ਪੇਸ਼ ਕੀਤਾ, ਜਿਸ ਨੂੰ ਲੈ ਕੇ ਸਦਨ ਵਿੱਚ ਬਹਿਸ ਵੀ ਹੋਈ। ਆਖ਼ਰ ਨੂੰ ਬਿਨਾਂ ਕਿਸੇ ਰੌਲੇ-ਰੱਪੇ ਤੋਂ ਭਾਰੀ ਬਹੁਮਤ ਨਾਲ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ-2023' ਪਾਸ ਕਰ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਨੇ ਇਸ ਬਿੱਲ ਦਾ ਵਿਰੋਧ ਕੀਤਾ ਜਦੋਂ ਕਿ ਭਾਜਪਾ ਅਤੇ ਕਾਂਗਰਸ ਦੇ ਮੈਂਬਰ ਇਸ ਬਿੱਲ ਨੂੰ ਪੇਸ਼ ਕਰਨ ਮੌਕੇ ਗੈਰਹਾਜ਼ਰ ਰਹੇ।

ਇਸੇ ਦੌਰਾਨ ਦਲ ਖ਼ਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੀਟੀਸੀ ਚੈਨਲ ਦੇ ਮਾਲਕੀ ਹੱਕ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦਾ ਸੁਝਾਅ ਦਿੱਤਾ ਹੈ। ਦਲ ਖਾਲਸਾ ਦੇ ਆਗੂਆਂ ਹਰਪਾਲ ਸਿੰਘ ਚੀਮਾ ਅਤੇ ਕੰਵਰ ਪਾਲ ਸਿੰਘ ਨੇ ਕਿਹਾ ਕਿ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਦਾ ਦਖ਼ਲ ਰੋਕਣ ਲਈ ਸ਼੍ਰੋਮਣੀ ਕਮੇਟੀ ਕੋਲ ਦੋ ਹੀ ਰਸਤੇ ਹਨ। ਪਹਿਲਾ ਕਿ ਸੁਖਬੀਰ ਬਾਦਲ ਵੱਡਾ ਦਿਲ ਦਿਖਾਉਂਦਿਆਂ ਪੀਟੀਸੀ ਚੈਨਲ ਖ਼ਾਲਸਾ ਪੰਥ ਨੂੰ ਭੇਟ ਕਰ ਦੇਣ ਅਤੇ ਦੂਜਾ ਸ਼੍ਰੋਮਣੀ ਕਮੇਟੀ ਆਪਣਾ ਖ਼ੁਦ ਦਾ ਚੈਨਲ ਸ਼ੁਰੂ ਕਰੇ।

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦੇ ਸਬੰਧ ਵਿੱਚ ਸਿੱਖ ਕੌਮ ਦੀਆਂ ਭਾਵਨਾਵਾਂ ਵਿਰੁੱਧ ਤੇ ਸਿੱਖੀ ਨਿਯਮਾਂ, ਅਸੂਲਾਂ ਦਾ ਉਲੰਘਣ ਕਰਦੇ ਹੋਏ ਸਿੱਖ ਮਸਲਿਆਂ ਵਿੱਚ ਦਖ਼ਲ ਅੰਦਾਜ਼ੀ ਕਰਦੇ ਹੋਏ ਗੁਰਬਾਣੀ ਦੇ ਪ੍ਰਚਾਰ ਲਈ ਕਾਨੂੰਨ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਨੂੰ ਉਨ੍ਹਾਂ ਦੀ ਪਾਰਟੀ ਤੇ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਧਰਮ ਪ੍ਰਚਾਰ, ਪ੍ਰਸਾਰ ਤੇ ਕੌਮੀ ਮਰਿਆਦਾਵਾਂ, ਨਿਯਮਾਂ ਦਾ ਪਾਲਣ ਕਰਦੇ ਹੋਏ ਗੁਰੂ ਘਰਾਂ ਦਾ ਪਾਰਦਰਸ਼ੀ ਢੰਗ ਨਾਲ ਪ੍ਰਬੰਧ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਖ਼ਲ-ਅੰਦਾਜ਼ੀ ਦੀ ਗੁਸਤਾਖ਼ੀ ਨਾ ਕਰੇ।

***

## ਖ਼ਾਲਸਾ ਪੰਥ ਅਤੇ ਸਿੱਖ ਗੁਰਧਾਮਾਂ 'ਤੇ

ਉਹਨਾਂ ਕਿਹਾ ਕਿ ਗੈਰ ਪੰਜਾਬੀਆਂ ਤੇ ਗੈਰ ਸਿੱਖਾਂ ਦੇ ਇਸ ਹੱਥ ਠੋਕੇ ਮੁੱਖ ਮੰਤਰੀ ਦਾ ਹੰਕਾਰ ਹੁਣ ਸਭ ਹੱਦਾਂ ਪਾਰ ਕਰ ਗਿਆ ਹੈ ਤੇ ਉਸਨੂੰ ਹੁਣ ਗੁਰੂ ਘਰ ਨਾਲ ਮੱਥਾ ਲਾਉਣ ਵਿੱਚ ਵੀ ਅਕਾਲ ਪੁਰਖ ਅਤੇ ਗੁਰੂ ਦਾ ਕੋਈ ਭੈਅ ਹੀ ਨਹੀਂ ਰਿਹਾ। ਗ਼ੈਰਸਿੱਖ ਤੇ ਸਿੱਖ ਦੁਸ਼ਮਣ ਅੰਸਰਾਂ ਦਾ ਇਹ ਸੂਬੇਦਾਰ ਹੁਣ ਸਿੱਧਾ ਹੀ ਗੁਰੂ ਘਰ ਨੂੰ ਲਲਕਾਰਨ ਦੀ ਹਿਮਾਕਤ ਕਰ ਰਿਹਾ ਹੈ। ਤਾਕਤ ਨਾਲ ਅੰਨ੍ਹੇ ਹੋਏ ਸਿੱਖ ਦੁਸ਼ਮਣ ਤਾਕਤਾਂ ਦੇ ਇਸ ਹੱਥ ਠੋਕੇ ਵੱਲੋਂ ਦਿੱਤੀ ਇਸ ਹੰਕਾਰੀ ਵੰਗਾਰ ਨੂੰ ਖਾਲਸਾ ਪੰਥ ਸਵੀਕਾਰ ਕਰਦਾ ਹੈ।

ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹੰਕਾਰੀ ਤੇ ਸੱਤਾ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਹੁਕਮਰਾਨਾਂ ਵੱਲੋਂ ਖਾਲਸਾ ਪੰਥ ਦੇ ਧਾਰਮਿਕ ਮਸਲਿਆਂ ਵਿੱਚ ਦਖ਼ਲ-ਅੰਦਾਜ਼ੀ ਅਤੇ ਕੌਮ ਦੇ ਪਾਵਨ ਪਰੰਪਰਾਵਾਂ ਤੇ ਸੰਸਥਾਵਾਂ ਉੱਤੇ ਹਮਲਾ ਬਰਦਾਸ਼ਤ ਕਰਨਾ ਨਾ ਸਿੱਖ ਕੌਮ ਦਾ ਸੁਭਾਅ ਹੈ ਤੇ ਨਾ ਹੀ ਇਹ ਸਾਡਾ ਇਤਿਹਾਸ ਹੈ। ਅਸੀਂ ਇਸ ਵੰਗਾਰ ਦਾ ਟਾਕਰਾ ਸ਼ਾਨਾਮੱਤੀਆਂ ਖ਼ਾਲਸਾਈ ਰਵਾਇਤਾਂ ਅਨੁਸਾਰ ਕਰਾਂਗੇ।

## ਸ਼੍ਰੋਮਣੀ ਕਮੇਟੀ ਦੇ ਮਾਮਲਿਆਂ 'ਚ

ਕਰਨ ਦੀ ਕਾਰਵਾਈ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੀ ਹੋਵੇਗੀ। ਉਨ੍ਹਾਂ ਸ਼ੰਕਾ ਪ੍ਰਗਟਾਈ ਹੈ ਕਿ ਜੇ ਗੁਰਬਾਣੀ ਦੇ ਪ੍ਰਸਾਰਨ ਨੂੰ ਖੁੱਲ੍ਹਾ ਛੱਡ ਦਿੱਤਾ ਜਾਵੇਗਾ ਤਾਂ ਅਗਾਂਹ ਚੱਲ ਕੇ ਇਹ ਮਰਿਆਦਾ ਦਾ ਮੁੱਦਾ ਬਣੇਗਾ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਨ ਦੇ ਮਾਮਲੇ ਵਿੱਚ ਦੋਵਾਂ ਧਿਰਾਂ ਨੂੰ ਮਿਲ ਬੈਠ ਕੇ ਆਪਸੀ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤੇ ਹਨ ਕਿ ਪੰਜ ਸਿੰਘ ਸਾਹਿਬਾਨਾਂ ਵੱਲੋਂ ਗੁਰਬਾਣੀ ਦੇ ਕੀਰਤਨ ਦੇ ਪ੍ਰਸਾਰਨ ਬਾਰੇ ਕੀਤੇ ਹੁਕਮ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਸਬੰਧੀ ਹੁਣ ਤੱਕ ਕੀਤੀ ਕਾਰਵਾਈ ਦੀ ਰਿਪੋਰਟ ਅਕਾਲ ਤਖ਼ਤ 'ਤੇ ਦਿੱਤੀ ਜਾਵੇ।

****

## ਪ੍ਰਧਾਨ ਮੰਤਰੀ ਮੋਦੀ ਨੂੰ ਦਲਾਲ ਮੀਡੀਆ ਤੋਂ

ਭਾਵੇਂ ਸ਼ਾਬਦਿਕ ਅਰਥਾਂ ਵਿੱਚ ਇਸ ਤਰ੍ਹਾਂ ਦਾ ਜਿਨਸੀ ਸ਼ੋਸ਼ਣ ਨਹੀਂ ਹੈ, ਪਰ ਇਸ ਮਾਮਲੇ ਵਿੱਚ ਸੰਪਾਦਕ ਨੇ ਸ਼ਵੇਤਾ ਦੀ ਇੱਜ਼ਤ ਨੂੰ ਤਬਾਹ ਕਰ ਦਿੱਤਾ ਹੈ। ਇਹ ਸਿਰਫ਼ ਸ਼ਵੇਤਾ ਬਾਰੇ ਹੀ ਨਹੀਂ, ਉਸ ਦੇ ਨਾਲ-ਨਾਲ ਬਿਪਿਨ ਬਾਰੇ ਵੀ ਹੈ। ਇਨ੍ਹਾਂ ਨਿਊਜ਼ ਚੈਨਲਾਂ ਵਿੱਚ ਸਾਡੇ ਨੌਜਵਾਨ ਦੋਸਤ, ਭਾਵੇਂ ਉਹ ਔਰਤਾਂ ਹੋਣ ਜਾਂ ਮਰਦ, ਉਹ ਇਸ ਤਰ੍ਹਾਂ ਦੀ ਪਰੇਸ਼ਾਨੀ ਵਿਚੋਂ ਲੰਘ ਰਹੇ ਹਨ।

ਨਰਿੰਦਰ ਮੋਦੀ ਦਸ ਸਾਲ ਪ੍ਰਧਾਨ ਮੰਤਰੀ ਰਹੇ। ਅੱਗੇ ਵੀ ਉਹਨਾਂ ਦੇ ਜਿੱਤਣ ਦੀ ਚਰਚਾ ਹੈ। ਜਦੋਂ ਵੀ ਕੋਈ ਮੁਲਾਕਾਤ ਹੁੰਦੀ ਤਾਂ ਇਹ ਕਹਿ ਦਿੰਦੇ ਨੇ ਕਿ ਉਹ ਵੱਡਾ ਨੇਤਾ ਕਹਾਉਣ ਦਾ ਸ਼ੌਕੀਨ ਹਨ, ਤਾਂ ਘੱਟੋ-ਘੱਟ ਆਪਣੇ ਨਾਲ ਬੈਠਣ-ਉਠਣ ਲਈ ਸਹੀ ਪੱਤਰਕਾਰ ਤਾਂ ਚੁਣ ਲੈਂਦੇ। ਸੱਤਾ ਦੇ ਗਲਿਆਰਿਆਂ ਵਿੱਚ ਦਲਾਲ ਘੱਟ ਘੁੰਮਦੇ ਹਨ, ਜੋ ਪੱਤਰਕਾਰੀ ਵਿੱਚੋਂ ਦਲਾਲ ਚੁੱਕ ਕੇ ਆਪਣੇ ਨਾਲ ਘੁੰਮਾ ਰਹੇ ਹਨ। ਜਦੋਂ ਇਸ ਦੇਸ਼ ਵਿੱਚ ਵਧੀਆ ਲੱਡੂ ਬਣਾਉਣ ਵਾਲੇ ਹਨ ਤਾਂ ਤੁਸੀਂ ਚੀਨੀ ਦੇ ਲੱਡੂ ਕਿਉਂ ਖਾ ਰਹੇ ਹੋ, ਟੇਸਟ ਬਦਲੋ।

ਤੁਸੀਂ ਜਿਸ ਅਹੁਦੇ 'ਤੇ ਹੋ, ਤੁਹਾਡੇ ਵਿੱਚ ਜੇਕਰ ਉਸ ਤੋਂ ਵਧੀਆ ਗੁਣ ਨਹੀਂ ਹੈ, ਤਾਂ ਇਹ ਗੁਣ ਕਿਸੇ ਤੋਂ ਸਿੱਖਿਆ ਜਾ ਸਕਦਾ ਹੈ। ਦੁਨੀਆਂ ਸਿੱਖਦੀ ਹੈ। ਸਾਰੇ ਲੀਡਰ ਸਿੱਖਦੇ ਹਨ। ਤੁਸੀਂ ਰਿਪੋਰਟਰ ਪੱਧਰ ਦੇ ਪ੍ਰਧਾਨ ਮੰਤਰੀ ਨਹੀਂ ਹੋ, ਤੁਸੀਂ ਚੈਨਲਾਂ ਦੇ ਮਾਲਕਾਂ ਵਾਂਗ ਦੇਸ਼ ਦੇ ਪ੍ਰਧਾਨ ਮੰਤਰੀ ਹੋ। ਇਹਨਾਂ ਸਾਰਿਆਂ ਨੂੰ ਭਜਾਓ ਆਪਣੇ ਆਲੇ-ਦੁਆਲੇ ਤੋਂ। ਹੁਣੇ ਜਿਹੇ ਦੇਖਿਆ ਗਿਆ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਸੰਪਾਦਕ ਅਤੇ ਐਂਕਰ ਦੇ ਮਾਲਕ ਨਾਲ ਇੱਕੋ ਮੇਜ਼ 'ਤੇ ਖਾਣਾ ਖਾ ਰਹੇ ਹਨ। 20 ਸਾਲਾਂ ਤੋਂ ਵਿਧਾਇਕ ਰਹੇ ਭਾਜਪਾ ਦੇ ਕਿਸੇ ਵੀ ਮਿਹਨਤੀ ਨੇਤਾ ਨੂੰ ਤੁਹਾਡੇ ਜਾਂ ਅਮਿਤ ਸ਼ਾਹ ਨਾਲ ਇੱਕੋ ਮੇਜ਼ 'ਤੇ ਰਾਤ ਦਾ ਖਾਣਾ ਖਾਣ ਦਾ ਮੌਕਾ ਨਹੀਂ ਮਿਲਿਆ ਹੋਵੇਗਾ ਅਤੇ ਤੁਸੀਂ ਇਨ੍ਹਾਂ ਲੋਕਾਂ ਨੂੰ ਆਪਣੇ ਨਾਲ ਇਥੇ ਡਿਨਰ ਕਰਾ ਰਹੇ ਹੋ?

ਅਤੇ ਅੰਤ ਵਿੱਚ. ਪ੍ਰਧਾਨ ਮੰਤਰੀ ਜੀ, ਜੇਕਰ ਤੁਹਾਡਾ ਕੰਮ ਇਨ੍ਹਾਂ ਫੁਕਰੇ ਸੰਪਾਦਕਾਂ ਅਤੇ ਪੱਤਰਕਾਰਾਂ ਤੋਂ ਬਿਨਾਂ ਨਹੀਂ ਚੱਲਦਾ ਤਾਂ ਤੁਸੀਂ ਰਾਜਨੀਤੀ ਛੱਡ ਦਿਓ। ਬਿਹਤਰ ਹੈ ਕਿ ਤੁਸੀਂ ਜੇਪੀ ਨੱਡਾ ਨੂੰ ਫੋਨ ਕਰੋ ਤੇ ਕਿਤਿਉਂ ਵੀ ਵਿਧਾਇਕ ਬਣ ਜਾਓ। ਅੱਗੇ ਦੀ ਜ਼ਿੰਦਗੀ ਦਾ ਜੁਗਾੜ ਹੋ ਜਾਵੇਗਾ। ਅਜਿਹੇ ਚੈਨਲਾਂ ਦੇ ਸੰਪਾਦਕਾਂ ਨਾਲ ਡਿਨਰ ਕਰਨ ਨਾਲੋਂ ਬਿਹਤਰ ਹੈ ਸੱਤਾ ਤਿਆਗ ਦੇਵੋ।

ਪ੍ਰਧਾਨ ਮੰਤਰੀ ਨੂੰ ਪਤਾ ਹੈ ਕਿ ਜੇਕਰ ਮੈਂ ਉਹਨਾਂ ਨੂੰ ਮਿਲਾਂਗਾ ਤਾਂ ਉਹ ਸਭ ਆਖ ਦੇਵਾਂਗਾ, ਇਸੇ ਲਈ ਪ੍ਰਧਾਨ ਮੰਤਰੀ ਨੇ 9 ਸਾਲ ਤੱਕ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਖੈਰ, ਮੈਨੂੰ ਸ਼ਵੇਤਾ ਦੇ ਨਾਲ-ਨਾਲ ਪ੍ਰਧਾਨ ਮੰਤਰੀ ਮੋਦੀ ਲਈ ਵੀ ਅਫ਼ਸੋਸ ਹੈ ਕਿ ਉਨ੍ਹਾਂ ਨੂੰ ਦੇਸ਼ ਦੇ ਸਭ ਤੋਂ ਉੱਚੇ ਅਹੁਦੇ 'ਤੇ ਪਹੁੰਚਣ ਤੋਂ ਬਾਅਦ ਇਨ੍ਹਾਂ ਫੁਕਰੇ ਤੇ ਚਲਾਕ ਐਂਕਰਾਂ ਅਤੇ ਸੰਪਾਦਕਾਂ ਦਾ ਸਾਹਮਣਾ ਕਰਨਾ ਪਿਆ। ਇਸ ਲਈ ਤੁਹਾਨੂੰ ਬੇਨਤੀ ਹੈ ਕਿ ਇਸ ਵੀਡੀਓ ਨੂੰ ਵਾਇਰਲ ਨਾ ਕਰੋ।

ਸ਼ਵੇਤਾ ਸਟੂਡੀਓ ਵਿੱਚ ਕੰਬ ਰਹੀ ਹੈ। ਇਹ ਦੇਖ ਕੇ ਲੋਕ ਹੱਸ ਰਹੇ ਹਨ ਪਰ ਵੀਡੀਓ ਵਿੱਚ ਸ਼ਵੇਤਾ ਗੰਭੀਰਤਾ ਨਾਲ ਕੰਬ ਰਹੀ ਹੈ। ਇਹ ਹੈ ਨਰਿੰਦਰ ਮੋਦੀ ਦਾ ਅੱਜ ਦਾ ਭਾਰਤ ਅਤੇ ਉਹਨਾਂ ਦੇ ਦੌਰ ਦਾ ਮੀਡੀਆ ਹੈ। ਇਹ ਹੈ ਅੱਜ ਦੇ ਭਾਰਤ ਦਾ ਮਾਨਸਿਕ ਅਤੇ ਬੌਧਿਕ ਪੱਧਰ। ਨਹੀਂ ਤਾਂ ਗੋਦੀ ਮੀਡੀਆ ਨਾਲੋਂ ਆਮ ਦਰਸ਼ਕ ਇਸ ਦੀ ਜ਼ਿਆਦਾ ਆਲੋਚਨਾ ਕਰਦਾ।

***

## ਇੰਡੋ ਯੂ. ਐਸ. ਹੈਰੀਟੇਜ਼ ਵੱਲੋਂ

ਕਹਾਣੀਕਾਰ ਕਰਮ ਸਿੰਘ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਲਕੀਤ ਸਿੰਘ ਕਿੰਗਰਾ ਨੇ ਪੰਜਾਬੀ ਮਾਂ ਬੋਲੀ ਵਿੱਚ ਰਲਾਏ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ 'ਤੇ ਚਿੰਤਾ ਜ਼ਾਹਰ ਕੀਤੀ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਪੰਜਾਬੀ ਮਾਂ ਬੋਲੀ ਵਿੱਚ ਆ ਰਹੇ ਨਿਘਾਰ ਅਤੇ ਇਸ ਪ੍ਰਸਾਰ ਸਬੰਧੀ ਲੇਖਾ ਜੋਖਾ ਕੀਤਾ। ਇਸ ਮੌਕੇ ਕੁੰਦਨ ਸਿੰਘ ਧਾਮੀ, ਸੁਰਿੰਦਰ ਮਡਾਲੀ, ਪਰਮਪਾਲ ਸਿੰਘ, ਗੁਰਬਿੰਦਰ ਸੰਘਾ ਆਦਿ ਨੇ ਆਪਣੇ ਵਿਚਾਰ ਰੱਖੇ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ ਨੇ ਪੰਜਾਬੀ ਮਾਂ ਬੋਲੀ ਨੂੰ ਸਮੱਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਫਾਦਰ ਡੇਅ ਨੂੰ ਮੁੱਖ ਰੱਖਕੇ ਭਾਵਪੂਰਕ ਕਵਿਤਾ 'ਬੁੱਢਾ ਹੋ ਗਿਆ ਬਾਪੂ' ਪੜ੍ਹੀ। ਸ਼ਾਇਰ ਦਲਜੀਤ ਰਿਆੜ ਨੇ 'ਮਿਸਾਲਾਂ ਬਾਲ਼ਕੇ ਰੱਖਿਓ' ਕਵਿਤਾ ਸੁਣਾਈ। ਸ਼ਾਇਰ ਪਿਸ਼ੌਰਾ ਸਿੰਘ ਢਿੱਲੋਂ ਨੇ ਪੰਜਾਬੀ ਮਾਂ ਨੂੰ ਸਮੱਰਪਿਤ ਗੀਤ ਨਾਲ ਹਾਜ਼ਰੀ ਲਵਾਈ।

ਉਪਰੰਤ ਗਾਇਕੀ ਦੇ ਦੌਰ ਵਿੱਚ ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤਾਂ ਨਾਲ ਐਸਾ ਸਮਾਂ ਬੰਨ੍ਹਿਆਂ ਕਿ ਹਰ ਕੋਈ ਅਸ਼ ਅਸ਼ ਕਰ ਉੱਠਿਆ। ਇਸ ਪ੍ਰੋਗ੍ਰਾਮ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ ਅਤੇ ਰਣਜੀਤ ਗਿੱਲ, ਸੁਲੱਖਣ ਗਿੱਲ, ਬਿਲੂ ਢੀਂਡਸਾ ਸਿਰ ਜਾਂਦਾ ਹੈ। ਇਸ ਮੌਕੇ ਉੱਘੇ ਕਿਰਸਾਨ ਸੌਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟਰ ਜਸਪਾਲ ਸਿੰਘ ਬਿਲਾਸਪੁਰ, ਕੋਸਟ ਟੂ ਕੋਸਟ ਵਾਲ਼ੇ ਹੈਰੀ, ਐਥਲੀਟ ਗੁਰਬਖਸ਼ ਸਿੰਘ ਸਿੱਧੂ, ਸੁਰਜੀਤ ਜੰਡੂ ਆਦਿ ਤੋਂ ਬਿਨਾ ਖਾਲੜਾ ਪਾਰਕ ਵਾਲੇ ਬਾਬੇ, ਜੀ ਐਚ ਜੀ ਦੇ ਮੈਂਬਰ ਅਤੇ ਇੰਡੋ ਅਮੈਰਕਿਨ ਹੈਰੀਟੇਜ ਦੇ ਸਮੂਹ ਸੱਜਣ ਮੌਜੂਦ ਰਹੇ।

***

## 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ)

ਸੂਬਾਈ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਗਾਏ ਜਾਣ ਸਮੇਂ ਅੜਿੱਕੇ ਖੜ੍ਹੇ ਕੀਤੇ ਸਨ। ਉਚੇਰੀ ਸਿੱਖਿਆ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਬਿੱਲ ਨੂੰ ਸਦਨ ਵਿੱਚ ਪੇਸ਼ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਬਿੱਲ 'ਤੇ ਬਹਿਸ ਦੌਰਾਨ ਕਿਹਾ ਕਿ ਸੂਬਾਈ ਯੂਨੀਵਰਸਿਟੀਆਂ ਪੰਜਾਬ ਦੀ ਅਮੀਰ ਵਿਰਾਸਤ, ਭਾਸ਼ਾ ਅਤੇ ਸਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਇਸ ਵਿਰਾਸਤ ਨੂੰ ਅੱਗੇ ਲਿਜਾਣ ਲਈ ਪੰਜਾਬ ਪਿਛੋਕੜ ਵਾਲੇ ਚੰਗੇ ਵਾਈਸ ਚਾਂਸਲਰਾਂ ਦੀ ਲੋੜ ਹੈ। ਪੰਜਾਬ ਦੇ ਪਿਛੋਕੜ ਤੋਂ ਅਣਭਿੱਜ ਰਾਜਪਾਲ ਇਨ੍ਹਾਂ ਨਿਯੁਕਤੀਆਂ ਵਿਚ ਅੜਿੱਕੇ ਖੜ੍ਹੇ ਕਰਦੇ ਹਨ। ਮੁੱਖ ਮੰਤਰੀ ਨੇ ਮਿਸਾਲ ਦਿੱਤੀ ਕਿ ਪੰਜਾਬ 'ਵਰਸਿਟੀ ਦੇ ਮਾਮਲੇ 'ਚ ਪੰਜਾਬ ਦੇ ਰਾਜਪਾਲ ਨੇ ਹਰਿਆਣਾ ਦਾ ਪੱਖ ਲੈਂਦਿਆਂ ਸੈਨੇਟ ਵਿੱਚ ਹਰਿਆਣਾ ਦੀ ਘੁਸਪੈਠ ਕਰਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਰਾਜਪਾਲ ਦਿੱਲੀ ਵਿੱਚ ਬੈਠੇ ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਦੇ ਚੱਕਰ ਵਿਚ ਰਹਿੰਦੇ ਹਨ। ਅਜਿਹਾ ਕਰਕੇ ਰਾਜਪਾਲ ਚੁਣੀ ਹੋਈ ਸਰਕਾਰ ਦਾ ਨਿਰਾਦਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਐਕਟ ਦੇ ਲਾਗੂ ਹੋਣ ਨਾਲ ਰਾਜਪਾਲ ਦੀ ਥਾਂ ਮੁੱਖ ਮੰਤਰੀ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਹੋਣਗੇ। ਮੁੱਖ ਮੰਤਰੀ ਨੇ ਉਚੇਚੇ ਤੌਰ 'ਤੇ ਪੰਜਾਬੀ ਯੂਨੀਵਰਸਿਟੀ ਦੇ ਵਿੱਤੀ ਸੰਕਟ ਦਾ ਹਵਾਲਾ ਦਿੱਤਾ ਅਤੇ ਸਰਕਾਰ ਵੱਲੋਂ ਦਿੱਤੀ ਵਿੱਤੀ ਮਦਦ ਦੀ ਗੱਲ ਵੀ ਰੱਖੀ।

***

## ਅਮਰੀਕਾ 'ਚ ਪਾਰਟੀ ਦੌਰਾਨ ਗੋਲੀਬਾਰੀ:

ਮਾਲਕੀ ਦੇ ਮਾਮਲੇ ਵਿੱਚ ਅਮਰੀਕਾ ਦੁਨੀਆ ਵਿੱਚ ਸਭ ਤੋਂ ਅੱਗੇ ਹੈ। ਸਵਿਟਜ਼ਰਲੈਂਡ ਦੇ ਸਮਾਲ ਆਰਮਜ਼ ਸਰਵੇ ਯਾਨੀ ਐਸਏਐਸ ਦੀ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਮੌਜੂਦ ਕੁੱਲ 857 ਮਿਲੀਅਨ ਸਿਵਲੀਅਨ ਬੰਦੂਕਾਂ ਵਿੱਚੋਂ 393 ਮਿਲੀਅਨ ਸਿਵਲੀਅਨ ਬੰਦੂਕਾਂ ਇਕੱਲੇ ਅਮਰੀਕਾ ਵਿੱਚ ਮੌਜੂਦ ਹਨ। ਅਮਰੀਕਾ ਦੁਨੀਆਂ ਦੀ ਕੁੱਲ ਆਬਾਦੀ ਦਾ 5% ਹੈ, ਪਰ ਇਕੱਲੇ ਅਮਰੀਕਾ ਕੋਲ ਦੁਨੀਆਂ ਦੀ ਕੁੱਲ ਨਾਗਰਿਕ ਬੰਦੂਕਾਂ ਦਾ 46% ਹੈ।

ਇੱਕ ਅਕਤੂਬਰ 2020 ਗੈਲਪ ਸਰਵੇਖਣ ਦੇ ਅਨੁਸਾਰ, 44% ਅਮਰੀਕੀ ਬਾਲਗ ਇੱਕ ਬੰਦੂਕ ਵਾਲੇ ਘਰ ਵਿੱਚ ਰਹਿੰਦੇ ਹਨ, ਇਹਨਾਂ ਬਾਲਗਾਂ ਵਿੱਚੋਂ ਇੱਕ ਤਿਹਾਈ ਕੋਲ ਬੰਦੂਕ ਹੈ। 2019 ਦੀ ਇੱਕ ਰਿਪੋਰਟ ਦੇ ਅਨੁਸਾਰ, ਅਮਰੀਕਾ ਵਿੱਚ 63,000 ਲਾਇਸੰਸਸ਼ੁਦਾ ਬੰਦੂਕ ਡੀਲਰ ਸਨ, ਜਿਨ੍ਹਾਂ ਨੇ ਉਸ ਸਾਲ ਅਮਰੀਕੀ ਨਾਗਰਿਕਾਂ ਨੂੰ 83,000 ਕਰੋੜ ਰੁਪਏ ਦੀਆਂ ਬੰਦੂਕਾਂ ਵੇਚੀਆਂ ਸਨ।

ਅਮਰੀਕਾ ਆਪਣਾ ਬੰਦੂਕ ਕਲਚਰ ਖਤਮ ਨਹੀਂ ਕਰ ਸਕਿਆ ਹੈ। ਇਸ ਦੇ ਦੋ ਕਾਰਨ ਹਨ। ਪਹਿਲਾ ਕਾਰਨ ਹੈ ਕਿ ਕਈ ਅਮਰੀਕੀ ਰਾਸ਼ਟਰਪਤੀ ਤੋਂ ਲੈ ਕੇ ਰਾਜਾਂ ਦੇ ਰਾਜਪਾਲਾਂ ਤੱਕ ਇਸ ਸੱਭਿਆਚਾਰ ਨੂੰ ਕਾਇਮ ਰੱਖਣ ਦੀ ਵਕਾਲਤ ਕਰਦੇ ਰਹੇ ਹਨ। ਦੂਸਰਾ ਕਾਰਨ ਹੈ ਕਿ ਬੰਦੂਕ ਬਣਾਉਣ ਵਾਲੀਆਂ ਕੰਪਨੀਆਂ, ਯਾਨੀ ਬੰਦੂਕ ਦੀ ਲਾਬੀ ਵੀ ਇਸ ਸੱਭਿਆਚਾਰ ਦੇ ਬਚਣ ਦਾ ਮੁੱਖ ਕਾਰਨ ਹੈ।

1791 ਵਿੱਚ, ਸੰਵਿਧਾਨ ਦੀ ਦੂਜੀ ਸੋਧ ਦੇ ਤਹਿਤ, ਅਮਰੀਕੀ ਨਾਗਰਿਕਾਂ ਨੂੰ ਹਥਿਆਰ ਰੱਖਣ ਅਤੇ ਖਰੀਦਣ ਦਾ ਅਧਿਕਾਰ ਦਿੱਤਾ ਗਿਆ ਸੀ। ਇਹ ਸੱਭਿਆਚਾਰ ਅਮਰੀਕਾ ਵਿੱਚ ਉਦੋਂ ਸ਼ੁਰੂ ਹੋਇਆ ਜਦੋਂ ਉੱਥੇ ਅੰਗਰੇਜ਼ਾਂ ਦਾ ਰਾਜ ਸੀ। ਉਸ ਸਮੇਂ ਕੋਈ ਸਥਾਈ ਸੁਰੱਖਿਆ ਬਲ ਨਹੀਂ ਸੀ, ਇਸੇ ਕਰਕੇ ਲੋਕਾਂ ਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਹਥਿਆਰ ਰੱਖਣ ਦਾ ਅਧਿਕਾਰ ਦਿੱਤਾ ਗਿਆ ਸੀ, ਪਰ ਇਹ ਕਾਨੂੰਨ ਅੱਜ ਵੀ ਜਾਰੀ ਹੈ।

***

## ਪਾਕਿਸਤਾਨ ਹੋ ਸਕਦੈ ਡਿਫਾਲਟਰ

ਬਹਾਲ ਨਹੀਂ ਕਰਦਾ ਹੈ ਤਾਂ ਪਾਕਿ ਸਰਕਾਰ ਕੋਲ ਪਲਾਨ-ਬੀ ਤਿਆਰ ਹੈ। ਹੁਣ ਮੰਨਿਆ ਜਾ ਰਿਹਾ ਹੈ ਕਿ ਪਾਕਿ 3 ਤੋਂ 4 ਅਰਬ ਡਾਲਰ ਲੈਣ ਲਈ ਆਪਣੇ ਮਿੱਤਰ ਦੇਸ਼ਾਂ ਦੀ ਮਦਦ ਲਵੇਗਾ। ਇਸ ਸੰਬੰਧੀ ਸਮੱਸਿਆ ਇਹ ਹੈ ਕਿ ਸਾਊਦੀ ਅਰਬ ਨੇ ਫਰਵਰੀ ਵਿੱਚ ਪਾਕਿਸਤਾਨ ਨੂੰ 3 ਅਰਬ ਡਾਲਰ ਦੇਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਹ ਫੰਡ ਨਹੀਂ ਮਿਲਿਆ ਹੈ। ਉੱਧਰ ਚੀਨ ਨੇ ਵੀ ਪਾਕਿ ਨੂੰ ਕੋਈ ਨਵਾਂ ਕਰਜ਼ਾ ਨਹੀਂ ਦਿੱਤਾ।

***

## ਬਹੁਤ ਰੁਝੇਵਿਆਂ ਕਾਰਨ ਮੈਂ ਖ਼ੁਫ਼ੀਆ ਦਸਤਾਵੇਜ ਮੋੜ ਨਹੀਂ ਸਕਿਆ -ਟਰੰਪ

ਸਮਾਨ ਨੂੰ ਡੱਬਿਆਂ ਤੋਂ ਵੱਖ ਕਰਨਾ ਚਹੁੰਦਾ ਸੀ ਪਰੰਤੂ ਰੁਝੇਵਿਆਂ ਕਾਰਨ ਮੈਂ ਅਜਿਹਾ ਨਹੀਂ ਕਰ ਸਕਿਆ। ਇਥੇ ਜ਼ਿਕਰਯੋਗ ਹੈ ਕਿ ਟਰੰਪ ਵਿਰੁੱਧ ਕੌਮੀ ਸੁਰੱਖਿਆ ਦਸਤਾਵੇਜ਼ਾਂ ਨਾਲ ਖਿਲਵਾੜ ਕਰਨ ਤੇ ਨਿਆਂ ਵਿੱਚ ਅੜਿਕਾ ਪਾਉਣ ਦੇ ਮਾਮਲੇ ਵਿੱਚ 37 ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਇਥੇ ਦੱਸਣਯੋਗ ਹੈ ਕਿ ਕਾਰਜਕਾਲ ਪੂਰਾ ਹੋਣ ਤੋਂ ਇਕ ਸਾਲ ਦੇ ਵੀ ਵਧ ਸਮੇਂ ਬਾਅਦ ਐਫ ਬੀ ਆਈ ਨੇ ਸਾਬਕਾ ਰਾਸ਼ਟਰਪਤੀ ਦੇ ਪਾਮ ਬੀਚ, ਫਲੋਰਿਡਾ ਸਥਿੱਤ ਮਾਰ- ਏ - ਲਾਗੋ ਰਿਜ਼ਾਰਟ 'ਤੇ ਮਾਰੇ ਛਾਪੇ ਦੌਰਾਨ 300 ਤੋਂ ਵਧ ਗੁਪਤ ਦਸਤਾਵੇਜ ਬਰਾਮਦ ਕੀਤੇ ਸਨ।





ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਦੋ ਹੰਝੂ

ਕਹਿੰਦੀ, 'ਚੋਰੀ ਕਿਉਂ ਕਰਦੈਂ, ਬਾਪੂ ਨੇ ਇਹ ਤੈਨੂੰ ਭਰੀ ਪੰਚਾਇਤ ਵਿਚ ਫੜਾ ਦੇਣੈ, ਪਰ ਉਹ ਹੱਥ ਮੈਨੂੰ ਮਰੀ ਦਾ ਵੀ ਫੜਨਾ ਨਾ ਮਿਲਿਆ। ਮੇਰੇ ਜਾਣ ਤੋਂ ਪਹਿਲਾਂ ਉਹਨੂੰ ਲਾਂਬੂ ਲਾਈ ਬੈਠੇ ਸੀ।

ਘਰ ਤੇਰਾ ਭਾਵੇਂ ਕਿੰਨਾ ਹੀ ਸੁਹਣਾ ਹੋਵੇ, ਪਰ ਉਹਦੇ ਵਿਚ ਹੁਣ ਕਿਵੇਂ ਜੀ ਲਗਦਾ ਹੋਊ ਬਾਬਾ ਤੇਰਾ ? ਮੈਂ ਪੁੱਛਿਆ।

ਜੀ ਕਹਿੰਦੇ ਹੁੰਦੇ ਨੇ, ਜਿੱਧਰ ਗਿਆ ਬਾਣੀਆਂ ਉਧਰ ਗਿਆ ਬਾਜ਼ਾਰ, ਉਹ ਬੋਲਿਆ। ਕਾਰੋ ਮਰੀ ਪਿੱਛੋਂ ਕਾਲ ਪਿਆ, ਤਿੰਨ ਸਾਲ, ਅੱਛਾ ਕੁੱਠ। ਦਾਣੇ ਜ਼ਿਮੀਂ ਵਿਚ ਸਿੱਟ ਆਈਏ, ਤੇ ਉਹ ਪਏ ਈ ਝੁਲਸੇ ਜਾਣ। ਮੈਂ ਚੱਪਾ ਚੱਪਾ ਰੋਟੀ ਨੂੰ ਤਰਸਦਾ ਸੀ। ਸ਼ਾਹ ਦਾ ਕਰਜ਼ਾ ਕਿਵੇਂ ਉਤਾਰਦਾ। ਉਹਨੇ ਕੁਰਕੀ ਕਰਾ ਕੇ ਵਿਆਜ ਵਿਆਜ ਵਿਚ ਘਰ ਖਰੀਦ ਲਿਆ।

ਬੈਂਡ ਹੁਣ ਤੱਕ ਖ਼ਾਮੋਸ਼ ਹੋ ਚੁੱਕਾ ਸੀ। ਬਾਬੇ ਨੇ ਡੰਗੋਰੀ ਚੁੱਕੀ ਤੇ ਤੁਰ ਗਿਆ। ਉਹਦੀ ਪ੍ਰੀਤ ਕਥਾ ਸੁਣ ਕੇ ਮੇਰੀ ਛਾਤੀ ਵਿੰਨ੍ਹੀ ਗਈ ਤੇ ਪਲਕਾਂ ਸਿੱਜ ਗਈਆਂ। ਮੈਂ ਸਾਧੂ ਨੂੰ ਪੁੱਛਿਆ, ਇਹ ਕਿਹਦੇ ਵੱਲ ਆਇਐ ਬਾਬਾ, ਅੱਗੇ ਦੇਖਿਆ ਨਹੀਂ ਕਦੇ!

ਤੁਸੀਂ ਨ੍ਹੀਂ ਜਾਣਦੇ, ਉਹ ਬੋਲਿਆ, ਇਹ ਗੱਜਣ ਚਾਹਲ ਦਾ ਰਿਸ਼ਤੇਦਾਰ ਐ। ਇਹਨੂੰ 'ਗੱਪੀ' 'ਗੱਪੀ' ਕਹਿੰਦੇ ਨੇ।

***

## ਤਲਾਕਸ਼ੁਦਾ ਹੋਣ ਦਾ ਦੁਖਾਂਤ

ਮਾਂ ਦੇ ਪਹਿਲੇ ਵਿਆਹ ਦੇ ਬੱਚਿਆਂ ਨੂੰ ਅਤੇ ਆਪਣੇ ਪਿਤਾ ਦੇ ਪਹਿਲੇ ਵਿਆਹ ਦੇ ਬੱਚਿਆਂ ਨੂੰ ਆਪਣੇ ਭੈਣ-ਭਰਾ ਨਹੀਂ ਸਮਝਦੇ ਅਤੇ ਇਸ ਤਰ੍ਹਾਂ ਘਰ ਵਿੱਚ ਕਲੇਸ਼ ਪਿਆ ਰਹਿੰਦਾ ਹੈ । ਮਾਪਿਆਂ ਦੀ ਮੌਤ ਤੋਂ ਬਾਅਦ ਅਜਿਹੇ ਬੱਚਿਆਂ ਵਿਚਾਲੇ ਜਮੀਨ ਜਾਇਦਾਦ ਸੰਬੰਧੀ ਵੀ ਝਗੜੇ ਹੋਣ ਲੱਗ ਜਾਂਦੇ ਹਨ।

ਲੋੜ ਤਾਂ ਇਸ ਗਲ ਦੀ ਹੈ ਕਿ ਤਲਾਕਸ਼ੁਦਾ ਔਰਤਾਂ ਤੇ ਤਲਾਕਸ਼ੁਦਾ ਮਰਦਾਂ ਪ੍ਰਤੀ ਸਮਾਜ ਵਿਚ ਰਹਿੰਦੇ ਲੋਕਾਂ ਦਾ ਨਜ਼ਰੀਆ ਬਦਲਿਆ ਜਾਵੇ, ਇਸ ਗਲ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਹੀ ਕਰਨੀ ਚਾਹੀਦੀ ਹੈ। ਤਲਾਕਸ਼ੁਦਾ ਔਰਤਾਂ ਤੇ ਮਰਦਾਂ ਦੇ ਪੁਨਰਵਿਆਹ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਔਰਤ ਦੇ ਤਲਾਕਸ਼ੁਦਾ ਹੋਣ ਵਿੱਚ ਉਸ ਦਾ ਕੋਈ ਕਸੂਰ ਨਹੀਂ ਹੁੰਦਾ, ਫਿਰ ਵੀ ਇਸ ਦੀ ਸਜ਼ਾ ਉਸ ਨੂੰ ਸਾਰੀ ਉਮਰ ਹੀ ਭੁਗਤਣੀ ਪੈਂਦੀ ਹੈ। ਤਲਾਕਸ਼ੁਦਾ ਔਰਤਾਂ ਪ੍ਰਤੀ ਨਜ਼ਰੀਆ ਬਦਲਣਾ ਹੀ ਉਹਨਾਂ ਦੀ ਜ਼ਿੰਦਗੀ ਦੇ ਕੁੱਝ ਦੁੱਖ ਘਟਾ ਸਕਦਾ ਹੈ। ਸਾਨੂੰ ਤਲਾਕਸ਼ੁਦਾ ਔਰਤਾਂ ਨੂੰ ਪਰੇਸ਼ਾਨ ਕਰਕੇ ਉਹਨਾਂ ਦੀ ਜ਼ਿੰਦਗੀ ਦੇ 'ਦੁੱਖਾਂ ਦੇ ਹਰਕਾਰੇ' ਨਹੀਂ ਬਣਨਾ ਚਾਹੀਦਾ, ਸਗੋਂ ਉਹਨਾਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਸਹਾਇਤਾ ਕਰਕੇ 'ਸੱਚ ਦੇ ਵਣਜਾਰੇ' ਬਣਨਾ ਚਾਹੀਦਾ ਹੈ।

ਇਹ ਠੀਕ ਹੈ ਕਿ 'ਜੁਗਨੂੰ ਕਦੇ ਵੀ ਚਾਨਣ ਦੇ ਵਣਜਾਰੇ ਨਹੀਂ ਬਣ ਸਕਦੇ ' ਭਾਵ ਤਲਾਕਸ਼ੁਦਾ ਔਰਤ ਦੀ ਜ਼ਿੰਦਗੀ ਵਿੱਚ 'ਕੰਤ' ਦੀ ਘਾਟ ਨੂੰ ਕਿਸੇ ਤਰਾਂ ਵੀ ਪੂਰਾ ਨਹੀਂ ਕੀਤਾ ਜਾ ਸਕਦਾ, ਪਰ ਤਲਾਕਸ਼ੁਦਾ ਔਰਤਾਂ ਨੂੰ ਸਮਾਜ ਵਿੱਚ ਲੋੜੀਂਦਾ ਮਾਣ ਸਨਮਾਨ ਦੇ ਕੇ ਜਾਂ ਉਹਨਾਂ ਦੇ ਪੁਨਰ ਵਿਆਹ ਵਿੱਚ ਅੜਿੱਕਾ ਬਣਨ ਦੀ ਥਾਂ ਵਿਚੋਲੇ ਬਣ ਕੇ ਜਾਂ ਹੋਰ ਸਹਾਇਤਾ ਕਰਕੇ ਅਸੀਂ ਉਹਨਾਂ ਦੇ ਦੁੱਖਾਂ ਦੇ ਪਹਾੜ ਨੂੰ ਕੁੱਝ ਘਟਾ ਤਾਂ ਸਕਦੇ ਹਾਂ।

ਜਿਵੇਂ ਹੁਣ ਪਿੰਡਾਂ 'ਚ ਵੀ ਬੋੜੇ ਦਰਾਂ, ਕੱਚੀਆਂ ਕੰਧਾਂ, ਕੱਚੀ ਜਾਂ ਬਾਲਿਆਂ ਦੀ ਛੱਤ ਵਾਲੇ ਘਰਾਂ ਦੀ ਥਾਂ ਮਹਿਲਾਂ, ਕਿਲ੍ਹਿਆਂ ਵਰਗੇ ਉੱਚੇ, ਖੁੱਲੇ ਤੇ ਲੰਬੇ ਚੌੜੇ ਘਰ ,ਕੋਠੀਆਂ ਤੇ ਬੰਗਲੇ ਬਣ ਗਏ ਹਨ,ਜਿਨ੍ਹਾਂ ਦੇ ਵੱਡੇ -ਵੱਡੇ ਗੇਟ ਹੁੰਦੇ ਹਨ ਤਾਂ ਇਸ ਦੇ ਨਾਲ ਹੀ ਲੋਕਾਂ ਦੀ ਸੋਚ ਵਿੱਚ ਵੀ ਤਬਦੀਲੀ ਆਉਣੀ ਚਾਹੀਦੀ ਹੈ, ਇਹ ਅੱਜ ਦੇ ਸਮੇਂ ਦੀ ਲੋੜ ਵੀ ਹੈ ਤੇ ਮੰਗ ਵੀ।

***

## ਅਰਬ ਸਾਗਰ ਕਿਉਂ ਬਣ ਰਿਹੈ

ਇਸ ਦਾ ਕਾਰਨ ਜ਼ਮੀਨ 'ਤੇ ਹਵਾ ਦਾ ਜ਼ਿਆਦਾ ਦਬਾਅ ਹੈ। ਚੱਕਰਵਾਤ ਦੀ ਦਿਸ਼ਾ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ ਪਰ ਚੱਕਰਵਾਤ ਦਾ ਮਾਰਗ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਹੈ। ਕਈ ਵਾਰ ਸਮੁੰਦਰੀ ਤੂਫ਼ਾਨ ਤੱਟ ਨਾਲ ਟਕਰਾਉਣ ਤੋਂ ਪਹਿਲਾਂ ਹਵਾ ਦੇ ਦਬਾਅ ਕਾਰਨ ਆਪਣਾ ਰਸਤਾ ਬਦਲ ਲੈਂਦੇ ਹਨ।

ਹਵਾ ਦੀ ਗਤੀ ਦੇ ਹਿਸਾਬ ਨਾਲ ਇਨ੍ਹਾਂ ਚੱਕਰਵਾਤਾਂ ਨੂੰ ਪੰਜ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਸ਼੍ਰੇਣੀ 9 ਵਿੱਚ 119 ਕਿਲੋਮੀਟਰ ਪ੍ਰਤੀ ਘੰਟਾ ਤੋਂ 153 ਕਿਲੋਮੀਟਰ ਪ੍ਰਤੀ ਘੰਟਾ, ਸ਼੍ਰੇਣੀ 99 ਵਿੱਚ 154 ਤੋਂ 177 ਕਿਲੋਮੀਟਰ ਪ੍ਰਤੀ ਘੰਟਾ, ਸ਼੍ਰੇਣੀ 999 ਵਿੱਚ 178 ਤੋਂ 208 ਕਿਲੋਮੀਟਰ ਪ੍ਰਤੀ ਘੰਟਾ, ਸ਼੍ਰੇਣੀ 9ੜ ਵਿੱਚ 209 ਤੋਂ 251 ਕਿਲੋਮੀਟਰ ਪ੍ਰਤੀ ਘੰਟਾ ਅਤੇ ਸ਼੍ਰੇਣੀ ੜ ਵਿੱਚ 252 ਕਿਲੋਮੀਟਰ ਪ੍ਰਤੀ ਘੰਟਾ ਅਤੇ ਇਸ ਤੋਂ ਵੱਧ ਦੀ ਰਫ਼ਤਾਰ ਵਾਲੇ ਤੂਫ਼ਾਨ ਹਨ।

ਨਾਮਕਰਨ :ਤੂਫ਼ਾਨਾਂ ਨੂੰ ਨਾਮ ਦੇਣ ਦੀ ਪਰੰਪਰਾ ਰਸਮੀ ਤੌਰ 'ਤੇ ਅਮਰੀਕਾ ਵਿੱਚ 1950 ਦੇ ਦਹਾਕੇ ਵਿੱਚ ਸ਼ੁਰੂ ਹੋਈ ਸੀ। ਪਹਿਲਾਂ ਕਿਹਾ ਜਾਂਦਾ ਹੈ ਕਿ ਮਲਾਹ ਤੂਫਾਨਾਂ ਦਾ ਨਾਮ ਆਪਣੀਆਂ ਪ੍ਰੇਮਿਕਾਵਾਂ ਦੇ ਨਾਮ 'ਤੇ ਰੱਖਦੇ ਸਨ। ਇਸੇ ਲਈ ਸ਼ੁਰੂ ਵਿੱਚ ਤੂਫਾਨਾਂ ਨੂੰ ਰਸਮੀ ਤੌਰ 'ਤੇ ਔਰਤਾਂ ਦੇ ਨਾਂ 'ਤੇ ਰੱਖਿਆ ਗਿਆ ਸੀ। 70 ਦੇ ਦਹਾਕੇ ਤੋਂ, ਇਹ ਪਰੰਪਰਾ ਬਦਲ ਗਈ ਅਤੇ ਤੂਫਾਨਾਂ ਨੂੰ ਮਰਦਾਂ ਅਤੇ ਔਰਤਾਂ ਦੋਵਾਂ ਦੇ ਨਾਮ ਦਿੱਤਾ ਗਿਆ। ਸਮ-ਗਿਣਤੀ ਵਾਲੇ ਸਾਲਾਂ ਵਿੱਚ, ਤੂਫਾਨਾਂ ਦਾ ਨਾਮ ਔਰਤਾਂ ਦੇ ਨਾਮ 'ਤੇ ਰੱਖਿਆ ਜਾਂਦਾ ਹੈ ਅਤੇ ਔਸਤ-ਸੰਖਿਆ ਵਾਲੇ ਸਾਲਾਂ ਵਿੱਚ, ਉਹਨਾਂ ਦਾ ਨਾਮ ਮਰਦਾਂ ਦੇ ਨਾਮ 'ਤੇ ਰੱਖਿਆ ਜਾਂਦਾ ਹੈ।

2004 ਤੋਂ, ਬੰਗਲਾਦੇਸ਼, ਭਾਰਤ, ਮਾਲਦੀਵ, ਮਿਆਂਮਾਰ, ਓਮਾਨ, ਪਾਕਿਸਤਾਨ, ਸ਼੍ਰੀਲੰਕਾ ਅਤੇ ਥਾਈਲੈਂਡ ਨੇ ਮਿਲ ਕੇ ਹਿੰਦ ਮਹਾਸਾਗਰ ਵਿੱਚ ਆਉਣ ਵਾਲੇ ਤੂਫਾਨਾਂ ਨੂੰ ਨਾਮ ਦਿੱਤਾ ਹੈ। ਹਰ ਤੂਫਾਨ ਦਾ ਨਾਮ ਇਸ ਕ੍ਰਮ ਵਿੱਚ ਦੇਸ਼ ਦੁਆਰਾ ਰੱਖਿਆ ਜਾਂਦਾ ਹੈ। ਅਕਤੂਬਰ 2018 ਵਿੱਚ ਆਏ ਤਿਤਲੀ ਤੂਫਾਨ ਦੀ ਤਰ੍ਹਾਂ ਪਾਕਿਸਤਾਨ ਨੇ ਨਾਮ ਦਿੱਤਾ ਸੀ। ਚੱਕਰਵਰਤੀ ਤੂਫ਼ਾਨ ਦਾ ਨਾਮ ਬੰਗਲਾਦੇਸ਼ ਨੇ ਰੱਖਿਆ ਸੀ। ਭਾਰਤ ਨੇ ਵਾਯੂ ਤੂਫਾਨ ਦਾ ਨਾਮ ਦਿੱਤਾ ਹੈ।

ਬੰਗਲਾਦੇਸ਼ ਨੇ ਚੱਕਰਵਾਤ ਨੂੰ ਬਿਪਰਜੋਏ ਦਾ ਨਾਮ ਦਿੱਤਾ ਹੈ। ਹਿੰਦ ਮਹਾਸਾਗਰ ਖੇਤਰ ਦੇ ਅੱਠ ਦੇਸ਼ਾਂ ਵਿੱਚ ਭਾਰਤ, ਬੰਗਲਾਦੇਸ਼, ਮਾਲਦੀਵ, ਮਿਆਂਮਾਰ, ਓਮਾਨ, ਪਾਕਿਸਤਾਨ, ਥਾਈਲੈਂਡ ਅਤੇ ਸ਼੍ਰੀਲੰਕਾ ਸ਼ਾਮਲ ਹਨ। ਇਸ ਤੋਂ ਇਲਾਵਾ ਇਰਾਨ, ਕਤਰ, ਸਾਊਦੀ ਅਰਬ ਅਤੇ ਯੂ.ਏ.ਈ. ਅਤੇ ਯਮਨ ਨੂੰ ਸਾਲ 2019 ਵਿੱਚ ਸ਼ਾਮਲ ਕੀਤਾ ਗਿਆ ਸੀ।

***

## ਭਾਰਤ ਤੇ ਪਾਕਿਸਤਾਨ ਦੇ ਸਾਂਝੇ ਪਹਿਲਵਾਨ

ਗਾਮੇ ਦਾ ਕੱਦ 5 ਫੁੱਟ 7 ਇੰਚ, ਜ਼ਬਿਸਕੋ ਦਾ 5 ਫੁੱਟ 9 ਇੰਚ। ਗਾਮੇ ਦਾ ਭਾਰ 202 ਪੌਂਡ, ਜ਼ਬਿਸਕੋ ਦਾ 248 ਪੌਂਡ। ਗਾਮੇ ਦੀ ਛਾਤੀ 47 ਇੰਚ, ਜ਼ਬਿਸਕੋ ਦੀ 55 ਇੰਚ। ਗਾਮੇ ਦਾ ਨਿੱਕਨੇਮ 'ਲਾਇਨ ਆਫ਼ ਪੰਜਾਬ' ਤੇ ਜ਼ਬਿਸਕੋ ਦਾ 'ਬੀਅਰ' ਭਾਵ ਰਿੱਛ! ਸ਼ਾਮੀ 4.00 ਵਜੇ ਦੀ ਥਾਂ 4.04 'ਤੇ ਕੁਸ਼ਤੀ ਸ਼ੁਰੂ ਹੋਈ। ਦੋਵੇਂ ਭਲਵਾਨਾਂ ਨੇ ਹਰ ਤਰ੍ਹਾਂ ਦੇ ਦਾਅ ਵਰਤੇ। ਕਦੇ ਗਾਮੇ ਦਾ ਦਾਅ ਚੱਲ ਜਾਂਦਾ, ਕਦੇ ਜ਼ਬਿਸਕੋ ਦਾ। ਅੱਧਾ ਘੰਟਾ, ਘੰਟਾ, ਡੇਢ ਘੰਟਾ, ਇਕ ਘੰਟਾ ਚਾਲੀ ਮਿੰਟ, ਦੋਵੇਂ ਬਰਾਬਰ ਜੁਝਦੇ ਰਹੇ। ਫਿਰ ਜ਼ਬਿਸਕੋ ਮੈਟ ਫੜ ਕੇ ਮੂਧੇ ਮੂੰਹ ਪੈ ਗਿਆ। ਭਾਰਾ ਹੋਣ ਕਰਕੇ ਗਾਮੇ ਨੂੰ ਉਲਟਾਉਣਾ ਔਖਾ ਹੋ ਗਿਆ। ਇੰਜ 2 ਘੰਟੇ 34 ਮਿੰਟ ਬੀਤ ਗਏ। ਜਦ ਹਨ੍ਹੇਰਾ ਉਤਰਨ ਲੱਗਾ ਤਾਂ ਰੈਫਰੀ ਨੇ ਕੁਸ਼ਤੀ ਅਗਲੇ ਸ਼ਨਿੱਚਰਵਾਰ 'ਤੇ ਪਾ ਦਿੱਤੀ ਪਰ ਸਮਾਂ 4 ਵਜੇ ਦੀ ਥਾਂ 3 ਵਜੇ ਦਾ ਕਰ ਦਿੱਤਾ।

ਮੈਚ ਸ਼ੁਰੂ ਹੁੰਦਿਆਂ ਹੀ ਗਾਮੇ ਨੇ ਜ਼ਬਿਸਕੋ ਨੂੰ ਧੋਬੀ ਪਟਕੇ ਰਾਹੀਂ ਸੁੱਟ ਲਿਆ ਤੇ ਜ਼ਬਿਸਕੋ ਥਾਏਂ ਬੇਹੋਸ਼ ਹੋ ਗਿਆ ਅਤੇ ਉੱਠ ਨਾ ਸਕਿਆ। ਇਸ 'ਤੇ ਮੈਚ ਨੂੰ ਸੱਤ ਦਿਨਾਂ ਲਈ ਟਾਲ ਦਿੱਤਾ ਗਿਆ। ਜ਼ਬਿਸਕੋ ਸੱਤ ਦਿਨਾਂ ਬਾਅਦ ਵੀ ਪਿੜ ਵਿੱਚ ਨਾ ਨਿੱਤਰਿਆ, ਕਿਉਂਕਿ ਉਹ ਸ਼ਾਇਦ ਸਮਝ ਚੁੱਕਾ ਸੀ ਕਿ ਗਾਮੇ ਨੂੰ ਹਰਾਉਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ। ਇਸ 'ਤੇ ਰੈਫ਼ਰੀ ਨੇ ਗਾਮੇ ਨੂੰ ਜੇਤੂ ਐਲਾਨ ਦਿੱਤਾ।

ਜ਼ਬਿਸਕੋ ਤੇ ਗਾਮੇ ਨੇ 10 ਸਤੰਬਰ 1910 ਨੂੰ ਵ੍ਹਾਈਟ ਸਿਟੀ ਸਟੇਡੀਅਮ, ਲੰਡਨ ਵਿੱਚ ਹੋਏ ਆਪਣੇ ਪਹਿਲੇ ਮੈਚ ਤੋਂ ਪਹਿਲਾਂ ਹੱਥ ਮਿਲਾਏ।

ਜ਼ਬਿਸਕੋ ਦਾ ਏਨਾ ਜ਼ੋਰ ਲੱਗ ਚੁੱਕਾ ਸੀ ਕਿ ਉਹਦਾ ਮਨ ਅਗਲੇ ਸ਼ਨਿੱਚਰਵਾਰ ਘੁਲਣ ਲਈ ਤਿਆਰ ਨਹੀਂ ਸੀ ਹੋ ਰਿਹਾ। ਸ਼ਨਿੱਚਰਵਾਰ ਤੋਂ ਪਹਿਲਾਂ ਹੀ ਉਹ ਮਾਂ ਦੀ ਬਿਮਾਰੀ ਦਾ ਬਹਾਨਾ ਬਣ ਕੇ ਲੰਡਨ ਛੱਡ ਗਿਆ। ਸ਼ਨਿੱਚਰਵਾਰ ਨੂੰ ਉਸੇ ਸਟੇਡੀਅਮ ਵਿੱਚ ਫਿਰ ਉਨਾ ਹੀ 'ਕੱਠ ਹੋਇਆ। ਗਾਮਾ ਲੰਗੋਟ ਲਾ ਕੇ ਹਾਜ਼ਰ ਸੀ ਪਰ ਜ਼ਬਿਸਕੋ ਗ਼ਾਇਬ ਸੀ। ਤਿੰਨ ਅਨਾਊਂਸਮੈਂਟਾਂ ਤੋਂ ਬਾਅਦ ਰੈਫਰੀ ਨੇ ਗਾਮੇ ਨੂੰ ਜੇਤੂ ਕਰਾਰ ਦੇ ਦਿੱਤਾ। ਮਿਸਟਰ ਬੈਂਟਮਲੇਅ ਐੱਮ.ਪੀ. ਨੇ ਗ੍ਰੇਟ ਗਾਮੇ ਨੂੰ ਵਰਲਡ ਚੈਂਪੀਅਨ ਐਲਾਨਦਿਆਂ 'ਜੌਨ ਬੁੱਲ ਚੈਂਪੀਅਨਸ਼ਿਪ ਬੈਲਟ' ਅਤੇ 250 ਪੌਂਡ ਦੀ ਇਨਾਮੀ ਰਾਸ਼ੀ ਸੌਂਪ ਦਿੱਤੀ। ਉਸ ਬੈਲਟ ਉੱਤੇ ਅੱਜ ਵੀ ਗਾਮੇ ਦਾ ਨਾਂ ਉਕਰਿਆ ਵੇਖਿਆ ਜਾ ਸਕਦਾ ਹੈ।

ਲੰਡਨ ਦੇ ਟੂਰ ਦੌਰਾਨ ਗਾਮੇ ਨੇ ਕਈ ਨਾਮਵਰ ਭਲਵਾਨਾਂ ਜਿਵੇਂ ਬੈਂਜਾਮਿਨ ਰੋਲਰ, ਮਾਰਿਸ ਡੇਰਿਜ, ਜੌਨ ਲੈਮ, ਜੇਸੀ ਪੀਟਰਸਨ ਆਦਿ ਨੂੰ ਵੀ ਹਰਾਇਆ। ਉਨ੍ਹਾਂ ਵਿਚ ਜਪਾਨ ਦੇ ਜੂਡੋ ਪਹਿਲਵਾਨ ਤਰਨ ਮਿਆਕੀ, ਰੂਸ ਦੇ ਜਾਰਜ ਹੈਕਨਸ਼ਮਿੱਟ ਤੇ ਅਮਰੀਕਾ ਦੇ ਫੰਗ ਗਾਸ਼ ਵੀ ਸ਼ਾਮਲ ਸਨ। ਵਾਪਸ ਮੁੜ ਕੇ ਉਸ ਨੇ ਰਹੀਮ ਬਖ਼ਸ਼ ਨੂੰ ਹਰਾਉਣ ਤੋਂ ਬਾਅਦ 1916 ਵਿੱਚ ਮਸ਼ਹੂਰ ਪਹਿਲਵਾਨ ਵਿੱਦੋ ਪੰਡਤ ਨੂੰ ਹਰਾਇਆ। 1922 'ਚ ਪ੍ਰਿੰਸ ਆਫ਼ ਵੇਲਜ਼ ਨੇ ਇੰਡੀਆ ਫੇਰੀ ਦੌਰਾਨ ਗਾਮੇ ਨੂੰ ਚਾਂਦੀ ਦਾ ਕੀਮਤੀ ਗੁਰਜ ਭੇਟ ਕੀਤਾ। 1928 ਵਿੱਚ ਪਟਿਆਲੇ ਦੇ ਮਹਾਰਾਜੇ ਨੇ ਗਾਮੇ ਨਾਲ ਕੁਸ਼ਤੀ ਕਰਨ ਲਈ ਅਮਰੀਕਾ ਤੋਂ ਜ਼ਬਿਸਕੋ ਨੂੰ ਤਾਰ ਦਿੱਤੀ। ਨਾਲ ਚੋਖੇ ਪੈਸੇ ਭੇਜੇ। ਗਾਮੇ ਨਾਲ ਦੋ ਹੱਥ ਕਰਨ ਲਈ ਜ਼ਬਿਸਕੋ ਜਹਾਜ਼ੇ ਚੜ੍ਹ ਆਇਆ। ਉਹ ਆਪਣੀ ਲੰਡਨ ਦੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਕੁਸ਼ਤੀ ਮੈਟ ਦੀ ਥਾਂ ਮਿੱਟੀ ਦੇ ਅਖਾੜੇ ਵਿੱਚ ਹੋਈ ਜੋ 49 ਸਕਿੰਟਾਂ 'ਚ ਗਾਮੇ ਜਿੱਤ ਲਈ। ਹਜ਼ਾਰਾਂ 'ਚ ਜੁੜੀ ਖ਼ਲਕਤ ਨੂੰ ਕੁਸ਼ਤੀ ਤਾਂ ਨਾ ਦਿਸੀ, ਪਰ ਗਾਮੇ ਦੀ ਜਿੱਤ ਜ਼ਰੂਰ ਦਿਸੀ। ਮਹਾਰਾਜੇ ਨੇ ਇਨਾਮਾਂ ਦੀ ਧੱਕੀ ਕੱਢ ਦਿੱਤੀ। ਫਰਵਰੀ 1929 ਵਿੱਚ ਗਾਮੇ ਨੇ ਇਕ ਹੋਰ ਨਾਮੀ ਭਲਵਾਨ ਜੇਸੀ ਪੀਟਰਸਨ ਨੂੰ ਡੇਢ ਮਿੰਟ ਵਿਚ ਹਰਾਇਆ। 1940 ਦੇ ਦਹਾਕੇ ਦੌਰਾਨ ਨਿਜ਼ਾਮ ਹੈਦਰਾਬਾਦ ਨੇ ਗਾਮੇ ਨੂੰ ਸੱਦਾ ਦਿੱਤਾ। ਉੱਥੇ ਸ਼ੇਰ-ਏ-ਹੈਦਰਾਬਾਦ ਬਲਰਾਮ ਹੀਰਾਮਨ ਯਾਦਵ ਨਾਲ ਘੋਲ ਚੱਲਿਆ ਜੋ ਲੰਬੀ ਕੁਸ਼ਤੀ ਪਿੱਛੋਂ ਬਿਨਾਂ ਜਿੱਤ ਹਾਰ ਸਮਾਪਤ ਹੋਇਆ। ਉਦੋਂ ਗਾਮਾ ਬੁਢਾਪੇ ਵੱਲ ਵਧ ਰਿਹਾ ਸੀ ਜਦੋਂਕਿ ਹੀਰਾਮਨ ਪੂਰਾ ਜਵਾਨ ਸੀ। ਉਸ ਤੋਂ ਬਾਅਦ ਨਾ ਗਾਮੇ ਨੇ ਕਿਸੇ ਨੂੰ ਵੰਗਾਰਿਆ ਤੇ ਨਾ ਕਿਸੇ ਪਹਿਲਵਾਨ ਨੇ ਉਸ ਨੂੰ ਚੁਣੌਤੀ ਦਿੱਤੀ। ਆਖ਼ਰ ਉਹ ਅਜਿੱਤ ਪਹਿਲਵਾਨ ਵਜੋਂ ਕੁਸ਼ਤੀਆਂ ਤੋਂ ਰਿਟਾਇਰ ਹੋਇਆ।

ਪਟਿਆਲੇ ਤੋਂ ਲਾਹੌਰ ਜਾਣ ਪਿੱਛੋਂ ਉਸ ਨੇ ਕੁਝ ਸਮਾਂ ਕਰਾਚੀ 'ਚ ਟਰਾਂਸਪੋਰਟ ਦਾ ਕਾਰੋਬਾਰ ਕੀਤਾ, ਪਰ ਕਰਾਚੀ ਦੀ ਆਬੋ ਹਵਾ ਉਸ ਨੂੰ ਰਾਸ ਨਾ ਆਈ। ਉਹ ਦਮੇ ਦਾ ਮਰੀਜ਼ ਬਣ ਗਿਆ। ਲਾਹੌਰ ਦੇ ਮੋਹਨੀ ਰੋਡ ਵਾਲੇ ਘਰ 'ਚ ਉਸ ਨੂੰ ਚਾਰ ਵਾਰ ਦਿਲ ਦੇ ਦੌਰੇ ਪਏ। ਇਲਾਜ ਕਰਾਉਂਦਿਆਂ ਉਹਦੀਆਂ ਗੁਰਜਾਂ ਵੀ ਵਿਕ ਗਈਆਂ ਤੇ ਤਗਮੇ ਵੀ ਜਾਂਦੇ ਰਹੇ। ਉਹ ਹੱਡੀਆਂ ਦੀ ਮੁੱਠ ਰਹਿ ਗਿਆ ਜਿਸ ਤੋਂ ਮੱਖੀਆਂ ਵੀ ਨਹੀਂ ਸਨ ਉਡਦੀਆਂ। ਆਖ਼ਰ 23 ਮਈ 1960 ਨੂੰ ਉਹ ਮੰਦੇ ਹਾਲੀਂ ਮਰਿਆ। ਉਹਦੀ ਮੌਤ ਦਾ ਬਿਰਤਾਂਤ ਮੈਂ ਐੱਮ.ਆਰ. ਕਾਲਜ ਫਾਜ਼ਿਲਕਾ ਦੀ ਲਾਇਬ੍ਰੇਰੀ ਦੇ ਰੀਡਿੰਗ ਰੂਮ 'ਚ ਆਏ ਇਲੱਸਟ੍ਰੇਟਿਡ ਵੀਕਲੀ ਆਫ ਇੰਡੀਆ ਦੇ ਮੈਗਜ਼ੀਨ 'ਚੋਂ ਪੜ੍ਹਿਆ। ਪੜ੍ਹਦਿਆਂ ਮੇਰੀਆਂ ਅੱਖਾਂ 'ਚ ਹੰਝੂ ਆ ਗਏ ਜਦੋਂਕਿ ਮੇਰਾ ਗਾਮੇ ਨਾਲ ਕੋਈ ਰਿਸ਼ਤਾ ਨਹੀਂ ਸੀ। ਰੁਸਤਮੇ ਜ਼ਮਾਂ ਗਾਮੇ ਦੀ ਖ਼ੁਆਹਿਸ਼ ਸੀ ਕਿ ਉਸ ਨੂੰ ਪੀਰ ਮੱਕੀ ਦੀ ਦਰਗਾਹ 'ਚ ਦਫ਼ਨਾਇਆ ਜਾਵੇ ਪਰ ਦਰਗਾਹ ਦੇ ਮਤਵੱਲੀ ਨੇ ਕਬਰ ਨਾ ਪੁੱਟਣ ਦਿੱਤੀ। ਮਾਯੂਸੀ ਵਿੱਚ ਉਹਦੀ ਪਿੰਜਰ ਹੋਈ ਦੇਹ ਨੂੰ ਹਮੀਦੇ ਪਹਿਲਵਾਨ ਦੀ ਕਬਰ ਲਾਗੇ ਦਫ਼ਨਾ ਕੇ ਅਖਾੜੇ ਦੀ ਮਿੱਟੀ ਨਾਲ ਪੂਰ ਦਿੱਤਾ ਗਿਆ। ਪਤਾ ਨਹੀਂ ਉਹਦੀ ਕਬਰ 'ਤੇ ਕੋਈ ਦੀਵਾ ਜਗਾਉਂਦਾ ਹੈ ਜਾਂ ਨਹੀਂ?

***

## ਖੇਤੀ ਨਾਲ ਜੁੜੇ ਮੁੱਦਿਆਂ ਵੱਲ ਧਿਆਨ

ਇਸ ਸੰਕਟ 'ਤੇ ਕਾਬੂ ਪਾਉਣ ਦੇ ਬਗੈਰ ਸਰਕਾਰ ਦੇ ਰੰਗਲਾ ਪੰਜਾਬ ਬਣਾਉਣ ਦੇ ਦਾਅਵੇ ਖੋਖਲੇ ਹੀ ਪ੍ਰਤੀਤ ਹੋਣਗੇ। ਭਾਵੇਂ ਕਿ ਇਸ 'ਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਦੇ ਖੇਤੀ ਸਮੇਤ ਜ਼ਿਆਦਾਤਰ ਸੰਕਟ ਮੌਜੂਦਾ ਸਰਕਾਰ ਨੂੰ ਵਿਰਾਸਤ 'ਚ ਮਿਲੇ ਹਨ, ਇੰਨੇ ਘੱਟ ਸਮੇਂ 'ਚ ਜ਼ਿਆਦਾ ਕੁਝ ਹੋਣਾ ਸੰਭਵ ਵੀ ਨਹੀਂ ਹੈ ਪਰ ਸਿਰਫ 'ਪ੍ਰਚਾਰ ਨੀਤੀ' ਨਾਲ ਵੀ ਮਸਲੇ ਹੱਲ ਨਹੀਂ ਹੋਣੇ। ਇਸ ਲਈ ਗੰਭੀਰ ਪਹੁੰਚ ਦੀ ਲੋੜ ਹੈ ਅਤੇ ਕੋਈ ਸਪੱਸ਼ਟ ਖ਼ਾਕਾ ਬਣਾਉਣਾ ਪਵੇਗਾ। ਇਸ ਲਈ ਸਰਕਾਰ ਨੂੰ ਖੇਤੀ ਵਿਗਿਆਨੀਆਂ, ਬੁੱਧੀਜੀਵੀਆਂ, ਲੇਖਕਾਂ, ਅਰਥ ਸ਼ਾਸਤਰੀਆਂ ਅਤੇ ਕਿਸਾਨਾਂ ਨਾਲ ਮਿਲ ਕੇ ਕੋਈ ਸਪੱਸ਼ਟ ਨੀਤੀ ਬਣਾ ਕੇ ਉਸ 'ਤੇ ਅਮਲ ਕਰਨਾ ਚਾਹੀਦਾ ਹੈ। ਦੂਸਰੀਆਂ ਸਰਕਾਰਾਂ ਨਾਲ ਤੁਲਨਾ ਕਰਨ ਨਾਲ ਜਾਂ ਆਪਣੇ ਤੋਂ ਪਹਿਲਾਂ ਦੀਆਂ ਸਰਕਾਰਾਂ ਨੂੰ ਦੋਸ਼ ਦੇ ਕੇ ਮਸਲੇ ਹੱਲ ਨਹੀਂ ਹੋਣੇ ਇਸ ਲਈ ਨੀਅਤ ਅਤੇ ਨੀਤੀ ਬਦਲਣੀ ਪਵੇਗੀ। ਪੰਜਾਬ 'ਚ ਜਲਵਾਯੂ ਤਬਦੀਲੀ ਅਤੇ ਜਲ ਸੰਕਟ ਦੇ ਦੌਰ 'ਚ ਜੰਗਲਾਤ ਖੇਤੀ ਅਤੇ ਬਾਗ਼ਬਾਨੀ ਨੂੰ ਵਿਕਸਿਤ ਕਰਕੇ ਪੰਜਾਬ ਦੀ ਖੇਤੀ ਦੀਆਂ ਕਈ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਨੇ ਪੰਜਾਬ ਦੀ ਨਵੀਂ ਖੇਤੀ ਨੀਤੀ ਬਣਾਉਣ ਦਾ ਐਲਾਨ ਕੀਤਾ ਸੀ ਅਤੇ ਇਸ ਸੰਬੰਧੀ ਮਾਹਿਰਾਂ ਦੀ ਕਮੇਟੀ ਵੀ ਗਠਿਤ ਕੀਤੀ ਸੀ ਜੋ ਕਿ ਸ਼ਲਾਘਾਯੋਗ ਕਾਰਜ ਹੈ। ਜੇਕਰ ਸਰਕਾਰ ਪੰਜਾਬ ਦੀ ਖੇਤੀ ਨਾਲ ਜੁੜੇ ਮੁੱਦਿਆਂ ਪ੍ਰਤੀ ਗੰਭੀਰ ਹੋ ਕੇ ਕੰਮ ਕਰਦੀ ਹੈ ਤਾਂ ਇਹ ਪੰਜਾਬ ਅਤੇ ਪੰਜਾਬ ਦੇ ਲੋਕਾਂ ਲਈ ਅਤਿ ਲਾਹੇਵੰਦ ਹੋਵੇਗਾ, ਪੰਜਾਬ ਦੇ ਕਈ ਸੰਕਟ ਖ਼ਤਮ ਹੋ ਜਾਣਗੇ ਤੇ ਪੰਜਾਬ ਤਰੱਕੀ ਦੀ ਰਾਹ ਪਵੇਗਾ।

***

## ਹੁਣ ਸਿਰਫ਼ ਪੁਰਾਣੀਆਂ ਪੰਜਾਬੀ ਫਿਲਮਾਂ ਜਾਂ

ਪੰਜਾਬੀ ਦੇ ਕਈ ਸ਼ਬਦ ਜਿਵੇਂ ਫੰਡੇ, ਝੰਡ ਕਰਨੀ, ਇਕੋਤਰ ਸੌ, ਬੂਥਾ, ਗੁੱਗੇ ਦੀ ਥੜ੍ਹੀ, ਧੌਲ, ਹੂਰਾ, ਛਾਹ ਵੇਲਾ, ਲੌਢਾ ਵੇਲਾ, ਮੜਾਸਾ, ਮੜ੍ਹੰਗਾ, ਮਛੋਹਰ, ਲਾਪਰਨਾ, ਤੜਾਗੀ ਆਦਿ ਤਾਂ ਨਵੀਂ ਪੀੜ੍ਹੀ ਨੂੰ ਏਲੀਅਨ ਲੱਗਦੇ ਹਨ। ਪਾਣੀ ਗੰਦਾ ਹੋਣ ਕਾਰਨ ਟੋਬਿਆਂ ਵਿੱਚ ਨਹਾਉਣ ਦੀ ਕੋਈ ਹਿੰਮਤ ਨਹੀਂ ਕਰਦਾ ਤੇ ਨਾ ਹੀ ਵਿਆਹਾਂ ਵੇਲੇ ਪਿੰਡਾਂ ਵਿੱਚ ਮੰਜੇ-ਬਿਸਤਰੇ ਇਕੱਠੇ ਕੀਤੇ ਜਾਂਦੇ ਹਨ। ਪੱਕੀਆਂ ਫਰਸ਼ਾਂ ਕਾਰਨ ਘਰਾਂ ਵਿੱਚ ਗੋਹੇ ਮਿੱਟੀ ਦਾ ਪੋਚਾ ਫੇਰਨਾ ਬੰਦ ਹੋ ਗਿਆ ਹੈ ਤੇ ਨਾ ਹੀ ਸੁਆਣੀਆਂ ਕੰਧਾਂ 'ਤੇ ਕਾਂ-ਚਿੜੀਆਂ ਬਣਾਉਂਦੀਆਂ ਹਨ।

ਪੰਜਾਬ ਵਿੱਚ ਪਰਿਵਾਰਕ ਕਦਰਾਂ-ਕੀਮਤਾਂ ਅਤੇ ਸਾਂਝ ਖ਼ਤਮ ਹੋਣ ਦਾ ਮੁੱਢ 1970ਵਿਆਂ ਵਿੱਚ ਟੈਲੀਵਿਜ਼ਨ ਦੇ ਪ੍ਰਵੇਸ਼ ਨਾਲ ਬੱਝਣਾ ਸ਼ੁਰੂ ਹੋਇਆ ਸੀ। ਸਾਰਾ ਟੱਬਰ ਘੜੀ ਵੱਲ ਵੇਖਦਾ ਰਹਿੰਦਾ ਸੀ ਕਿ ਕਿਸ ਵੇਲੇ 6 ਵੱਜਣ 'ਤੇ ਜਲੰਧਰ ਟੇਸ਼ਨ ਸ਼ੁਰੂ ਹੋਵੇ। ਹੁਣ ਇਹ ਜ਼ਮਾਨਾ ਆ ਗਿਆ ਹੈ ਕਿ ਜਿੰਨੇ ਕਮਰੇ ਓਨੇ ਟੀਵੀ ਤੇ ਉਹ ਵੀ 24 ਘੰਟੇ ਚੱਲਦੇ ਹਨ। ਪਹਿਲਾਂ ਪਿੰਡਾਂ ਵਿੱਚ ਰੋਟੀ ਖਾ ਕੇ ਲੋਕ ਅੱਠ ਵਜੇ ਤਕ ਸੌਂ ਜਾਂਦੇ ਸਨ। ਪਰ ਹੁਣ ਅੱਧੀ ਰਾਤ ਤਕ ਟੀਵੀ ਨੂੰ ਚਿੰਬੜੇ ਰਹਿੰਦੇ ਹਨ। ਇੱਕੋ ਘਰ ਵਿੱਚ ਰਹਿਣ ਵਾਲੇ ਵੀ ਕਈ ਕਈ ਦਿਨ ਆਪਸ ਵਿੱਚ ਗੱਲ ਨਹੀਂ ਕਰਦੇ। ਫਿਰ ਰਹੀ-ਸਹੀ ਕਸਰ ਹੁਣ ਇੰਟਰਨੈੱਟ ਤੇ ਮੋਬਾਈਲ ਨੇ ਪੂਰੀ ਕਰ ਦਿੱਤੀ ਹੈ। ਤਰੱਕੀ ਹਰ ਸਮਾਜ ਦਾ ਅਨਿੱਖੜਵਾਂ ਅੰਗ ਹੈ। ਸਾਨੂੰ ਦੁਨੀਆ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੀ ਪੈਣਾ ਹੈ ਪਰ ਨਾਲ ਦੀ ਨਾਲ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਕੈਨੇਡਾ, ਅਮਰੀਕਾ ਵਿੱਚ 100-100 ਸਾਲ ਤੋਂ ਵਸ ਰਹੇ ਪੰਜਾਬੀ ਪਰਵਾਸੀ ਵੀ ਬੱਚਿਆਂ ਦੇ ਰਿਸ਼ਤੇ ਕਰਨ ਵੇਲੇ ਕੁੜੀ-ਮੁੰਡੇ ਵਾਲਿਆਂ ਦਾ ਪਿਛਲਾ ਪਿੰਡ ਜ਼ਰੂਰ ਪਤਾ ਕਰਦੇ ਹਨ। ਕੋਈ ਦਰਖ਼ਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ-ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ-ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।

***

## ਬਾਬਾ ਬੰਦਾ ਸਿੰਘ ਬਹਾਦਰ ਤੇ

ਕਾਫਰ ਦੀਆਂ ਅੱਖਾਂ ਕੱਢ ਦਿੱਤੀਆਂ ਜਾਣ। ਫਿਰ ਹੱਥ ਪੈਰ ਵੀ ਕੱਟ ਦਿੱਤੇ ਗਏ। ਹੁਣ ਪਿੱਛੇ ਬਚਿਆ ਵੀ ਕੀ ਸੀ? ਇਤਨਾ ਵੱਢਣ-ਟੁੱਕਣ ਨਾਲ ਤਾਂ ਵਿਅਕਤੀ ਦੇ ਵੈਸੇ ਹੀ ਖ਼ੂਨ ਵਗ ਕੇ ਪਰਾਣ ਨਿਕਲ ਜਾਂਦੇ ਹਨ। ਇਸ ਤਰ੍ਹਾਂ ਇੱਕ ਸੂਰਮਾ (ਬੰਦਾ ਸਿੰਘ ਬਹਾਦਰ) ਆਪਣੀ ਜਾਨ ਵਾਰ ਗਿਆ ਸੀ। ਦੂਸਰਾ ਸੂਰਮਾ (ਅਮੀਨ ਖ਼ਾਨ) ਉਸ ਵੱਲ ਦੇਖਦਾ ਹੀ ਰਿਹਾ ਸੀ। ਕਾਜ਼ੀ ਹੈਰਾਨ-ਪ੍ਰੇਸ਼ਾਨ ਸੀ। ਬਾਦਸ਼ਾਹ ਵੀ ਚੁੱਪ ਚਾਪ ਚਲਾ ਗਿਆ ਸੀ। ਅਮੀਨ ਖਾਨ ਚੀਨ ਬਹਾਦਰ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਕੱਟੇ ਹੋਏ ਅੰਗਾਂ ਨੂੰ ਇਕੱਠਿਆਂ ਕਰਕੇ ਇੱਕ ਸੰਦੂਕ ਵਿੱਚ ਬੰਦ ਕਰਵਾ ਦਿੱਤਾ। ਪਤਾ ਨਹੀਂ ਇਹ ਉਸ ਦੀ ਚੁੱਪ-ਚਾਪ ਦਿੱਤੀ ਗਈ ਸ਼ਰਧਾਂਜਲੀ ਸੀ ਜਾਂ ਪਛਤਾਵਾ। ਮੁਹੰਮਦ ਅਮੀਨ ਖ਼ਾਨ ਚੀਨ ਬਹਾਦਰ ਉਥੇ ਹੀ ਬੈਠਾ ਰਿਹਾ ਸੀ।

ਇਸ ਸਾਰੇ ਸਾਕੇ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਕੁਮਾਰੀ ਪਤਨੀ ਬੇਹੋਸ਼ ਹੋ ਗਈ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇਸ ਨੂੰ ਚੁੱਕ ਕੇ ਬਾਦਸ਼ਾਹ ਦੀ ਮਾਂ, ਜਿਸ ਨੂੰ ਦੱਖਣੀ ਬੇਗਮ ਕਿਹਾ ਜਾਂਦਾ ਸੀ, ਦੇ ਮਹਿਲ ਵਿੱਚ ਪਹੁੰਚਾ ਦਿੱਤਾ ਜਾਵੇ। ਪਿੱਛੋਂ ਪਤਾ ਲੱਗਿਆ ਸੀ ਕਿ ਰਾਜਕੁਮਾਰੀ ਪਤਨੀ ਨੇ ਇੱਕ ਦਿਨ ਅੱਖ ਬਚਾ ਕੇ ਰਾਜਮਾਤਾ ਦੇ ਮਹਿਲ ਵਾਲੇ ਖੂਹ ਵਿੱਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ ਸੀ। ਕਿਹਾ ਜਾਂਦਾ ਹੈ ਕਿ ਉਸ ਦਿਨ ਤੋਂ ਦੱਖਣੀ ਬੇਗਮ ਉਸ ਮਹਿਲ ਵਿੱਚ ਨਹੀਂ ਰਹੀ।

ਕਿਤਨੀ ਵਿਸ਼ੇਸ਼ਤਾ ਤੇ ਮਹੱਤਤਾ ਭਰੀ ਇਹ ਸ਼ਹਾਦਤ ਹੈ। ਜਿਤਨੇ ਵੀ ਸਿੰਘ ਬੰਦਾ ਸਿੰਘ ਬਹਾਦਰ ਨਾਲ ਫੜੇ ਗਏ ਸਨ, ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ, ਨਾ ਹੀ ਆਪਣੇ ਧਰਮ ਵੱਲੋਂ ਮੂੰਹ ਮੋੜਿਆ ਅਤੇ ਨਾ ਹੀ ਆਪਣੇ ਆਗੂ ਵੱਲੋਂ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਇਹ ਸਾਰੇ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਹਿਲਾਂ ਸ਼ਹੀਦ ਹੋ ਗਏ ਸਨ। ਬੰਦਾ ਸਿੰਘ ਬਹਾਦਰ ਇਨ੍ਹਾਂ ਦੀ ਸ਼ਹੀਦੀ ਦੇਖਦਾ ਰਿਹਾ ਸੀ ਤੇ ਅਖੀਰ ਨੂੰ ਆਪਣੀ ਸ਼ਹੀਦੀ ਦੇ ਗਿਆ ਸੀ। ਇਹ ਇਤਿਹਾਸ ਦਾ ਇਕ ਬੇਮਿਸਾਲ ਸਾਕਾ ਸੀ।

***

## ਖੇਤੀ ਨਾਲ ਜੁੜੇ ਮੁੱਦਿਆਂ ਵੱਲ ਧਿਆਨ ਦੇਵੇ

ਲੱਕ ਤੋੜ ਦਿੱਤਾ ਹੈ ਪਰ ਸਰਕਾਰ ਵੱਲੋਂ ਅਤੇ ਖੇਤੀਬਾੜੀ ਵਿਭਾਗ ਵੱਲੋਂ ਅਖ਼ਬਾਰੀ ਬਿਆਨਾਂ ਤੋਂ ਬਿਨਾਂ ਅਜੇ ਤੱਕ ਕਿਸਾਨਾਂ ਦੀ ਕੋਈ ਸਾਰ ਨਹੀਂ ਲਈ ਗਈ। ਝੋਨੇ ਦਾ ਝਾੜ 50 ਫ਼ੀਸਦੀ ਤੱਕ ਘੱਟ ਗਿਆ, ਜੋ ਕਿ ਪੰਜਾਬ ਦੀ ਖੇਤੀ ਲਈ ਅਤੇ ਪਹਿਲਾਂ ਤੋਂ ਹੀ ਆਰਥਿਕ ਮੰਦਹਾਲੀ ਦੇ ਸ਼ਿਕਾਰ ਪੰਜਾਬ ਦੇ ਕਿਸਾਨਾਂ ਲਈ ਤਬਾਹਕੁੰਨ ਹੋਵੇਗਾ। ਗੰਨਾ ਕਿਸਾਨ ਜੋ ਆਪਣੀ ਹੀ ਫ਼ਸਲ ਦੇ ਪੈਸੇ ਲੈਣ ਲਈ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਦੀ ਵੀ ਸਾਰ ਲੈਣ ਦੀ ਲੋੜ ਹੈ ਫਗਵਾੜਾ ਗੰਨਾ ਮਿੱਲ ਨਾਲ ਚੱਲ ਰਿਹਾ ਵਿਵਾਦ ਜਲਦੀ ਹੱਲ ਕਰਨ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। ਜੇਕਰ ਮਿੱਲ ਦੀ ਜਾਇਦਾਦ ਵੇਚ ਕੇ ਵੀ ਕਿਸਾਨਾਂ ਦੇ ਪੈਸੇ ਦੇਣੇ ਹਨ ਤਾਂ ਇਹ ਕਾਰਵਾਈ ਛੇਤੀ ਹੋਣੀ ਚਾਹੀਦੀ ਹੈ। ਜੇਕਰ ਸਰਕਾਰੀ ਤੌਰ ਤਰੀਕਿਆਂ ਵਾਂਗ ਕਈ ਸਾਲ ਲੰਘ ਗਏ ਤਾਂ ਕਈ ਕਿਸਾਨਾਂ ਦੇ ਘਰ ਤਬਾਹ ਹੋ ਜਾਣਗੇ। ਇਸੇ ਤਰ੍ਹਾਂ ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਨੀਵਾਂ ਹੋਣਾ ਪੰਜਾਬ ਦੀ ਖੇਤੀ ਲਈ ਸਭ ਤੋਂ ਗੰਭੀਰ ਸੰਕਟ ਬਣ ਗਿਆ ਹੈ। ਫ਼ਸਲੀ ਚੱਕਰ ਨੂੰ ਬਦਲ ਕੇ, ਨਹਿਰੀ ਪਾਣੀ ਦੇ ਸਿਸਟਮ ਨੂੰ ਸੁਧਾਰ ਕੇ ਅਤੇ ਫ਼ਸਲਾਂ ਦੀ ਬਿਜਾਈ ਦੀਆਂ ਨਵੀਆਂ ਤਕਨੀਕਾਂ ਨਾਲ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕ ਕੇ ਹੀ ਪੰਜਾਬ ਦੀ ਖੇਤੀ ਨੂੰ ਬਚਾਇਆ ਜਾ ਸਕਦਾ ਹੈ। ਪਰ ਐੱਸ.ਵਾਈ.ਐੱਲ 'ਤੇ ਮੌਜੂਦਾ ਸਰਕਾਰ ਦਾ ਸਟੈਂਡ ਹੈਰਾਨੀਜਨਕ ਅਤੇ ਦੁਖਦਾਇਕ ਹੈ। ਸਰਕਾਰ ਨੂੰ ਆਪਣੀ ਨੀਤੀ ਇਸ ਮੁੱਦੇ 'ਤੇ ਵੀ ਸਪੱਸ਼ਟ ਕਰਨੀ ਚਾਹੀਦੀ ਹੈ। ਪੰਜਾਬ ਦੇ ਕਿਸਾਨ ਇਸ ਸਮੇਂ ਕਰਜ਼ੇ ਦੇ ਵੱਡੇ ਬੋਝ ਹੇਠ ਦੱਬੇ ਹੋਏ ਹਨ। ਪਿਛਲੀ ਸਰਕਾਰ ਨੇ ਕਰਜ਼ਾ ਮੁਆਫ਼ੀ ਸਕੀਮ ਸ਼ੁਰੂ ਕੀਤੀ ਸੀ। ਭਾਵੇਂ ਕਿ ਇਸ ਯੋਜਨਾ 'ਤੇ ਪੂਰੀ ਤਰ੍ਹਾਂ ਅਮਲ ਨਹੀਂ ਹੋ ਸਕਿਆ ਪਰ ਇਸ ਯੋਜਨਾ ਬਾਰੇ ਨਵੀਂ ਸਰਕਾਰ ਵੀ ਸੋਚ ਸਕਦੀ ਹੈ। ਜੇਕਰ ਕਿਸਾਨਾਂ ਨੂੰ ਇਸ ਕਰਜ਼ੇ ਦੇ ਜਾਲ 'ਚੋਂ ਨਾ ਕੱਢਿਆ ਗਿਆ ਤਾਂ ਪੰਜਾਬ 'ਚ ਕਿਸਾਨ ਖ਼ੁਦਕੁਸ਼ੀਆਂ 'ਚ ਹੋਰ ਵੀ ਵਾਧਾ ਹੋਵੇਗਾ। ਅਪ੍ਰੈਲ 2022 ਤੋਂ ਸਤੰਬਰ 2022 ਦਾ ਕਿਸਾਨਾਂ ਦੇ ਖ਼ੁਦਕੁਸ਼ੀਆਂ ਕਰਨ ਦਾ ਅੰਕੜਾ ਦਿਲ ਦਹਿਲਾਉਣ ਵਾਲਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com